Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 135 Monday, July 15, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
ROYAL CANADIAN REALTY BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਨਵਜੋਤ ਸਿੱਧੂ ਦਾ ਪੰਜਾਬ ਦੇ ਮੰਤਰੀ ਮੰਡਲ ਤੋਂ ਅਸਤੀਫ਼ਾ

### 10 ਜੂਨ ਨੂੰ ਰਾਹੁਲ ਗਾਂਧੀ ਨੂੰ ਭੇਜਿਆ ਅਸਤੀਫਾ ਜਾਰੀ ਕੀਤਾ * ਮੰਤਰੀਆਂ ਵੱਲੋਂ ਟਿਪਣੀਆਂ, ਸੋਸ਼ਲ ਮੀਡੀਆ 'ਤੇ ਟਰੋਲਿੰਗ

ਚੰਡੀਗੜ੍ਹ, 14 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੰਤਰੀ ਵਜੋਂ ਆਪਣਾ ਅਸਤੀਫਾ ਅੱਜ ਜੱਗ-ਜ਼ਾਹਰ ਕਰ ਦਿੱਤਾ ਹੈ। ਇਸ ਦੀ ਜਾਣਕਾਰੀ ਉਨ੍ਹਾਂ ਆਪਣੇ ਟਵਿੱਟਰ ਅਕਾਊਂਟਉੱਤੇਦਿੱਤੀ ਅਤੇ ਇਹ ਵੀ ਦੱਸ ਦਿੱਤਾ ਹੈ ਕਿ ਇਹ ਅਸਤੀਫਾ 10 ਜੂਨ ਨੂੰ ਪੇਸ਼ ਕਰ ਦਿੱਤਾ ਸੀ। ਓਦੋਂ ਇਹ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਦਿੱਤਾ ਗਿਆ ਸੀ, ਅੱਜ ਜਨਤਕ ਤੌਰ ਉੱਤੇ ਜਾਰੀ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਮੰਤਰੀ ਵਜੋਂ ਆਪਣਾ ਮੰਤਰਾਲਾ ਬਦਲੇ ਜਾਣ ਨਾਲ ਨਰਾਜ਼ ਸਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸੰਬੰਧਾਂ ਦੀ ਕੁੜੱਤਣ ਦੇ ਕਾਰਨ ਆਪਣਾ ਵਿਭਾਗ ਬਦਲੇ ਜਾਣ ਦੇ



ਬਾਅਦ ਨਵਜੋਤ ਸਿੰਘ ਸਿੱਧੂ 9 ਜੂਨ ਤੋਂ ਬਾਅਦ ਅੱਜ ਪਹਿਲੀ ਵਾਰ ਸੋਸ਼ਲ ਮੀਡੀਆ ਉੱਤੇ ਸਰਗਰਮ ਹੋਏ ਅਤੇ ਟਵੀਟ ਕਰ ਕੇ ਦੱਸਿਆ ਕਿ ਮੈਂ ਆਪਣਾ ਅਸਤੀਫ਼ਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪਣ ਜਾ ਰਿਹਾ ਹਾਂ। ਉਹ ਕਾਫੀ ਦਿਨਾਂ ਤੋਂ ਰਾਜਨੀਤੀ ਤੋਂ ਆਪਣੀ ਗੈਰ ਸਰਗਰਮੀ ਕਾਰਨ ਗਾਇਬ ਹੋਏ ਲੱਗ ਰਹੇ ਸਨ।

...ਬਾਕੀ ਪੰਨਾ 4 'ਤੇ

# ਕ੍ਰਿਕਟ ਵਰਲਡ ਕੱਪ: ਇੰਗਲੈਂਡ ਨੇ ਨਿਊਜ਼ੀਲੈਂਡ ਨੂੰ ਚੌਕਿਆਂ ਨਾਲ ਹਰਾ ਕੇ ਸੰਸਾਰ ਜੇਤੂ ਦਾ ਖ਼ਿਤਾਬ ਜਿੱਤਿਆ



ਲੰਡਨ, 14 ਜੁਲਾਈ, (ਪੋਸਟ ਬਿਊਰੋ)- ਬ੍ਰਿਟਿਸ਼ ਰਾਜਧਾਨੀ ਲੰਡਨ ਦੇਲਾਰਡਜ਼ ਵਾਲੇ ਪ੍ਰਸਿੱਧ ਇਤਿਹਾਸਕ ਮੈਦਾਨਉੱਤੇਅੱਜ ਇੰਗਲੈਂਡ ਤੇ ਨਿਊਜ਼ੀਲੈਂਡ ਵਿਚਾਲੇ ਵਰਲਡ ਕੱਪ ਦਾ ਫਾਈਨਲ ਮੈਚ ਖੇਡਿਆ ਗਿਆ। ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਪਹਿਲੇ ਬੱਲੇਬਾਜ਼ੀ ਕਰਦੇ ਹੋਏ 8 ਵਿਕਟਾਂਉੱਤੇ 241 ਦੌੜਾਂ ਬਣਾਈਆਂ ਤਾਂ ਜਵਾਬ ਵਿਚ ਇੰਗਲੈਂਡ ਵੀ 50ਵੇਂ ਓਵਰ ਦੀ ਆਖ਼ਰੀ ਗੇਂਦਤੱਕ 241 ਦੌੜਾਂਹੀ ਬਣਾ ਸਕਿਆ ਤੇ ਮੈਚ ਟਾਈ ਹੋ ਗਿਆ। ਫਿਰ ਸੁਪਰ ਓਵਰ ਵਿਚ ਇੰਗਲੈਂਡ ਨੇ ਪਹਿਲੇ ਬੱਲੇਬਾਜ਼ੀ ਕੀਤੀ ਤੇ ਇਕ ਓਵਰ ਵਿਚ 15 ਦੌੜਾਂ ਬਣਾਈਆਂ। ਜਵਾਬ ਵਿਚ ਨਿਊਜ਼ੀਲੈਂਡ ਟੀਮ ਵੀ ਇਕ ਓਵਰ ਵਿਚ 15 ਦੌੜਾਂ ਹੀ ਬਣਾ ਸਕੀ। ਇਸ ਪਿੱਛੋਂ ਤਕਨੀਕੀ ਆਧਾਰਉੱਤੇ ਇੰਗਲੈਂਡ ਨਵਾਂ ਵਰਲਡ ਚੈਂਪੀਅਨ ਬਣ ਗਿਆ। ਉਸ ਨੂੰ ਇਸ ਆਧਾਰਉੱਤੇਸਿਰਫ ਇਸ ਲਈ ਜੇਤੂ ਐਲਾਨ ਕੀਤਾ ਗਿਆ ਕਿ ਉਸ ਨੇ ਅੱਜ ਵਾਲੇ ਫਾਈਨਲ ਪੂਰੇ ਮੈਚ ਵਿਚ 26 ਚੌਕੇ ਲਾਏ ਸਨ ਤੇ ਨਿਊਜ਼ੀਲੈਂਡ ਦੀ ਟੀਮ ਸਿਰਫ 17 ਚੌਕੇ ਹੀ ਲਾ ਸਕੀ ਸੀ।

...ਬਾਕੀ ਪੰਨਾ 5 'ਤੇ

# ਹਵਾਈ ਸਫਰ ਸਬੰਧੀ ਨਵੇਂ ਨਿਯਮਾਂ ਵਿੱਚੋਂ ਕੁੱਝ ਅੱਜ ਤੋਂ ਹੋਣਗੇ ਲਾਗੂ



ਓਟਵਾ, 14 ਜੁਲਾਈ (ਪੋਸਟ ਬਿਊਰੋ) : ਸਰਕਾਰ ਦੇ ਕੁੱਝ ਨਵੇਂ ਏਅਰ ਪੈਸੈਂਜਰ ਪ੍ਰੋਟੈਕਸ਼ਨ ਨਿਯਮ ਇਸ ਹਫਤੇ ਤੋਂ ਪ੍ਰਭਾਵੀ ਹੋਣ ਜਾ ਰਹੇ ਹਨ। ਪਰ ਡਿਲੇਅ ਜਾਂ ਰੱਦ ਹੋਈਆਂ ਫਲਾਈਟਸ ਲਈ ਮੁਆਵਜ਼ੇ ਦੀ ਆਸ ਲਾਈ ਬੈਠੇ ਲੋਕਾਂ ਨੂੰ ਇਸ ਸਾਲ ਦੇ ਅੰਤ ਤੱਕ ਉਡੀਕ ਕਰਨੀ ਹੋਵੇਗੀ।

ਐਮਰਜੰਸੀ ਏਅਰਕ੍ਰਾਫਟ ਮੇਨਟੇਨੈਂਸ ਨਾਲ ਸਬੰਧਤ ਜੇ ਕਿਸੇ ਨੂੰ ਆਪਣੀ ਫਲਾਈਟ ਰੱਦ ਹੋਣ ਦੇ ਮਾਮਲੇ ਦਾ ਨਿਪਟਾਰਾ ਕਰਵਾਉਣਾ ਹੈ, ਉਸ ਨੂੰ ਵੀ ਹਾਲ ਦੀ ਘੜੀ ਇਹ ਵਿਚਾਰ ਛੱਡਣਾ ਹੋਵੇਗਾ। ਇਸ ਤਥਾ ਕਥਿਤ ਪੈਸੈਂਜਰ ਬਿੱਲ ਆਫ ਰਾਈਟਸ ਦਾ ਪਹਿਲਾ ਹਿੱਸਾ ਸੋਮਵਾਰ ਤੋਂ ਲਾਗੂ ਹੋਣ ਜਾ ਰਿਹਾ ਹੈ। ਏਅਰਲਾਈਨ ਦੇ ਕੰਟਰੋਲ ਵਾਲੇ ਕਾਰਨਾਂ ਕਰਕੇ ਜੇ ਯਾਤਰੀਆਂ ਨੂੰ ਨੁਕਸਾਨ ਝੱਲਣਾ ਪਿਆ ਤਾਂ ਏਅਰਲਾਈਨ ਨੂੰ 2,400 ਡਾਲਰ ਦਾ ਮੁਆਵਜ਼ਾ ਸਬੰਧਤ ਯਾਤਰੀਆਂ ਨੂੰ ਦੇਣਾ ਹੋਵੇਗਾ। ਜਿਨ੍ਹਾਂ ਯਾਤਰੀਆਂ ਦਾ ਸਮਾਨ ਗੁਆਚ ਜਾਂਦਾ ਹੈ ਜਾਂ ਨੁਕਸਾਨਿਆ ਜਾਂਦਾ ਹੈ ਉਨ੍ਹਾਂ ਨੂੰ ਏਅਰਲਾਈਨ ਵੱਲੋਂ 2100 ਡਾਲਰ ਦਿੱਤੇ ਜਾਣਗੇ ਤੇ ਉਨ੍ਹਾਂ ਦੀ ਬੈਗੇਜ ਫੀਸ ਵੀ ਰਿਫੰਡ ਕੀਤੇ ਜਾਣਯੋਗ ਹੋਵੇਗੀ।

ਜੇ ਫਲਾਈਟ ਡਿਲੇਅ ਹੁੰਦੀ ਹੈ ਤਾਂ ਅਜਿਹੇ ਵਿੱਚ ਏਅਰਲਾਈਨ ਨੂੰ ਯਾਤਰੀਆਂ ਦੇ ਇਲਾਜ ਦੇ ਵੀ ਕੁੱਝ ਪ੍ਰਬੰਧ ਕਰਨੇ ਹੋਣਗੇ। ਜੇ ਟੇਕ ਆਫ ਵਿੱਚ ਬਹੁਤੀ ਦੇਰ ਹੁੰਦੀ ਹੈ ਤਾਂ ਤਿੰਨ ਘੰਟੇ ਬਾਅਦ ਯਾਤਰੀਆਂ ਨੂੰ ਜਹਾਜ਼ ਵਿੱਚੋਂ ਉਤਰਨ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਏਅਰਲਾਈਨਜ਼ ਨੂੰ ਮਿਊਜ਼ੀਕਲ ਇੰਸਟਰੂਮੈਂਟਸ ਦੀ ਸਾਂਭ ਸੰਭਾਲ ਲਈ ਵੀ ਸਪਸ਼ਟ ਨੀਤੀਆਂ ਬਣਾਉਣੀਆਂ ਹੋਣਗੀਆਂ ਤੇ ਸਾਰੇ ਯਾਤਰੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਨਾਲ ਨਾਲ ਫਲਾਈਟ ਵਿੱਚ ਹੋਣ ਵਾਲੀ ਦੇਰ ਤੇ ਫਲਾਈਟ ਦੇ ਰੱਦ ਹੋਣ ਬਾਰੇ ਵੀ ਨਿਯਮਿਤ ਅਪਡੇਟਜ਼ ਦੇਣੇ ਹੋਣਗੇ।

ਇਸ ਦੌਰਾਨ ਦੀ ਏਅਰ ਟਰਾਂਸਪੋਰਟ ਐਸੋਸਿਏਸ਼ਨ ਆਫ ਕੈਨੇਡਾ, ਜੋ ਕਿ ਲੀਡਿੰਗ ਏਅਰਲਾਈਨਜ਼ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਇਨ੍ਹਾਂ ਨਵੇਂ ਨਿਯਮਾਂ ਕਾਰਨ ਹਵਾਈ ਕਿਰਾਇਆਂ ਵਿੱਚ ਵੀ ਵਾਧਾ ਹੋਵੇਗਾ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
Qualifications: Minimum 2 years experience, Minimum 21 years of age with a clean abstract & CVOR.
New rates!!!!
Call Matt, or Wayne at 1-800-265-8526

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd | Mcvean Dr | Gore Rd | Squire Ellis Dr | Countryside Dr | DENTISTRY

# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com
Laddi

# SASH FLEET HOLDING LTD
Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

# TOTAL HOME
Windows & Doors

ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਉ!

SPECIAL SUMMER SALE

Guaranteed lowest Price up to 50% OFF

- WINDOWS
- STEEL DOORS
- FIBERGLASS DOORS
- SLIDING PATIO DOORS

- ਸਹੀ ਅਤੇ ਵਾਜਿਬ ਕੀਮਤ
- ਵਧੀਆ ਕੁਆਲਟੀ
- ਪ੍ਰੋਫੈਸ਼ਨਲ ਕੰਮ
- ਨੰਬਰ 1 ਸਰਵਿਸ

ਵਧੇਰੀ ਜਾਣਕਾਰੀ ਲਈ ਸਾਡੀ ਵੈਬਸਾਈਟ ਦੇਖੋ
https://thwindowsdoors.com

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕਾਂਗਰਸ ਛੱਡ ਵਿਧਾਇਕ ਜੋ ਆਏ ਬੇਲੀ,
ਵਜ਼ੀਰ ਆਉਂਦੇ ਉਹ ਗਏ ਬਣਾਏ ਬੇਲੀ।
ਜਿਨ੍ਹਾਂ ਭਾਜਪਾ ਦੀ ਕੀਤੀ ਮਦਦ ਪਹਿਲਾਂ,
ਕੈਬਨਿਟ ਵਿੱਚੋਂ ਉਹ ਗਏ ਹਟਾਏ ਬੇਲੀ।
ਨਵੇਂ ਜੇ ਚਾਂਭਲ ਕੇ ਜੋਸ਼ ਦੇ ਨਾਲ ਨੱਚਣ,
ਫਿਰਦੇ ਪਹਿਲੇ ਨੇ ਨੀਵੀਂਆਂ ਪਾਏ ਬੇਲੀ।
ਪਿਛਲੇ ਯਾਰਾਂ ਨੂੰ ਚਿਤਵਣੀ ਹੋਈ ਡਾਢੀ,
ਕੁਰਸੀ ਯਾਰਾਂ ਦੀ ਕਿਹੜਾ ਬਚਾਏ ਬੇਲੀ।
ਚੋਗਾ ਕਿਸੇ ਨੂੰ ਪਾਉਣਾ ਜੇ ਕੁਰਸੀਆਂ ਦਾ,
ਪੈ ਜਾਏ ਕਿਸੇ ਦੀ ਕੁਰਸੀ ਛੁਡਾਵਣੀ ਜੀ।
ਮਿਲੀ ਜਿਨ੍ਹਾਂ ਨੂੰ ਲਾਲਚ ਦੀ ਅੱਜ ਕੁਰਸੀ,
ਖੋਹੀ ਉਨ੍ਹਾਂ ਤੋਂ ਪਰਸੋਂ ਇਹ ਜਾਵਣੀ ਜੀ।

**ਤੀਸ ਮਾਰ ਖਾਂ**

# ਇੰਡੋ ਕੈਨੇਡੀਅਨ ਹਾਰਮੋਨੀ ਫੋਰਮ ਨੇ ਪ੍ਰਭਮੀਤ ਸਰਕਾਰੀਆ ਤੋਂ ਸੱਦਾ ਪੱਤਰ ਵਾਪਸ ਲਿਆ



ਬਰੈਂਪਟਨ ਪੋਸਟ ਬਿਊਰੋ: ਬਰੈਂਪਟਨ ਸਾਊਥ ਤੋਂ ਐਮ ਪੀ ਪੀ ਪ੍ਰਭਮੀਤ ਸਰਕਾਰੀਆ ਤੋਂ ਇੰਡੋ ਕੈਨੇਡੀਅਨ ਹਾਰਮੋਨੀ ਫੋਰਮ ਨੇ ਆਪਣੇ 12 ਜੁਲਾਈ ਸ਼ੁੱਕਰਵਾਰ ਨੂੰ ਕਰਵਾਏ ਗਏ ਗਾਲਾ ਡਿੱਨਰ ਦਾ ਸੱਦਾ ਪੱਤਰ ਵਾਪਸ ਲੈ ਲਿਆ ਸੀ। ਸੋਸ਼ਲ ਮੀਡੀਆ ਉੱਤੇ ਇਸ ਫੋਰਮ ਦੇ ਲੈਟਰਹੈੱਡ ਉੱਤੇ ਜਾਰੀ ਕੀਤਾ ਗਿਆ ਇੱਕ ਪੱਤਰ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪੱਤਰ ਮੁਤਾਬਕ ਪ੍ਰਭਮੀਤ ਸਰਕਾਰੀਆ ਤੋਂ ਸੱਦਾ ਪੱਤਰ ਇਸ ਲਈ ਵਾਪਸ ਲਿਆ ਗਿਆ ਹੈ ਕਿਉਂਕਿ ਸਰਕਾਰੀਆ ਦੇ 1984 ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਪ੍ਰਤੀ ਵਿਚਾਰ ਫੋਰਮ ਦੀ ਪੁਜ਼ੀਸ਼ਨ ਤੋਂ ਵੱਖਰੇ ਹਨ। ਵਰਨਣਯੋਗ ਹੈ ਕਿ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਇਸ ਗਾਲਾ ਡਿੱਨਰ ਵਿੱਚ ਸ਼ਿਰਕਤ ਕੀਤੀ ਸੀ ਹਾਲਾਂਕਿ ਉਹ ਵੀ 1984 ਦੰਗਿਆਂ ਨੂੰ ਜੈਨੋਸਾਈਡ ਆਖ ਚੁੱਕਿਆ ਹੈ। ਮਿਸੀਸਾਗਾ ਮਾਲਟਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਐਮ ਪੀ ਪੀ ਦੀਪਕ ਆਨੰਦ ਨੇ ਵੀ ਇਸ ਡਿੱਨਰ ਵਿੱਚ ਭਾਗ ਲਿਆ।

## ਲਲਤੋਂ, ਝਾਂਡੇ, ਥਰੀਕੇ ਅਤੇ ਠੱਕਰਵਾਲ ਦੇ ਨਗਰਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 19 ਤੋਂ

ਲਲਤੋਂ, ਝਾਂਡੇ, ਥਰੀਕੇ ਅਤੇ ਠੱਕਰਵਾਲ ਦੇ ਨਗਰਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਵਾਰ ਫਿਰ ਆਪਣੇ ਨਗਰ ਨਿਵਾਸੀ ਰਲ ਮਿਲਕੇ 19, 20 ਅਤੇ 21 ਜੁਲਾਈ 2019 ਨੂੰ Guruduara Sikh Sangat 32 Regan Rd, Brampton, ON L7A 1A7 ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ । ਆਪ ਸਮੂਹ ਨਗਰ ਨਿਵਾਸੀ ਇਸ ਸਮੇਂ ਦੌਰਾਨ ਗੁਰਦੁਆਰਾ ਸਾਹਿਬ ਆ ਕਰਕੇ ਇਸ ਸਮੇਂ ਦਾ ਲਾਭ ਉਠਾਆਉਣ ਦੀ ਕ੍ਰਿਪਾਲਤਾ ਕਰੋ ਜੀ। ਵਧੇਰੇ ਜਾਣਕਾਰੀ ਲਈ ਜਸਵੰਤ ਸਿੰਘ ਪੀ.ਆਰ.ਟੀ.ਸੀ.ਨਾਲ 416-617-3275 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਰਬਤ ਦੇ ਭਲੇ ਵਾਸਤੇ ਸੂਬੇਦਾਰ ਅਵਤਾਰ ਸਿੰਘ 647 400 0060

## ਓਨਟਾਰੀਓ ਦੇ ਐਲਗੌਂਕੁਇਨ ਪਾਰਕ ਵਿੱਚ ਦੋ ਲੜਕੀਆਂ ਲਾਪਤਾ



ਓਨਟਾਰੀਓ, 14 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਪਾਰਕ ਵਿੱਚ ਕੈਂਪਿੰਗ ਕਰਨ ਗਈਆਂ ਦੋ 16 ਸਾਲਾ ਲੜਕੀਆਂ ਦੇ ਤਿੰਨ ਦਿਨ ਪਹਿਲਾਂ ਚੈੱਕਪੁਆਇੰਟ ਉੱਤੇ ਰਿਪੋਰਟ ਨਾ ਕਰਨ ਕਾਰਨ ਉਨ੍ਹਾਂ ਦੇ ਲਾਪਤਾ ਹੋਣ ਦਾ ਡਰ ਪੈਦਾ ਹੋ ਗਿਆ ਹੈ।

ਕਿਚਨਰ, ਓਨਟਾਰੀਓ ਦੀਆਂ ਮਾਰਟਾ ਮਾਲੇਕ ਤੇ ਮਾਇਆ ਮਿਰੋਟਾ ਨੂੰ ਐਲਗੌਂਕੁਇਨ ਪ੍ਰੋਵਿੰਸ਼ੀਅਲ ਪਾਰਕ ਤੋਂ ਲੱਭਣ ਲਈ ਪੁਲਿਸ ਹੈਲੀਕਾਪਟਰ, ਸੂਹੀਆ ਕੁੱਤਿਆਂ ਤੇ ਨੈਚੂਰਲ ਰਿਸੋਰਸਿਜ਼ ਐਂਡ ਫੌਰੈਸਟਰੀ ਮੰਤਰਾਲੇ ਦੇ ਜਹਾਜ਼ ਦੀ ਮਦਦ ਲਈ ਜਾ ਰਹੀ ਹੈ। ਆਖਰੀ ਵਾਰੀ ਇਨ੍ਹਾਂ ਲੜਕੀਆਂ ਨੂੰ ਵੀਰਵਾਰ ਨੂੰ ਕੈਂਪਿੰਗ ਵਾਲੇ ਸਾਜ਼ੋ ਸਾਮਾਨ ਨਾਲ ਵੇਖਿਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਕੋਲ ਟੈਂਟ ਵੀ ਸੀ ਤੇ ਕਈ ਦਿਨਾਂ ਵਾਸਤੇ ਖਾਣਾ ਵੀ ਸੀ। ਆਪਣੇ ਸਾਥੀ ਕੈਂਪਰਜ਼ ਦੇ ਨਾਲ ਜਦੋਂ ਸ਼ੁੱਕਰਵਾਰ ਨੂੰ ਉਹ ਪਹਿਲਾਂ ਤੋਂ ਹੀ ਤੈਅਸ਼ੁਦਾ ਚੈੱਕਪੁਆਇੰਟ ਉੱਤੇ ਨਹੀਂ ਪਹੁੰਚੀਆਂ ਤਾਂ ਉਨ੍ਹਾਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ।

ਪੁਲਿਸ ਨੇ ਦੱਸਿਆ ਕਿ ਲੜਕੀਆਂ ਕੋਲ ਸੈੱਲਫੋਨ ਵੀ ਨਹੀਂ ਹੈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਈਸਟ ਰੀਜਨ ਦੇ ਬਿੱਲ ਡਿਕਸਨ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਸਾਡਾ ਧਿਆਨ ਉਨ੍ਹਾਂ ਨੂੰ ਲੱਭਣ ਵਿੱਚ ਲੱਗਿਆ ਹੋਇਆ ਹੈ। ਅਸੀਂ ਇਨ੍ਹਾਂ ਲੜਕੀਆਂ ਨੂੰ ਜਲਦ ਹੀ ਲੱਭ ਲਵਾਂਗੇ। ਪੁਲਿਸ ਨੇ ਦੱਸਿਆ ਕਿ ਦੋਵਾਂ ਲੜਕੀਆਂ ਨੂੰ ਕੈਂਪਿੰਗ ਦਾ ਕਾਫੀ ਤਜਰਬਾ ਹੈ। ਵਾਲੰਟੀਅਰਜ਼ ਤੇ ਪਾਰਕ ਸਟਾਫ ਦੀ ਟੀਮ ਵੱਲੋਂ ਵੀ ਲੜਕੀਆਂ ਦੀ ਭਾਲ ਵਿੱਚ ਮਦਦ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਮਿਰੋਟਾ ਪੰਜ ਫੁੱਟ ਲੰਮੀ ਹੈ ਤੇ ਉਸ ਦੇ ਲੰਮੇਂ ਸੁਨਹਿਰੇ ਭੂਰੇ ਵਾਲ ਹਨ ਜਦਕਿ ਮਾਲੇਕ ਛੇ ਫੁੱਟ ਲੰਮੀਂ ਹੈ।

## ਅੱਤਵਾਦੀ ਸੰਗਠਨ ਦੀ ਚਿਤਾਵਨੀ: ਅਮਰੀਕਾ ਨੇ ਜੰਗ ਛੇੜੀ ਤਾਂ ਇਸਰਾਈਲ ਉੱਤੇ ਈਰਾਨ ਬੰਬ ਵਰ੍ਹਾ ਦੇਵੇਗਾ

ਬੈਰੂਤ, 14 ਜੁਲਾਈ (ਪੋਸਟ ਬਿਊਰੋ)- ਲਿਬਨਾਨ ਸਥਿਤ ਅੱਤਵਾਦੀ ਸੰਗਠਨ ਹਿਜਬੁਲਾ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਅਮਰੀਕਾ ਨੇ ਈਰਾਨ ਦੇ ਖਿਲਾਫ ਜੰਗ ਸ਼ੁਰੂ ਕੀਤੀ ਤਾਂ ਇਸਰਾਈਲ ਇਸ ਤੋਂ ਪਿੱਛੇ ਨਹੀਂ ਰਹੇਗਾ। ਇਸ ਸੰਗਠਨ ਨੇ ਸਰਗਨਾ ਹਸਨ ਨਸਰੂਉਲ੍ਹਾ ਨੇ ਇੱਕ ਟੀ ਵੀ ਚੈਨਲ ਨਾਲ ਗੱਲਬਾਤ ਵਿੱਚ ਕਿਹਾ ਕਿ ਈਰਾਨ ਜੰਗ ਦੀ ਸਥਿਤੀ ਵਿੱਚ ਪੂਰੀ ਤਾਕਤ ਨਾਲ ਇਸਰਾਈਲ 'ਤੇ ਬੰਬਾਰੀ ਕਰੇਗਾ। ਨਸਰੂਉਲ੍ਹਾ ਦਾ ਇਹ ਬਿਆਨ ਅਮਰੀਕਾ ਤੇ ਈਰਾਨ ਵਿਚਾਲੇ ਵਿਵਾਦ ਵਧਣ ਦੇ ਬਾਅਦ ਆਇਆ ਹੈ। ਪਿੱਛੇ ਜਿਹੇ ਖੁਲਾਸਾ ਹੋਇਆ ਸੀ ਕਿ ਈਰਾਨ ਨੇ ਆਪਣੇ ਐਟਮੀ ਪ੍ਰੋਗਰਾਮੇ ਨੂੰ ਤੈਅ ਸੀਮਾ ਤੋਂ ਅੱਗੇ ਵਧਾ ਲਿਆ ਹੈ। ਇਸ 'ਤੇ ਅਮਰੀਕਾ ਨੇ ਨਾਰਾਜ਼ਗੀ ਜਤਾਈ ਸੀ, ਪਰ ਇਸ ਤੋਂ ਪਹਿਲਾਂ ਈਰਾਨੀ ਫੌਜ ਨੇ ਅਮਰੀਕਾ ਦਾ ਇੱਕ ਡਰੋਨ ਡੇਗ ਦਿੱਤਾ ਸੀ।

# ਪਾਕਿਸਤਾਨ ਨੂੰ ਨਵੀਂ ਮੁਸ਼ਕਲ: 5,976 ਅਰਬ ਡਾਲਰ ਜੁਰਮਾਨਾ ਲੱਗ ਗਿਆ

ਇਸਲਾਮਾਬਾਦ, 14 ਜੁਲਾਈ, (ਪੋਸਟ ਬਿਊਰੋ)- ਪਹਿਲਾਂ ਹੀ ਖਜ਼ਾਨੇ ਦੀ ਬੁਰੀ ਹਾਲਤ ਨਾਲ ਜੂਝਦੇ ਪਏ ਪਾਕਿਸਤਾਨ ਨੂੰ ਕੌਮਾਂਤਰੀ ਅਦਾਲਤ ਨੇ ਮਾਈਨਿੰਗ ਦੇ ਇਕ ਕੇਸ ਵਿੱਚ 5,976 ਅਰਬ ਡਾਲਰ ਜੁਰਮਾਨਾ ਲਾ ਦਿੱਤਾ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ ਸਰਕਾਰ ਨੇ ਸਾਲ 2011ਵਿੱਚ ਰੈਕੋ ਡਿਕ ਪ੍ਰਾਜੈਕਟਦੇ ਵਾਸਤੇਚਿੱਲੀ ਦੀ ਇਕ ਕੰਪਨੀ ਨੂੰ ਮਾਈਨਿੰਗ ਠੇਕਾ ਦੇਣ ਪਿੱਛੋਂ ਗ਼ੈਰ ਕਾਨੂੰਨੀ ਢੰਗ ਨਾਲ ਇਨਕਾਰ ਕਰ ਦਿੱਤਾ ਸੀ।ਇਸ ਵਿੱਚ ਤੇਥਿਆਨ ਕਾਪਰ ਕੰਪਨੀ (ਟੀ ਸੀ ਸੀ) ਨੇ ਚਿਲੀ ਦੀ ਮਾਈਨਿੰਗ ਕੰਪਨੀ ਏਂਟੋਫਾਗਾਸਤਾ ਅਤੇ ਕੈਨੇਡਾ ਦੇ ਬਾਰਿਕ ਗੋਲਜ ਕਾਰਪੋਰੇਸ਼ਨ ਨਾਲ ਮਿਲ ਕੇ ਕੌਮਾਂਤਰੀ ਅਦਾਲਤ ਵਿੱਚ ਕੇਸ ਕੀਤਾ ਸੀ। ਟੀ ਸੀ ਸੀ ਵੱਲੋਂ ਮਾਈਨਿੰਗ ਦੀ ਅਰਜ਼ੀ ਪਾਕਿ-ਸਤਾਨ ਦੇ ਇੱਕ ਸੂਬੇ ਬਲੂਚਿਸਤਾਨ ਦੀ ਸਰਕਾਰ ਨੇ ਰੱਦ ਕਰ ਦਿੱਤੀ ਸੀ। ਕੌਮਾਂਤਰੀ ਅਦਾਲਤ ਨੇ 700 ਸਫਿਆਂ ਦੇ ਹੁਕਮ ਵਿੱਚ ਪਾਕਿਸਤਾਨਨੂੰ 4.08 ਅਰਬ ਡਾਲਰ ਜੁਰਮਾਨਾ ਅਤੇ 1.87 ਅਰਬ ਡਾਲਰ ਵਿਆਜ ਪਾਇਆ ਹੈ। ਕੰਪਨੀ ਅਤੇ ਪਾਕਿਸਤਾਨ ਸਰਕਾਰ ਵਿਚਾਲੇ ਸੱਤ ਸਾਲ ਲੰਮਾਂ ਚੱਲੇ ਕੇਸ ਤੋਂ ਬਾਅਦ ਇਹ ਫ਼ੈਸਲਾ ਆਇਆ ਹੈ। ਇਸ ਵਿਵਾਦ ਵਿੱਚਕੰਪਨੀ ਨੇ 11.43 ਅਰਬ ਡਾਲਰ ਦੇ ਨੁਕਸਾਨ ਦਾ ਦਾਅਵਾ ਕਰ ਕੇ ਇਹ ਰਕਮ ਪਾਕਿਸਤਾਨ ਸਰਕਾਰ ਤੋਂ ਦਿਵਾਏ ਜਾਣ ਦੀ ਮੰਗ ਕੀਤੀ ਸੀ।

ਰੈਕੋ ਡਿਕ ਦਾ ਬਲੂਚੀ ਭਾਸ਼ਾ ਵਿੱਚ ਮਤਲਬ ਰੇਤਲੀ ਚੋਟੀਹੁੰਦਾ ਹੈ। ਬਲੂਚਿਸਤਾਨ ਵਿੱਚ ਇਸ ਨਾਂਅ ਦਾ ਕਸਬਾ ਓਥੇ ਚਗਾਈ ਜ਼ਿਲ੍ਹੇ ਵਿੱਚ ਹੈ ਅਤੇ ਇਸ ਕਸਬੇ ਦੀ ਰੈਕੋ ਡਿਕ ਮਾਈਨ ਵਿੱਚ ਸੋਨੇ ਤੇ ਤਾਂਬੇ ਦਾ ਵੱਡਾ ਭੰਡਾਰ ਹੈ। ਮੰਨਿਆ ਜਾਂਦਾ ਹੈ ਕਿ ਇਹ ਸੰਸਾਰ ਵਿੱਚ ਸੋਨੇ ਦੀ ਪੰਜਵਂ ਸਭ ਤੋਂ ਵੱਡੀ ਖਾਨ ਹੋ ਸਕਦੀ ਹੈ। ਟੀ ਸੀ ਸੀ ਨੇ ਪਾਕਿ ਸਰਕਾਰ ਨਾਲ ਸਮਝੌਤੇ ਤੋਂ ਬਾਅਦ ਇਸ ਇਲਾਕੇ ਦਾ ਵੱਡੇ ਪੱਧਰਉੱਤੇ ਸਰਵੇ ਕਰਵਾ ਕੇ ਮਾਈਨਿੰਗ ਦੀ ਸੰਭਾਵਨਾ ਨਾਲ ਜੁੜੀ ਰਿਪੋਰਟ ਅਗਸਤ 2010 ਵਿੱਚਪੇਸ਼ ਕੀਤੀ ਤਾਂ ਇਸ ਪਿੱਛੋਂ ਫਰਵਰੀ 2011 ਵਿੱਚ ਬਲੁਚਿਸਤਾਨ ਸਰਕਾਰ ਨੇ ਅਰਜ਼ੀ ਰੱਦ ਕਰ ਕੇ ਇਸ ਇਲਾਕੇ ਵਿੱਚਟੀ ਸੀ ਸੀ ਦੀ ਸਹਾਇਕ ਕੰਪਨੀ ਦਾ ਕੰਮਰੁਕਵਾ ਦਿੱਤਾਸੀ। ਪਾਕਿਸਤਾਨੀ ਸੁਪਰੀਮ ਕੋਰਟ ਵਿੱਚ ਉਸ ਸਮੇਂ ਦੇ ਚੀਫ ਜਸਟਿਸ ਇਫਤਿਖਾਰ ਮੁਹੰਮਦ ਚੌਧਰੀ ਨੇ ਕੰਪਨੀ ਨਾਲ ਸਰਕਾਰ ਵੱਲੋਂ ਕੀਤਾ ਰੈਕੋ ਡਿਕ ਸਮਝੌਤਾ ਰੱਦ ਕਰ ਦਿੱਤਾ ਅਤੇ ਇਸ ਸਮਝੌਤੇ ਨੂੰ ਦੇਸ਼ ਦੇ ਕਾਨੂੰਨ ਦੇ ਖ਼ਿਲਾਫ਼ ਕਿਹਾ ਸੀ।

ਕੌਮਾਂਤਰੀ ਅਦਾਲਤ ਦਾ ਤਾਜ਼ਾ ਫ਼ੈਸਲਾ ਪਾਕਿਸਤਾਨ ਲਈ ਵੱਡੀ ਮੁਸ਼ਕਲ ਵਾਲਾ ਹੈ। ਉਹ ਸੰਸਾਰ ਭਰ ਤੋਂ ਕਰਜ਼ਾ ਲੈ ਕੇ ਆਪਣਾ ਕੰਮ ਚਲਾਉਣ ਦਾ ਯਤਨ ਕਰ ਰਿਹਾ ਹੈ। ਪਿੱਛਲੇ ਦਿਨੀਂ ਆਈ ਐੱਮ ਐੱਫ ਨੇ ਛੇ ਸੌ ਕਰੋੜ ਡਾਲਰ ਦੀ ਸ਼ਰਤਾਂ ਵਾਲੀ ਮਦਦ ਦੇਣੀ ਮੰਨੀ ਅਤੇ ਉਸ ਤੋਂ ਬਾਅਦ ਪਾਕਿ-ਸਤਾਨ ਸਰਕਾਰ ਨੇ ਕਈ ਵੱਡੇ ਆਰਥਿਕ ਫ਼ੈਸਲੇ ਕੀਤੇ ਹਨ, ਪਰ ਕੌਮਾਂਤਰੀ ਅਦਾਲਤ ਦੇ ਤਾਜ਼ਾ ਫ਼ੈਸਲੇ ਨੇ ਇਸ ਲਈ ਹੋਰ ਔਖੀ ਸਥਿਤੀ ਬਣਾ ਦਿੱਤੀ ਹੈ।

ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੌਮਾਂਤਰੀ ਅਦਾਲਤ ਦੇ ਫੈਸਲੇ ਪਿੱਛੋਂ ਇਸ ਪੂਰੇ ਕੇਸ ਦੀ ਜਾਂਚ ਲਈ ਕਮਿਸ਼ਨ ਬਣਾਉਣ ਦਾ ਹੁਕਮ ਦਿੱਤਾ ਹੈ, ਜਿਹੜਾ ਇਹ ਜਾਂਚ ਕਰੇਗਾ ਕਿ ਰੈਕੋ ਡਿਕ ਕੇਸਤੋਂ ਪਾਕਿਸਤਾਨ ਨੂੰ ਏਡਾ ਨੁਕਸਾਨ ਕਿਵੇਂ ਹੋਇਆ ਤੇ ਕੌਣ ਜ਼ਿੰਮੇਵਾਰ ਸਨ। ਕਮਿਸ਼ਨ ਇਹ ਵੀ ਦੱਸੇਗਾ ਕਿ ਇਸ ਸਥਿਤੀ ਤੋਂ ਬਾਹਰ ਕਿਵੇਂ ਨਿਕਲਣਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
LAW
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਕਰਤਾਰਪੁਰ ਲਾਂਘੇ ਰਾਹੀਂ ਪਰਮਿਟ ਦੀ ਸ਼ਰਤ ਹਟਾਉਣ ਸਬੰਧੀ ਮੰਗ ਪ੍ਰਵਾਨ

## ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਕਿਸਤਾਨ ਦੇ ਫੈਸਲੇ ਦੀ ਸ਼ਲਾਘਾ

## ਪਾਸਪੋਰਟ ਦੀ ਸ਼ਰਤ ਹਟਾਉਣ ਅਤੇ ਸ਼ਰਧਾਲੂਆਂ ਦੀ ਰੋਜ਼ਾਨਾ ਗਿਣਤੀ ਵਧਾਉਣ ਦੀ ਮੰਗ

ਚੰਡੀਗੜ੍ਹ, 14 ਜੁਲਾਈ (ਗਿਆਨ ਸਿੰਘ): ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਵੱਲੋਂ ਕੀਤੀ ਮੰਗ ਮੁਤਾਬਕ ਇਤਿਹਾ-ਸਕ ਕਰਤਾਰਪੁਰ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਲਈ ਵੱਖਰੇ ਪਰਮਿਟ ਸਿਸਟਮ ਦੀ ਜ਼ਰੂਰਤ ਨੂੰ ਹਟਾਉਣ ਲਈ ਪਾਕਿਸਤਾਨ ਵੱਲੋਂ ਕੀਤੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਪਾਸਪੋਰਟ ਦੀ ਸ਼ਰਤ ਵੀ ਹਟਾਉਣ ਦੀ ਅਪੀਲ ਕੀਤੀ ਤਾਂ ਕਿ ਸੂਬੇ ਦੇ ਪੇਂਡੂ ਇਲਾਕਿਆਂ ਤੋਂ ਵੀ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਦੀ ਸਹੂਲਤ ਹਾਸਲ ਹੋ ਸਕੇ।

ਇੱਥੋਂ ਜਾਰੀ ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਉਨ੍ਹਾਂ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਕੀਤੀਆਂ ਜਾ ਰਹੀਆਂ ਹੋਰ ਮੰਗਾਂ ਨੂੰ ਵੀ ਪ੍ਰਵਾਨ ਕਰਵਾਉਣ ਲਈ ਭਾਰਤ ਸਰਕਾਰ ਵੱਲੋਂ ਪਾਕਿਸਤਾਨ 'ਤੇ ਜ਼ੋਰ ਪਾਇਆ ਜਾਵੇਗਾ। ਇਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸੰਗਤ ਲਈ 'ਖੁੱਲ੍ਹੇ ਦਰਸ਼ਨ ਦੀਦਾਰੇ' ਕਰਨ ਵਾਸਤੇ ਪਾਕਿਸਤਾਨ ਵੱਲੋਂ ਸ਼ਰਧਾਲੂਆਂ ਦੀ ਰੋਜ਼ਾਨਾ ਦੀ ਗਿਣਤੀ ਵਧਾਉਣ ਦੀ ਮੰਗ ਵੀ ਸ਼ਾਮਲ ਹੈ। ਮੁੱਖ ਮੰਤਰੀ ਨੇ ਕਿਹਾ ਇਹ ਮੰਗ ਇਸ ਕਰਕੇ ਅਹਿਮ ਹੈ ਤਾਂ ਕਿ ਨਵੰਬਰ ਮਹੀਨੇ ਵਿੱਚ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਮਹੱਤਵਪੂਰਨ ਦਿਨਾਂ ਮੌਕੇ ਸ਼ਰਧਾਲੂਆਂ ਦੇ ਬਿਨਾਂ ਕਿਸੇ ਦਿੱਕਤ ਤੋਂ ਆਉਣ-ਜਾਣ ਨੂੰ ਯਕੀਨੀ ਬਣਾਇਆ ਜਾ ਸਕੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬੇਸ਼ੱਕ ਆਪਣੇ ਮੂਲ ਪ੍ਰਸਤਾਵ ਮੁਤਾਬਕ 500 ਸ਼ਰਧਾਲੂਆਂ ਨੂੰ ਜਾਣ ਦੀ ਇਜ਼ਾਜਤ ਦੇਣ ਦੀ ਥਾਂ ਪਾਕਿਸਤਾਨ ਨੇ ਹੁਣ ਇਕ ਦਿਨ ਵਿੱਚ 5000 ਸ਼ਰਧਾਲੂਆਂ ਦੇ ਜਾਣ ਨੂੰ ਸਹਿਮਤੀ ਦੇ ਦਿੱਤੀ ਹੈ ਪਰ ਦੁਨੀਆ ਭਰ ਤੋਂ ਦਰਸ਼ਨਾਂ ਲਈ ਆਉਣ ਵਾਲੇ ਸਿੱਖਾਂ ਅਤੇ ਹੋਰ ਸ਼ਰਧਾਲੂਆਂ ਦੀ ਵੱਡੀ ਮੰਗ ਦੀ ਆਸ ਦੇ ਮੱਦੇਨਜ਼ਰ ਘੱਟੋ-ਘੱਟ ਵਿਸ਼ੇਸ਼ ਮੌਕਿਆਂ 'ਤੇ ਸ਼ਰਧਾਲੂਆਂ ਦੇ ਜਾਣ ਦੀ ਗਿਣਤੀ ਵਧਾਉਣ ਦੀ ਲੋੜ ਹੈ।

ਮੁੱਖ ਮੰਤਰੀ ਨੇ ਪਾਕਿਸਤਾਨ ਵੱਲੋਂ ਓ.ਸੀ.ਆਈ. ਅਤੇ ਪੀ.ਆਈ.ਓ. ਕਾਰਡ ਹੋਲਡਰਾਂ ਨੂੰ ਇਜ਼ਾਜਤ ਦੇਣ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ ਅਤੇ ਇਸ ਬਾਰੇ ਉਨ੍ਹਾਂ ਨੇ ਪਹਿਲਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਸੀ। ਇਹ ਦੱਸਣਯੋਗ ਹੈ ਕਿ ਇਨ੍ਹਾਂ ਦੇ ਐਮ.ਓ.ਯੂ. ਵਿੱਚ ਪਾਕਿ-ਸਤਾਨ ਨੇ ਸਿਰਫ਼ ਭਾਰਤੀ ਯਾਤਰੀਆਂ ਨੂੰ ਇਜ਼ਾਜਤ ਦੇਣ ਦਾ ਸੁਝਾਅ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਹਫ਼ਤੇ ਦੇ ਸੱਤੇ ਦਿਨ ਸ਼ਰਧਾਲੂਆਂ ਨੂੰ ਜਾਣ ਲਈ ਉਨ੍ਹਾਂ ਵੱਲੋਂ ਕੀਤੀ ਅਪੀਲ ਪ੍ਰਤੀ ਪਾਕਿਸਤਾਨ ਨੂੰ ਸਹਿਮਤ ਕਰਨ ਲਈ ਕੀਤੇ ਯਤਨਾਂ ਵਾਸਤੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਇਤਿਹਾਸਕ ਲਾਂਘਾ ਉਦੋਂ ਤੱਕ ਆਪਣਾ ਉਦੇਸ਼ ਪੂਰਾ ਨਹੀਂ ਕਰ ਸਕੇਗਾ ਜਦੋਂ ਤੱਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਸਹੂਲਤ ਦੇਣ ਲਈ ਉਨ੍ਹਾਂ ਵੱਲੋਂ ਉਠਾਏ ਵੱਖ-ਵੱਖ ਮੁੱਦਿਆਂ ਪ੍ਰਤੀ ਪਾਕਿਸਤਾਨ ਹੋਰ ਨਰਮ ਰਵੱਈਆ ਅਪਣਾਉਣ 'ਤੇ ਸਹਿਮਤ ਨਹੀਂ ਹੁੰਦਾ। ਮੁੱਖ ਮੰਤਰੀ ਨੇ ਪਾਕਿਸਤਾਨ ਵੱਲੋਂ ਰਾਵੀ ਦਰਿਆ 'ਤੇ ਪੁਲ ਦੀ ਉਸਾਰੀ ਕਰਨ ਲਈ ਭਾਰਤ ਦੀ ਮੰਗ 'ਤੇ ਸਹਿਮਤੀ ਪ੍ਰਗਟਾਉਣ ਦੀ ਸ਼ਲਾਘਾ ਕਰਦਿਆਂ ਇਸ ਨੂੰ ਅਗਾਂਹ ਵਧੂ ਕਦਮ ਦੱਸਿਆ ਪਰ ਨਾਲ ਹੀ ਉਨ੍ਹਾਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਵੱਲੋਂ ਰੱਖੀਆਂ ਗਈਆਂ ਹੋਰ ਮੰਗਾਂ 'ਤੇ ਸਹਿਮਤੀ ਬਣਾਉਣ ਲਈ ਪਾਕਿਸਤਾਨ ਨਾਲ ਨੇੜਲਾ ਤਾਲਮੇਲ ਅਤੇ ਸੰਪਰਕ ਬਣਾਇਆ ਜਾਵੇ।

# ਕੰਪਿਊਟਰ ਦੀਆਂ ਮੁਫ਼ਤ ਕਲਾਸਾਂ ਤੋਂ ਲਾਭ ਲੈ ਰਹੇ ਹਨ ਬਰੈਂਪਟਨ ਮਿਸੀਸਾਗਾ ਵਾਸੀ



ਬਰੈਂਪਟਨ ਪੋਸਟ ਬਿਊਰੋ: ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਪੀਲ ਮਲਟੀਕਲਰਚਲ ਕਾਉਂਸਲ ਨੂੰ ਥੋੜਾ ਸਮਾਂ ਪਹਿਲਾਂ ਫੰਡ ਦਿੱਤੇ ਗਏ ਸਨ ਜਿਹਨਾਂ ਦੀ ਬਦੌਲਤ ਬਰੈਂਪਟਨ ਅਤੇ ਮਿਸੀਸਾਗਾ ਵਿੱਚ ਕੰਪਿਊਟਰ ਦੀ ਮੁੱਢਲੀ ਜਾਣਕਾਰੀ ਪ੍ਰਦਾਨ ਕਰਨ ਲਈ ਮੁਫ਼ਤ ਕਲਾਸਾਂ ਸਫ਼ਲਤਾ ਨਾਲ ਚਲਾਈਆਂ ਜਾ ਰਹੀਆਂ ਹਨ। ਨਵੇਂ ਆਏ ਇੰਮੀਗਰਾਂਟ, ਸੀਨੀਅਰ ਅਤੇ ਜੋ ਲੋਕ ਘੱਟ ਵਿੱਦਿਆ ਕਾਰਣ ਕੰਪਿਊਟਰ ਅਤੇ ਇੰਟਰਨੈੱਟ ਸੇਵਾਵਾਂ ਦੀ ਬੁਨਿਆਦੀ ਜਾਣਕਾਰੀ ਨਹੀਂ ਰੱਖਦੇ, ਉਹਨਾਂ ਨੂੰ ਇਹਨਾਂ ਕਲਾਸਾਂ ਵਿੱਚ ਪਹਿਲ ਦੇ ਆਧਾਰ ਉੱਤੇ ਦਾਖਲਾ ਦਿੱਤਾ ਜਾਂਦਾ ਹੈ। ਕੰਪਿਊਟਰ ਸਿਖਲਾਈ ਦੀ ਇੱਕ ਕਲਾਸ ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ਼ ਦੇ ਬਰੈਂਪਟਨ ਵਿੱਚ 50 ਸੱਨੀ ਮੈਡੋਜ਼ ਬੂਲੇਵਾਰਡ ਉੱਤੇ ਸਥਿਤ ਦਫ਼ਤਰ ਵਿੱਚ ਹਰ ਸ਼ਨਿਚਰਵਾਰ ਸਵੇਰੇ ਸਾਢੇ ਨੌਂ ਵਜੇ ਤੋਂ ਸਾਢੇ ਬਾਰਾਂ ਵਜੇ ਤੱਕ ਲਾਈ ਜਾਂਦੀ ਹੈ। ਇਸ ਕਲਾਸ ਦੇ ਇਨਸਟਰਕਰ ਮਨਦੀਪ ਸਿੰਘ ਮੁਤਾਬਕ ਕੰਪਿਊਟਰ, ਇੰਟਰਨੈੱਟ ਸੇਵਾਵਾਂ ਅਤੇ ਆਈ ਪੈਡ ਆਦਿ ਦੀ ਜਾਣਕਾਰੀ ਨਾਲ ਹਰ ਕਿਸੇ ਨੂੰ ਲਾਭ ਹਾਸਲ ਹੋ ਸਕਦਾ ਹੈ। ਮਨਦੀਪ ਸਿੰਘ ਮੁਤਾਬਕ ਉਸਦੀ ਕਲਾਸ ਵਿੱਚ ਦਾਖਲ ਹੋਣ ਵਾਲੇ ਪੰਜਾਬੀ ਮੂਲ ਦੇ ਸੀਨੀਅਰ ਬਹੁਤ ਖੁਸ਼ ਮਹਿਸੂਸ ਕਰਦੇ ਹਨ ਕਿਉਂਕਿ ਕਲਾਸ ਨੂੰ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਾਇਆ ਜਾਂਦਾ ਹੈ। ਇਸ ਪ੍ਰੋਜੈਕਟ ਨਾਲ ਵਾਲੰਟੀਅਰ ਵਜੋਂ ਕੰਮ ਕਰ ਰਹੀ ਦਲਜਿੰਦਰ ਕੌਰ ਮੁਤਾਬਕ ਇਹ ਕਲਾਸਾਂ ਸਿੱਖਿਆਰਥੀਆਂ ਦੇ ਗਿਆਨ ਦਾ ਦਾਇਰਾ ਮੋਕਲਾ ਕਰਨ ਵਿੱਚ ਸਹਾਈ ਹੋ ਰਹੀਆਂ ਹਨ।
ਮਿਸੀਸਾਗਾ ਵਿੱਚ ਪੀਲ ਮਲਟੀਕਲਚਰਲ ਕਾਉਂਸਲ ਦੇ 6630 ਟਰਨਰ ਵੈਲੀ ਰੋਡ ਉੱਤੇ ਸਥਿਤ ਦਫ਼ਤਰ ਵਿੱਚ ਇਹ ਕਲਾਸਾਂ ਮੰਗਲਵਾਰ ਤੋਂ ਵੀਰਵਾਰ ਤੱਕ ਸਵੇਰੇ 9 ਵਜੇ ਤੋਂ 12 ਵਜੇ ਤੱਕ ਅਤੇ ਬਾਅਦ ਦੁਪਿਹਰ ਸਾਢੇ ਬਾਰਾਂ ਵਜੇ ਤੋਂ ਸਾਢੇ ਤਿੰਨ ਵਜੇ ਤੱਕ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਇਸ ਪ੍ਰੋਜੈਕਟ ਦੇ ਕੋਆਰਡੀਨੇਟਰ ਨੂਮਨ ਤਰੀਨ ਨਾਲ 905-819-1144 ਦੀ ਐਕਸਟੈਨਸ਼ਨ 250 ਉੱਤੇ ਕਾਲ ਕੀਤੀ ਜਾ ਸਕਦੀ ਹੈ।

# ਪੈਰਿਸ ਦੀ ਨੈਸ਼ਨਲ ਡੇਅਪਰੇਡ ਪਿੱਛੋਂ ਪ੍ਰਦਰਸ਼ਨ ਕਰਦੇ ਲੋਕਾਂ ਤੇ ਪੁਲਸ ਵਿਚਾਲੇ ਝੜਪਾਂ



ਪੈਰਿਸ, 14 ਜੁਲਾਈ, (ਪੋਸਟ ਬਿਊਰੋ)- ਫਰਾਂਸ ਦੇ ਰਾਸ਼ਟਰਪਤੀ ਐਮੈਨੁਏਲ ਮੈਕਰੋਨ ਨੇ ਅੱਜ ਐਤਵਾਰ ਨੂੰ ਸਾਲਾਨਾ ਬੈਸਟੀਲ ਦਿਵਸ ਪਰੇਡ ਵਿੱਚ ਯੂਰਪ ਦੇ ਨਾਲ ਫੌਜੀ ਸਹਿਯੋਗ ਦਾ ਪ੍ਰਦਰਸ਼ਨ ਕੀਤਾ, ਪਰ ਪਰੇਡ ਤੋਂ ਬਾਅਦ ਪੁਲਸ ਅਤੇ ਪ੍ਰਦਰਸ਼ਨ ਕਰਦੇ ਲੋਕਾਂ ਵਿਚਾਲੇ ਹਿੰਸਕ ਝੜਪ ਹੋ ਗਈ। ਅੱਜ ਦੀ ਇਹ ਪਰੇਡਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਦੇ ਨਾਲਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ, ਨੀਦਰਲੈਂਡ ਦੇ ਪ੍ਰਧਾਨ ਮੰਤਰੀ ਮਾਰਕ ਨੇ ਵੀ ਦੇਖੀ ਤੇ ਇਸ ਪਰੇਡ ਵਿੱਚਨੌਂ ਹੋਰ ਯੂਰਪੀ ਫੌਜਾਂ ਦੇ ਨੁਮਾਇੰਦੇ ਵੀ ਆਏ ਹੋਏ ਸਨ। ਉਂਜ ਫਰਾਂਸ ਦੇ ਰਾਸ਼ਟਰੀ ਦਿਵਸ ਦੇ ਜਸ਼ਨ ਦਾ ਰੰਗ ਪਰੇਡ ਤੋਂ ਬਾਅਦ ਪ੍ਰਦਰਸ਼ਨ ਕਰਦੇ ਲੋਕਾਂ ਅਤੇ ਪੁਲਸ ਵਿਚਾਲੇ ਝੜਪਾਂ ਦੇ ਕਾਰਨ ਥੋੜ੍ਹਾ ਫਿੱਕਾ ਪੈ ਗਿਆ।
ਮਿਲੀਆਂ ਖਬਰਾਂ ਅਨੁਸਾਰ ਅੱਜ ਦੀ ਝੜਪ ਨਾਲ ਇਸ ਸਾਲ ਦੇ ਸ਼ੁਰੂ ਵਿੱਚ 'ਯੈਲੋ ਵੈਸਟ' ਪ੍ਰਦਰਸ਼ਨ ਵੇਲੇ ਹੋਈ ਹਿੰਸਾ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਪੁਲਸ ਨੇ ਪਰੇਡ ਵਾਲੇ ਸਥਾਨ ਤੋਂ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਕੱਢਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ। ਅੱਗੋਂ ਲੋਕਾ ਨੇ ਵੀ ਸੁਰੱਖਿਆ ਬੈਰੀਅਰ ਤੋੜ ਦਿੱਤੇ ਅਤੇ ਡਸਟ ਬਿਨ ਅਤੇ ਟਾਇਲੇਟਸ ਨੂੰ ਅੱਗ ਲਾ ਦਿੱਤੀ, ਜਿਸ ਕਾਰਨ ਹਾਲਾਤ ਕਾਬੂ ਤੋਂ ਬਾਹਰ ਹੋਣ ਲੱਗ ਪਏ।
ਇਸ ਤੋਂ ਪਹਿਲਾਂ ਨੈਸ਼ਨਲ ਡੇਅ ਪਰੇਡ ਬਿਨਾਂ ਕਿਸੇ ਰੁਕਾਵਟ ਦੇ ਖਤਮ ਹੋਈ ਸੀ, ਜਿਸ ਵਿੱਚ ਸੁਰੱਖਿਆ ਫੋਰਸਾਂਦੇ 4300 ਤੋਂਵੱਧ ਮੈਂਬਰਾਂ ਵੱਲੋਂਸ਼ਾਨਦਾਰ ਮਾਰਚ ਕੀਤਾ ਗਿਆ ਸੀ। ਰਾਸ਼ਟਰਪਤੀ ਮੈਕਰੋਨ ਨੇ ਫਰਾਂਸ ਦੇ ਚੀਫ ਆਫ ਸਟਾਫ ਜਨਰਲ ਫ੍ਰਾਂਕੋਈ ਲਿਕੋਂਤ੍ਰੇ ਨਾਲ ਇਕ ਖੁਲ੍ਹੀ ਕਾਰ ਵਿੱਚ ਬੈਠ ਕੇ ਪਰੇਡ ਦਾ ਨਿਰੀਖਣ ਕੀਤਾ ਸੀ।
ਪਤਾ ਲੱਗਾ ਹੈ ਕਿ ਇਸ ਪਰੇਡ ਮੌਕੇ ਹੋਈ ਹਿੰਸਾ ਤੋਂ ਬਾਅਦ ਇਸ ਅੰਦੋਲਨ ਦੇ ਦੋ ਵੱਡੇ ਮੈਂਬਰਾਂ ਜੇਰੋਮ ਰੋਡ੍ਰਿਗਸ ਤੇ ਮੈਕੀਸਮ ਨਿਕੋਲੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਪੈਰਿਸ ਦੇ ਅਧਿਕਾਰੀਆਂ ਦੇਮੁਤਾਬਕ ਇਹ ਝੜਪ ਹੋਣਤੋਂ ਪਹਿਲਾਂ 152 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

# ਨਵਜੋਤ ਸਿੱਧੂ ਦਾ ਪੰਜਾਬ ਦੇ ਮੰਤਰੀ ਮੰਡਲ ਤੋਂ ਅਸਤੀਫ਼ਾ

...ਪੰਨਾ 1 ਦਾ ਬਾਕੀ

10 ਜੂਨ ਨੂੰ ਨਵਜੋਤ ਸਿੰਘ ਸਿੱਧੂ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਚੁੱਕੇ ਰਾਹੁਲ ਗਾਂਧੀ ਨੂੰ ਮਿਲੇ ਸਨ ਤੇ ਆਪਣਾ ਅਸਤੀਫ਼ਾ ਦੇ ਆਏ ਸਨ, ਪਰ ਅਜੇ ਤੱਕ ਜਨਤਕ ਤੌਰ ਉੱਤੇ ਜਾਰੀ ਨਹੀਂ ਸੀ ਕੀਤਾ। ਅੱਜ ਨਵਜੋਤ ਸਿੰਘ ਸਿੱਧੂ ਨੇ ਟਵਿੱਟਰ ਉੱਤੇ ਜਿਹੜਾ ਅਸਤੀਫਾ ਪੱਤਰ ਪੋਸਟ ਕੀਤਾ, ਉਸ ਉੱਤੇ 10 ਜੂਨ ਦੀ ਤਰੀਕ ਲਿਖੀ ਹੋਈ ਤੇ ਕਾਂ-ਗਰਸ ਪ੍ਰਧਾਨ ਵੱਲ ਲਿਖਿਆ ਗਿਆ ਹੈ।
ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਤੇ ਚਰਨਜੀਤ ਸਿੰਘ ਚੰਨੀ ਨੇ ਨਵਜੋਤ ਸਿੰਘ ਸਿੱਧੂ ਦੇ ਅਸਤੀਫ਼ੇ ਨੂੰ ਹਾਸੋਹੀਣਾ ਡਰਾਮਾ ਦੱਸ ਕੇ ਉਸ ਨੂੰ ਆਪਣੀ ਕਾਰਜਸ਼ੈਲੀ ਵਿੱਚ ਸੂਹਜ ਅਤੇ ਸਲੀਕਾ ਲਿਆਉਣ ਨੂੰ ਕਿਹਾ ਹੈ। ਅੱਜ ਇੱਥੋਂ ਜਾਰੀ ਕੀਤੇ ਬਿਆਨ ਵਿੱਚ ਦੋਵਾਂ ਮੰਤਰੀਆਂ ਨੇ ਨਵਜੋਤ ਸਿੰਘ ਸਿੱਧੂ ਵੱਲੋਂ ਆਪਣਾ ਅਸਤੀਫ਼ਾ ਪਿਛਲੇ ਮਹੀਨੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜਣ ਦੀ ਜਾਣਕਾਰੀਟਵਿੱਟਰ ਉੱਤੇ ਦੇਣ ਤੇ ਇਸ ਤੋਂ ਬਾਅਦ ਕੀਤੀ ਟਿੱਪਣੀ, ਕਿ ਉਹ ਆਪਣਾ ਰਸਮੀ ਤਿਆਗ ਪੱਤਰ ਪੱਤਰ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜਣਗੇ, ਬਾਰੇਇਹ ਪ੍ਰਤੀਕਰਮ ਦਿੱਤਾ ਹੈ। ਦੋਵਾਂ ਮੰਤਰੀਆਂ ਨੇ ਕਿਹਾ, 'ਇਹ ਕਦਮ ਡਰਾਮੇਬਾਜ਼ੀ ਦੇ ਮਾਹਰ ਦੇ ਇਕ ਡਰਾਮੇ ਤੋਂ ਵੱਧ ਕੁਝ ਨਹੀਂ ਤੇ ਜੇ ਸਿੱਧੂ ਨੇ ਅਸਤੀਫ਼ਾ ਦੇਣਾ ਸੀ ਤਾਂ ਉਨ੍ਹਾਂ ਨੂੰ ਤੈਅ ਪ੍ਰਕਿਰਿਆ ਅਪਣਾਉਣੀ ਚਾਹੀਦੀ ਤੇ ਇਹ ਅਸਤੀਫ਼ਾ ਸਿੱਧਾ ਮੁੱਖ ਮੰਤਰੀ ਨੂੰ ਭੇਜਣਾ ਚਾਹੀਦਾ ਸੀ।' ਉਨ੍ਹਾਂ ਨੇ ਟਕੋਰ ਕੀਤੀ ਕਿ ਸਿੱਧੂ ਇੰਨਾ ਨਾਸਮਝ ਹੈ ਕਿ ਉਸ ਨੂੰ ਇਹ ਵੀ ਨਹੀਂ ਪਤਾ ਕਿ ਮੰਤਰੀ ਅਹੁਦਾ ਪਾਰਟੀ ਨਹੀਂ ਹੁੰਦਾ ਤੇ ਉਸ ਦਾ ਅਸਤੀਫ਼ਾ ਪਾਰਟੀ ਦਾ ਮੁਖੀ ਪ੍ਰਵਾਨ ਨਹੀਂ ਕਰ ਸਕਦਾ। ਮੰਤਰੀਆਂ ਨੇ ਕਿਹਾ ਕਿ ਸਿੱਧੂ ਨੇ ਇਹ ਐਲਾਨ ਟਵਿੱਟਰ ਉੱਤੇ ਕਰਨ ਲਈ 34 ਦਿਨ ਕਿਉਂ ਲਾ ਦਿੱਤੇ? ਉਨ੍ਹਾਂ ਇਹ ਵੀ ਕਿਹਾ ਕਿ ਨਿਯੁਕਤੀਆਂ ਜਾਂ ਅਸਤੀਫ਼ਿਆਂ ਲਈ ਟਵਿੱਟਰ ਕਦੋਂ ਤੋਂ ਮੰਚ ਬਣ ਗਿਆ ਹੈ? ਦੋਵਾਂ ਮੰਤਰੀਆਂ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਵੱਲੋਂ ਦਿੱਤੇ ਮਹਿਕਮੇ ਦਾ ਚਾਰਜ ਨਾ ਸਾਂਭ ਕੇ ਲਗਭਗ 40 ਦਿਨ ਬਿਜਲੀ ਵਿਭਾਗ ਦੇ ਕੰਮ ਨੂੰ ਆਪਣੇ ਹਾਲ ਉੱਤੇ ਛੱਡ ਦਿੱਤਾ ਤੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਕਿ ਬਿਜਲੀ ਸੈਕਟਰ ਲਈ ਝੋਨੇ ਦੀ ਲਵਾਈ ਦਾ ਸਮਾਂ ਕਿੰਨਾ ਵੱਧ ਅਹਿਮ ਹੈ, ਜਿਸਤੋਂ ਸਾਫ ਹੈ ਕਿ ਨਵਜੋਤ ਸਿੰਘ ਸਿੱਧੂ ਆਪਣੇ ਇਸ ਵਿਹਾਰ ਦੇ ਨਾਲ ਪੈਂਦੇ ਮਾਰੂ ਪ੍ਰਭਾਵ ਦੀ ਪ੍ਰਵਾਹ ਵੀ ਨਹੀਂ ਕਰਦਾ।
ਦੂਸਰੇ ਪਾਸੇ ਨਵਜੋਤ ਸਿੰਘ ਸਿੱਧੂ ਦੇ ਅਸਤੀਫੇ ਪਿੱਛੋਂ ਸੋਸ਼ਲ ਮੀਡੀਆਉੱਤੇ ਉਹ ਖੁਦ ਹੀ ਟਰੋਲ ਹੋ ਗਏ। ਬਹੁਤ ਸਾਰੇ ਯੂਜਰਜ਼ ਨੇ ਕੁਮੈਂਟਸ ਕੀਤੇ ਹਨ। ਇਕ ਯੂਜਰਜ਼ ਨੇ ਲਿਖਿਆ ਕਿ ਸਿੱਧੂ ਕੋਲ ਕੋਈ ਨੌਕਰੀ ਨਹੀਂ, ਉਹ ਨੌਕਰੀ ਲਈ ਕਪਿਲ ਸ਼ਰਮਾ ਨੂੰ ਅਰਜ਼ੀ ਦੇਣਗੇ ਤੇ ਸ਼ੋਅ ਵਿੱਚ ਵਾਪਸੀ ਲਈ ਕਹਿਣਗੇ। ਇਕ ਹੋਰ ਯੂਜਰ ਨੇ ਲਿਖਿਆ ਹੈ ਕਿ ਅਸਤੀਫੇ ਦੇ ਬਾਅਦ ਨਵੀਂ ਨੌਕਰੀ ਦੀ ਭਾਲ ਵਿੱਚ ਸਿੱਧੂ, ਲੱਗਦਾ ਹੈ ਕਿ ਅਰਚਨਾ ਪੂਰਨ ਸਿੰਘ ਦੀ ਕੁਰਸੀ ਖੁੱਸੇਗੀ ਜਾਂ, ਵੈਸੇ ਸਿਧੂ ਪਲਟੂਰਾਮ ਹੈ। ਪੁਲਵਾਮਾ ਹਮਲੇ ਦੇ ਬਾਅਦ ਇਕ ਬਿਆਨ ਕਾਰਨ ਸਿੱਧੂ ਨੂੰ ਕਪਿਲ ਸ਼ਰਮਾ ਸ਼ੋਅ ਦੇ ਜੱਜ ਦਾ ਅਹੁਦਾ ਵੀ ਛੱਡਣਾ ਪਿਆ ਸੀ, ਪਰ ਸਿੱਧੂ ਨੇ ਉਦੋਂ ਕਿਹਾ ਸੀ ਕਿ ਮੈਂ ਇਹ ਇਸ ਲਈ ਕੀਤਾ ਹੈ ਕਿ ਪਾਰਟੀ ਲਈ ਸਮਾਂ ਕੱਢ ਸਕਾਂ। ਉਸ ਪਿੱਛੋਂ ਅਰਚਨਾ ਪੂਰਨ ਸਿੰਘ ਨੂੰ ਸਿੱਧੂ ਦੀ ਜਗ੍ਹਾ ਸ਼ੋਅ ਵਿੱਚ ਲਿਆ ਗਿਆ ਸੀ।

# ਭਾਰਤੀ ਲੜਾਕੂ ਜਹਾਜ਼ਾਂ ਤੋਂ ਪਾਕਿਸਤਾਨ ਤ੍ਰਹਿਕਿਆ

## * ਹਵਾਈ ਖੇਤਰ ਖੋਲ੍ਹਣ ਤੋਂ ਪਹਿਲਾਂ ਹਵਾਈ ਜਹਾਜ਼ ਪਿੱਛੇ ਘੱਲਣ ਦੀ ਸ਼ਰਤ

ਇਸਲਾਮਾਬਾਦ, 14 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਦੇ ਹਵਾਬਾਜ਼ੀ ਬਾਰੇ ਸੈਕਟਰੀ ਸ਼ਾਹਰੁਖ ਨੁਸਰਤ ਨੇ ਇਕ ਪਾਰਲੀਮੈਂਟਰੀ ਕਮੇਟੀ ਸਾਹਮਣੇ ਬੋਲਦੇ ਹੋਏ ਕਿਹਾ ਕਿ ਉਹ ਭਾਰਤ ਦੀਆਂ ਵਪਾਰਕ ਉਡਾਣਾਂ ਲਈ ਉਦੋਂ ਤੱਕ ਆਪਣਾ ਹਵਾਈ ਖੇਤਰ ਨਹੀਂ ਖੋਲ੍ਹਣਗੇ, ਜਦੋਂ ਤੱਕ ਭਾਰਤੀ ਏਅਰ ਫੋਰਸ ਦੇ ਐਡਵਾਂਸਡ ਏਅਰਬੇਸ ਉੱਤੇ ਲਿਆਂਦੇ ਹੋਏ ਲੜਾਕੂ ਜਹਾਜ਼ਾਂ ਨੂੰ ਭਾਰਤ ਸਰਕਾਰ ਪਿੱਛੇ ਨਹੀਂ ਹਟਾ ਲੈਂਦੀ।
ਵਰਨਣ ਯੋਗ ਹੈ ਕਿ ਪਿਛਲੇ ਫਰਵਰੀ ਵਿੱਚ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਕਾਫਲੇ ਉੱਤੇ ਹੋਏ ਅੱਤਵਾਦੀ ਹਮਲੇ ਪਿੱਛੋਂ ਭਾਰਤੀ ਏਅਰਫੋਰਸ ਵੱਲੋਂ ਪਾਕਿਸਤਾਨੀ ਕੰਟਰੋਲ ਵਾਲੇ ਬਾਲਾਕੋਟ ਵਿਚ ਜੈਸ਼-ਏ-ਮੁਹੰਮਦ ਦੇ ਅੱਡਿਆਂ ਉੱਤੇ ਕੀਤੇ ਹਮਲੇ ਪਿੱਛੋਂ ਪਾਕਿਸਤਾਨ ਨੇ 26 ਫਰਵਰੀ ਨੂੰ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ।
ਡਾਨ ਨਿਊਜ਼ ਦੀ ਖਬਰ ਮੁਤਾਬਕ ਪਾਕਿਸਤਾਨ ਦੇ ਹਵਾਬਾਜ਼ੀ ਸੈਕਟਰੀ ਸ਼ਾਹਰੁਖ ਨੁਸਰਤ ਨੇ ਹਵਾਬਾਜ਼ੀ ਦੇ ਸੰਬੰਧ ਸੈਨੇਟ ਦੀ ਸਟੈਂਡਿੰਗ ਕਮੇਟੀ ਨੂੰ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਨੇ ਭਾਰਤੀ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਹੈ ਕਿ ਸਾਡਾ ਹਵਾਈ ਖੇਤਰ ਸਿਵਲ ਭਾਰਤੀ ਜਹਾਜ਼ਾਂ ਲਈ ਉਦੋਂ ਤੱਕ ਨਹੀਂ ਖੁੱਲ੍ਹੇਗਾ, ਜਦੋਂ ਤੱਕ ਕਿ ਭਾਰਤ ਦੇ ਐਡਵਾਂਸ ਏਅਰਬੇਸਾਂ ਤੋਂ ਲੜਾਕੂ ਜਹਾਜ਼ ਨਹੀਂ ਹਟਾਏ ਜਾਂਦੇ। ਸ਼ਾਹਰੁਖ ਨੁਸਰਤ ਨੇ ਕਮੇਟੀ ਨੂੰ ਦੱਸਿਆ ਕਿ ਭਾਰਤ ਸਰਕਾਰ ਨੇ ਸੰਪਰਕ ਕਰ ਕੇ ਹਵਾਈ ਖੇਤਰ ਖੋਲ੍ਹਣ ਦੀ ਅਪੀਲ ਕੀਤੀ ਸੀ, ਅਸੀਂ ਉਨ੍ਹਾਂ ਨੂੰ ਆਪਣੀ ਇਸ ਚਿੰਤਾ ਬਾਰੇ ਦੱਸ ਦਿੱਤਾ ਹੈ ਕਿ ਪਹਿਲਾਂ ਉਨ੍ਹਾਂ ਨੂੰ ਆਪਣੇ ਐਡਵਾਂਸ ਏਅਰਬੇਸਾਂ ਉੱਤੋਂ ਆਪਣੇ ਲੜਾਕੂ ਜਹਾਜ਼ਾਂ ਨੂੰ ਪਿੱਛੇ ਹਟਾਉਣਾ ਚਾਹੀਦਾ ਹੈ।

# ਨਵਾਜ਼ ਸ਼ਰੀਫ ਨੂੰ ਸਜ਼ਾ ਦੇਣ ਵਾਲਾ ਜੱਜ ਨੌਕਰੀ ਤੋਂ ਕੱਢਿਆ

ਇਸਲਾਮਾਬਾਦ, 14 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਜੱਜ ਅਰਸ਼ਦ ਮਲਿਕ ਨੂੰ ਅੱਜ ਇਸ ਨੌਕਰੀ ਤੋਂ ਕੱਢ ਦਿੱਤਾ ਹੈ। ਜੱਜ ਅਰਸ਼ਦ ਮਲਿਕ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਅਲ ਅਜੀਜ਼ੀਆ ਸਟੀਲ ਮਿਲ ਦੇ ਭ੍ਰਿਸ਼ਟਾਚਾਰ ਮਾਮਲੇ ਵਿਚ ਪਿਛਲੇ ਸਾਲ ਸਜ਼ਾ ਸੁਣਾਈ ਸੀ।
ਵਰਨਣ ਯੋਗ ਹੈ ਕਿ ਤਿੰਨ ਦਿਨ ਪਹਿਲਾਂ ਨਵਾਜ਼ ਸ਼ਰੀਫ ਦੀ ਧੀ ਮਰੀਅਮ ਨਵਾਜ਼ ਨੇ ਇਕ ਵੀਡੀਓ ਜਾਰੀ ਕੀਤੀ ਸੀ, ਜਿਸ ਵਿਚ ਅਰਸ਼ਦ ਮਲਿਕ ਨੇ ਮੰਨਿਆ ਸੀ ਕਿ ਉਸ ਨੇ ਬਲੈਕਮੇਲ ਦੇ ਦਬਾਅ ਹੇਠ ਨਵਾਜ਼ ਸ਼ਰੀਫ ਨੂੰ ਸਜ਼ਾ ਦਿੱਤੀ ਸੀ, ਉਂਜ ਨਵਾਜ਼ ਸ਼ਰੀਫ ਦੇ ਖਿਲਾਫ ਕੋਈ ਠੋਸ ਸਬੂਤ ਨਹੀਂ ਸਨ। ਇਸ ਦੇ ਬਾਅਦ ਅਰਸ਼ਦ ਮਲਿਕ ਨੇ ਨਵਾਜ਼ ਸ਼ਰੀਫ ਦੀ ਬੇਟੀ ਮਰੀਅਮ ਵੱਲੋਂ ਜਾਰੀ ਕੀਤੀ ਵੀਡੀਓ ਨੂੰ ਫਰਜ਼ੀ ਕਿਹਾ ਸੀ, ਪਰ ਇਹ ਵੀਡੀਓ ਜਾਰੀ ਹੋਣ ਕਾਰਨ ਜਵਾਬਦੇਹੀ ਅਦਾਲਤ ਦੇ ਇਸ ਜੱਜ ਦੀ ਨਿਰਪੱਖਤਾ ਉੱਤੇ ਸਵਾਲ ਚੁੱਕੇ ਜਾਣ ਲੱਗ ਪਏ ਸਨ।








Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

CHATHAM KENT $85,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very Low Vacancy In The Neighbourhood .

MISSISAUGA $169,900
Photo Not Available
7215 Goreway Dr 70 : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco,LCBO.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000
Photo Not Available
5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $129,000
Photo Not Available
10095 Bramalea Rd 104 : Well Established Pizza & Curry Restaurant Very Profitable Business, Open 7 Days Excellent Monthly $ Producing Business. In One Of The Most Sought Out Locations. You Will Not Be Disappointed. Sale $35,000- 40,000

BRAMPTON $189,000
Photo Not Available
8770 The Gore Rd 6: Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic & Great Exposure, Sales Are Over 30K / Month

TORONTO $535,800
Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800
Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

TORONTO $569,000
Warden & Steeles : Penthouse Masterpiece! Modern And Spacious. You Won't Find Another Gem Like This In The Area!! Condo Features: Unobstructed View, Large Living Room, Brand New Kitchen Custom Cabinetry, Induction Stove, "High-End" Faucets,

BRAMPTON $639,000
Photo Not Available
50 Lacoste Blvd: Everything Ready To Go. No Need To Spend A Penny. This Comes With Full Improvements Including 8 Station Chairs & 8 Tables. Beautiful Reception Desk. 2 Spa Rooms, Tv, Washer, Fridge And Lots More As Someone Is Running Business In The Leased Premises.

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019



ਅਮਰੀਕਾ ਦੇ ਐਨ.ਆਰ.ਆਈ. ਗੁਰਬਚਨ ਸਿੰਘ ਗਰੇਵਾਲ ਚੰਡੀਗੜ੍ਹ ਵਿਖੇ ਮਿੰਨੀ ਸਕੱਤਰੇਤ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਪਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਦੇ ਆਨਰੇਰੀ ਮੈਂਬਰ ਵਜੋਂ ਅਹੁਦਾ ਸੰਭਾਲਦੇ ਹੋਏ। ਮੁੱਖ ਮੰਤਰੀ ਨਾਲ ਐਨ.ਆਰ.ਆਈ. ਮਾਮਲਿਆਂ ਅਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਵੀ ਮੌਜੂਦ ਸਨ। ਇਸ ਮੌਕੇ ਪਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਦੇ ਚੇਅਰਮੈਨ ਜਸਟਿਸ (ਸੇਵਾ-ਮੁਕਤ) ਰਾਕੇਸ਼ ਕੁਮਾਰ ਗਰਗ, ਪ੍ਰਮੁੱਖ ਸਕੱਤਰ ਐਨ.ਆਰ.ਆਈ. ਮਾਮਲੇ ਰਾਹੁਲ ਭੰਡਾਰੀ ਤੇ ਵਿਸ਼ੇਸ਼ ਸਕੱਤਰ ਐਮ.ਪੀ.ਅਰੋੜਾ ਅਤੇ ਕਮਿਸ਼ਨ ਦੇ ਸਕੱਤਰ ਅਮਨਇੰਦਰ ਕੌਰ ਵੀ ਹਾਜ਼ਰ ਸਨ।

# ਕ੍ਰਿਕਟ ਵਰਲਡ ਕੱਪ: ਇੰਗਲੈਂਡ ਨੇ ਨਿਊਜ਼ੀਲੈਂਡ ਨੂੰ ਚੌਕਿਆਂ ਨਾਲ ਹਰਾ ਕੇ ਸੰਸਾਰ ਜੇਤੂ ਦਾ ਖ਼ਿਤਾਬ ਜਿੱਤਿਆ

...ਪੰਨਾ 1 ਦਾ ਬਾਕੀ

ਅੱਜ ਦੇ ਇਸ ਮੈਚ ਵਿਚ ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਫਾਈਨਲ ਮੁਕਾਬਲੇ ਵਿਚ ਕੁੱਲ 50 ਓਵਰਾਂ ਵਿਚ 8 ਵਿਕਟਾਂਉੱਤੇ 241 ਦੌੜਾਂ ਬਣਾਈਆਂ ਅਤੇ ਇੰਗਲੈਂਡ ਨੇ ਜਿੱਤ ਲਈ 242 ਦੌੜਾਂ ਬਣਾਉਣੀਆਂ ਸਨ, ਪਰ ਇਹ ਟੀਮ 50 ਓਵਰਾਂ ਵਿਚ ਦਸ ਵਿਕਟਾਂਉੱਤੇ 241 ਦੌੜਾਂ ਬਣਾ ਸਕੀ ਤੇ ਮੈਚ ਟਾਈ ਹੋ ਗਿਆ ਸੀ। ਕ੍ਰਿਕਟ ਵਰਲਡ ਕੱਪ ਦੇ ਇਤਿਹਾਸ ਵਿਚ ਪਹਿਲੀ ਵਾਰ ਫਾਈਨਲ ਮੈਚ ਟਾਈ ਹੋਇਆ ਹੈ। ਇਸ ਤੋਂ ਪਹਿਲਾਂ ਕਦੇ ਏਦਾਂਨਹੀਂਸੀ ਹੋਇਆ। ਇੰਗਲੈਂਡ ਟੀਮ ਨੂੰ ਮੈਚ ਜਿੱਤਣ ਲਈ ਆਖ਼ਰੀ ਗੇਂਦਉੱਤੇ ਦੋ ਦੌੜਾਂ ਦੀ ਲੋੜ ਸੀ, ਪਰ ਕ੍ਰੀਜ਼ਉੱਤੇ ਬੇਨ ਸਟੋਕਸ ਨੇ ਸ਼ਾਟ ਲਾਇਆ ਅਤੇ ਮਾਰਕ ਵੁਡ ਨਾਲ ਇਕ ਦੌੜ ਲੈਕੇ ਦੋਵੇਂ ਬੱਲੇਬਾਜ਼ ਦੂਸਰੀ ਦੌੜ ਲਈ ਦੌੜ ਪਏਤਾਂ ਮਾਰਕ ਵੁੱਡ ਰਨ ਆਊਟ ਹੋ ਗਿਆ ਅਤੇ ਮੈਚ ਬਰਾਬਰੀਉੱਤੇ ਖਤਮ ਹੋ ਗਿਆ, ਜਿਸ ਨਾਲ ਹਰ ਕੋਈ ਪੱਬਾਂ ਭਾਰ ਹੋ ਗਿਆ।

ਇਸ ਪਿੱਛੋਂ ਇਹ ਮੈਚ ਸੁਪਰ ਓਵਰ ਵਿਚ ਪਹੁੰਚ ਗਿਆ।ਸੁਪਰ ਓਵਰ ਵਿਚ ਬੱਲੇਬਾਜ਼ੀ ਕਰਨ ਲਈ ਇੰਗਲੈਂਡ ਵੱਲੋਂਬੇਨ ਸਟੋਕਸ ਤੇ ਜੋਸ ਬਟਲਰ ਆਏ। ਨਿਊਜ਼ੀਲੈਂਡ ਵੱਲੋਂਇਹ ਓਵਰ ਟ੍ਰੇਂਟ ਬੋਲਟ ਨੇ ਸੁੱਟਿਆ। ਪਹਿਲੀ ਗੇਂਦਉੱਤੇ ਸਟੋਕਸ ਨੇ ਤਿੰਨ ਦੌੜਾਂ ਬਣਾਈਆਂ। ਦੂਜੀ ਗੇਂਦਉੱਤੇ ਬਟਲਰ ਨੇ ਇਕ ਦੌੜ ਬਣਾਈ। ਤੀਜੀ ਗੇਂਦਉੱਤੇ ਸਟੋਕਸ ਨੇ ਚੌਕਾ ਲਾਇਆ। ਚੌਥੀ ਗੇਂਦਉੱਤੇ ਸਟੋਕਸ ਨੇ ਇਕ ਦੌੜ ਲਈ।



ਪੰਜਵੀਂ ਗੇਂਦਉੱਤੇ ਬਟਲਰ ਨੇ ਦੋ ਦੌੜਾਂ ਹੋਰ ਲਈਆਂ ਤੇ ਛੇਵੀਂ ਗੇਂਦਉੱਤੇ ਬਟਲਰ ਨੇ ਚੌਕਾ ਲਾ ਦਿੱਤਾ। ਇਸ ਓਵਰ ਵਿਚ ਕੁੱਲ 15 ਦੌੜਾਂ ਬਣ ਸਕੀਆਂ ਅਤੇ ਨਿਊਜ਼ੀਲੈਂਡ ਨੂੰ ਜਿੱਤ ਲਈ 16 ਦੌੜਾਂ ਦਾ ਟੀਚਾ ਦਿੱਤਾ ਗਿਆ।

ਨਿਊਜ਼ੀਲੈਂਡ ਵੱਲੋਂ ਸੁਪਰ ਓਵਰ ਵਾਸਤੇ ਬੱਲੇਬਾਜ਼ੀ ਕਰਨ ਲਈ ਮਾਰਟਿਨ ਗਪਲਿਟ ਤੇ ਜੇਮਸ ਨੀਸ਼ਮ ਆਏ ਤਾਂ ਇੰਗਲੈਂਡ ਵੱਲੋਂਇਹ ਓਵਰ ਜੋਫਰਾ ਆਰਚਰ ਨੇ ਸੁੱਟਿਆ।ਉਸਦੀ ਪਹਿਲੀ ਗੇਂਦ ਵਾਈਡ ਹੋ ਗਈ। ਦੋਬਾਰਾ ਸੁੱਟੀ ਗਈ ਪਹਿਲੀ ਗੇਂਦਉੱਤੇ ਨੀਸ਼ਮ ਨੇ ਦੋ ਦੌੜਾਂ ਲਈਆਂ। ਦੂਜੀ ਗੇਂਦਉੱਤੇ ਨੀਸ਼ਮ ਨੇ ਛੱਕਾ ਲਾ ਦਿੱਤਾ। ਤੀਜੀ ਗੇਂਦਉੱਤੇ ਨੀਸ਼ਮ ਨੇ ਦੋ ਦੌੜਾਂ ਲਈਆਂ। ਚੌਥੀ ਗੇਂਦਉੱਤੇ ਨੀਸ਼ਮ ਨੇ



ਦੋ ਦੌੜਾਂ ਲਈਆਂ। ਪੰਜਵੀਂ ਗੇਂਦਉੱਤੇਉਸ ਨੇ ਇਕ ਦੌੜ ਲਈ। ਜਿੱਤ ਦੇ ਲਈ ਨਿਊਜ਼ੀਲੈਂਡ ਨੂੰ ਇਕ ਗੇਂਦਉੱਤੇ ਦੋ ਦੌੜਾਂ ਦੀ ਲੋੜ ਸੀ, ਪਰ ਆਖ਼ਰੀ ਗੇਂਦਉੱਤੇ ਇਕੋ ਦੌੜ ਬਣ ਸਕੀ।

ਇਸ ਦੇ ਬਾਅਦ ਨਿਯਮਾਂ ਅਨੁਸਾਰ ਤਕਨੀਕੀ ਆਧਾਰ ਉੱਤੇ ਫੈਸਲਾ ਹੋਣਾ ਸੀ ਤੇ ਇਸ ਤਰ੍ਹਾਂ ਅੱਜ ਦੇ ਮੈਚ ਵਿੱਚ ਲਾਏ ਗਏ ਚੌਕਿਆਂ ਦੀ ਗਿਣਤੀ ਦੇ ਹਿਸਾਬ ਨਾਲ ਇੰਗਲੈਂਡ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ।

# ਭਾਰਤ ਵਿੱਚ 2006 ਤੋਂ 2016 ਵਿਚਾਲੇ 27 ਕਰੋੜ ਤੋਂ ਵੱਧ ਲੋਕ ਗਰੀਬੀ ਤੋਂ ਨਿਕਲੇ



ਯੂ ਐੱਨ ਓ, 13 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਸਿਹਤ, ਸਕੂਲੀ ਸਿਖਿਆ ਸਣੇ ਵੱਖ ਵੱਖ ਖੇਤਰਾਂ ਵਿੱਚ ਤਰੱਕੀ ਨਾਲ ਵੱਡੀ ਗਿਣਤੀ ਵਿੱਚ ਲੋਕ ਗਰੀਬੀ ਦੀ ਦਲਦਲ 'ਚੋਂ ਬਾਹਰ ਨਿਕਲ ਆਏ ਹਨ।

ਯੂ ਐੱਨ ਓ ਦੀ ਇੱਕ ਰਿਪੋਰਟ ਮੁਤਾ-ਬਕ ਸਾਲ 2006 ਤੋਂ 2016 ਦਰਮਿ-ਆਨ ਰਿਕਾਰਡ 27.10 ਕਰੋੜ ਲੋਕ ਗਰੀਬੀ 'ਚੋਂ ਬਾਹਰ ਨਿਕਲੇ ਹਨ। ਖਾਣਾ ਪਕਾਉਣ ਦੇ ਬਾਲਣ, ਸਾਫ-ਸਫਾਈ ਅਤੇ ਪੋਸ਼ਣ ਵਰਗੇ ਖੇਤਰਾਂ ਵਿੱਚ ਮਜ਼ਬੂਤ ਸੁਧਾਰ ਨਾਲ ਗਰੀਬੀ ਸੂਚਕ ਅੰਕ ਵੈਲਿਊ ਵਿੱਚ ਸਭ ਤੋਂ ਵੱਡੀ ਗਿਰਾਵਟ ਆਈ ਹੈ। ਯੂ ਐੱਨ ਵਿਕਾਸ ਪ੍ਰੋਗਰਾਮ (ਯੂ ਐੱਨ ਡੀ ਪੀ) ਅਤੇ ਆਕਸਫੋਰਡ ਪਾਵਰਟੀ ਐਂਡ ਹਿਊਮਨ ਡਿਵੈਲਪਮੈਂਟ ਇਨੀਸ਼ੀਏਟਿਵ (ਓ ਪੀ ਐੱਚ ਆਈ) ਵੱਲੋਂ ਬਣਾਏ ਗਏ ਸੰਸਾਰ ਗਰੀਬੀ ਸੂਚਕ ਅੰਕ ਨੂੰ ਕੱਲ੍ਹ ਜਾਰੀ ਕੀਤਾ ਗਿਆ। ਇਸ ਵਿੱਚ 101 ਦੇਸ਼ਾਂ ਵਿੱਚ 1.3 ਅਰਬ ਲੋਕਾਂ ਦਾ ਅਧਿਐਨ ਕੀਤਾ ਗਿਆ। ਵੱਖ-ਵੱਖ ਪਹਿਲੂਆਂ ਦੇ ਆਧਾਰ 'ਤੇ ਇਹ ਲੋਕ ਗਰੀਬੀ ਵਿੱਚ ਫਸੇ ਹਨ, ਯਾਨੀ ਗਰੀਬੀ ਦਾ ਮੁਲਾਂਕਣ ਆਮਦਨ ਦੇ ਆਧਾਰ 'ਤੇ ਨਹੀਂ, ਸਗੋਂ ਸਿਹਤ ਦੀ ਖਰਾਬ ਸਥਿਤੀ, ਕੰਮਕਾਜ ਦੀ ਖਰਾਬ ਗੁਣਵੱਤਾ ਅਤੇ ਹਿੰਸਾ ਦਾ ਖਤਰਾ ਵਰਗੇ ਕਈ ਸੰਕੇਤਕਾਂ ਦੇ ਆਧਾਰ 'ਤੇ ਕੀਤਾ ਗਿਆ। ਯੂ ਐੱਨ ਰਿਪੋਰਟ 'ਚ ਗਰੀਬੀ 'ਚ ਕਮੀ ਨੂੰ ਦੇਖਣ ਲਈ ਸਾਂਝੇ ਰੂਪ ਨਾਲ ਲਗਭਗ ਦੋ ਅਰਬ ਆਬਾਦੀ ਨਾਲ 10 ਦੇਸ਼ਾਂ ਨੂੰ ਚਿੰਨ੍ਹਿਤ ਕੀਤਾ ਗਿਆ। ਅੰਕੜਿਆਂ ਦੇ ਆਧਾਰ 'ਤੇ ਇਨ੍ਹਾਂ ਸਾਰਿਆਂ ਨੇ ਸੰਪੂਰਨ ਵਿਕਾਸ ਟੀਚਾ ਪ੍ਰਾਪਤ ਕਰਨ ਲਈ ਜ਼ਿਕਰ ਯੋਗ ਤਰੱਕੀ ਕੀਤੀ। ਸੰਪੂਰਨ ਵਿਕਾਸ ਟੀਚਾ ਇੱਕ ਨਾਲ ਗਰੀਬੀ ਨੂੰ ਸਾਰੇ ਰੂਪ ਹਰ ਥਾਂ ਖਤਮ ਕਰਨੇ ਹਨ। ਇਹ 10 ਦੇਸ਼ ਬੰਗਲਾ ਦੇਸ਼, ਕੰਬੋਡੀਆ, ਡੈਮੋਕ੍ਰੇਟਿਕ, ਰਿਪ-ਬਲਿਕ ਆਫ ਕਾਂਗੋ, ਇਥੋਪੀਆ, ਹੈਤੀ, ਭਾਰਤ, ਨਾਈਜੀਰੀਆ, ਪਾਕਿਸਤਾਨ, ਪੇਰੂ ਤੇ ਵੀਅਤਨਾਮ ਹਨ।

# ਜਗਦੀਸ਼ ਟਾਈਟਲਰ ਵਿਰੁੱਧ ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ੇ ਦਾ ਕੇਸ ਵੀ ਦਰਜ

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਵਿਰੁੱਧ ਠੱਗੀਆਂ ਮਾਰਨ ਅਤੇ ਭਰੋਸੇ ਨੂੰ ਮੁਜਰਮਾਨਾਂ ਸੰਨ੍ਹ ਲਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਸ਼ਿਕਾਇਤ ਕਰਤਾਵਾਂ ਦੇ ਹਵਾਲੇ ਨਾਲ ਪੁਲਸ ਨੇ ਦੱਸਿਆ ਹੈ ਕਿ ਜਗਦੀਸ਼ ਟਾਈਟਲਰ ਅਤੇ 10 ਹੋਰਨਾਂ ਨੇ ਦਿੱਲੀ ਦੇ ਕਰੋਲ ਬਾਗ ਇਲਾਕੇ ਵਿੱਚ ਦੋ ਪਲਾਟ ਗੈਰ ਕਾਨੂੰਨੀ ਤੌਰ ਉੱਤੇ ਕਬਜ਼ੇ ਵਿੱਚ ਲਏ ਹਨ।

ਇਸ ਸੰਬੰਧ ਵਿੱਚ ਦਿੱਲੀ ਪੁਲਸ ਦੇ ਆਰਥਿਕ ਜੁਰਮਾਂ ਬਾਰੇ ਸੈੱਲ ਵੱਲੋਂ ਦਰਜ ਕੀਤੇ ਗਏ ਕੇਸ ਵਿੱਚ ਸ਼ਿਕਾਇਤ ਕਰਤਾ ਵਿਜੇ ਤੇ ਅਨਿਲ ਸੇਖੜੀ, ਜਿਨ੍ਹਾਂ ਦਾ ਗੌਤਮ ਓਵਰਸੀਜ਼ ਲਿਮਟਿਡ ਕੰਪਨੀ ਵਿੱਚ 25 ਫੀਸਦੀ ਹਿੱਸਾ ਹੈ, ਨੇ ਕਿਹਾ ਹੈ ਕਿ ਇਨ੍ਹਾਂ ਪਲਾਟਾਂ ਦੀ ਕੀਮਤ 271 ਕਰੋੜ ਰੁਪਏ ਹੈ, ਕਿਰਾਏ ਅਤੇ ਦਸਤਾਵੇਜ਼ ਜਾਅਲੀ ਤਿਆਰ ਕਰ ਕੇ ਦਿੱਤੇ ਗਏ, ਜਿਸ ਦਾ ਮਕਸਦ ਜ਼ਮੀਨ ਦੇ ਅਸਲ ਮਾਲਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਕਰਨਾ ਸੀ। ਸ਼ਿਕਾਇਤ ਕਰਤਾ ਅਨੁਸਾਰ ਪਲਾਟ ਸਾਲ 2007 ਵਿੱਚ ਲੀਜ਼ ਉਤੇ ਦਿੱਤੇ ਗਏ ਤੇ ਉਨ੍ਹਾਂ ਨੂੰ ਇਸ ਦੀ ਕੋਈ ਉਘ-ਸੁੱਘ ਨਹੀਂ ਸੀ। ਇਸ ਦੌਰਾਨ ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਨਤੀਜਾ ਨਿਕਲਿਆ ਹੈ ਕਿ ਜਗਦੀਸ਼ ਟਾਈਟਲਰ ਦੀ ਇਸ ਫਰਾਡ ਵਿੱਚ ਕੋਈ ਸ਼ਮੂਲੀਅਤ ਨਹੀਂ। ਟਾਈਟਲਰ ਨੇ ਵੀ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦਾ ਕੰਪਨੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸਾਲ 1954 ਤੋਂ ਉਥੇ ਸਕੂਲ ਚੱਲ ਰਿਹਾ ਹੈ ਤੇ ਮੈਂ ਉਥੇ ਕਿਰਾਏਦਾਰ ਹਾਂ। ਮੇਰੀ ਉਸ ਕੰਪਨੀ ਵਿੱਚ ਕੋਈ ਮਲਕੀਅਤ ਨਹੀਂ ਹੈ, ਜਿਸ ਦਾ ਐੱਫ ਆਈ ਆਰ 'ਚ ਜ਼ਿਕਰ ਕੀਤਾ ਗਿਆ।










# ਸੰਪਾਦਕੀ

## ਗੁੱਝੇ ਭੇਦ ਹਨ ਪੀਲ ਪੁਲੀਸ ਅਤੇ ਹੋਰਾਂ ਵਿਰੁੱਧ ਹੋਏ 12 ਲੱਖ ਡਾਲਰ ਮੁੱਕਦਮੇ ਦੇ

ਬੀਤੇ ਹਫਤੇ ਟੋਰਾਂਟੋ ਵਿੱਚ ਪ੍ਰੈਕਟਿਸ ਕਰਦੀ ਵਕੀਲ ਲੀਓਰਾ ਸ਼ੇਮੈਸ਼ (Leora Shemesh) ਨੇ ਪੀਲ ਪੁਲੀਸ, ਕੈਨੇਡਾ ਦੇ ਅਟਾਰਨੀ ਜਨਰਲ, ਡਾਇਰੈਕਟਰ ਆਫ ਪਬਲਿਕ ਪ੍ਰੌਜੀਕਿਊਟਰ ਅਤੇ ਬਰੈਂਪਟਨ ਅਦਾਲਤ ਵਿੱਚ ਤਾਇਨਾਤ ਚਾਰ ਸਰਕਾਰੀ ਵਕੀਲਾਂ ਵਿਰੁੱਧ ਸਵਾ ਮਿਲੀਅਨ ਡਾਲਰ ਦਾ ਮੁੱਕਦਮਾ ਕੀਤਾ ਹੈ। ਵਰਨਣਯੋਗ ਹੈ ਕਿ ਮਈ 2015 ਵਿੱਚ ਪੀਲ ਪੁਲੀਸ ਨੇ ਇਸ ਵਕੀਲ ਖਿਲਾਫ਼ ਅਦਾਲਤ ਵਿੱਚ ਝੂਠ ਬੋਲਣ ਅਤੇ ਇਨਸਾਫ਼ ਪ੍ਰਣਾਲੀ ਦੇ ਰਾਹ ਵਿੱਚ ਰੋੜਾ ਬਣਨ ਦੇ ਚਾਰਜ ਲਾਏ ਸਨ। ਇਸ ਕੇਸ ਨਾਲ ਜੁੜੇ ਤੱਥ ਇਸ ਤਰਾਂ ਦੀ ਕਹਾਣੀ ਦੱਸਦੇ ਹਨ ਕਿ 2009 ਵਿੱਚ ਪੀਲ ਪੁਲੀਸ ਦਾ ਕਾਂਸਟੇਬਲ ਇਆਨ ਡੈਨ (Ian Dann) ਉਹਨਾਂ ਚਾਰ ਪੁਲੀਸ ਅਫ਼ਸਰਾਂ ਵਿੱਚ ਸ਼ਾਮਲ ਸੀ ਜਿਹਨਾਂ ਬਾਰੇ ਅਦਾਲਤ ਨੇ ਫੈਸਲਾ ਦਿੱਤਾ ਸੀ ਕਿ ਇਹਨਾਂ ਨੇ ਲੀਓਰਾ ਸ਼ੇਮੈਸ਼ ਦੇ ਕਲਾਇੰਟ ਨਾਲ ਧੱਕਾ ਮੁੱਕੀ ਕੀਤੀ ਸੀ। ਅਦਾਲਤ ਮੁਤਾਬਕ ਪੁਲੀਸ ਅਫ਼ਸਰਾਂ ਦਾ ਵਤੀਰਾ ਅਤੀਅੰਤ ਗਲਤ ਸੀ। ਫੇਰ ਇਸੇ ਵਕੀਲ ਦੇ ਇੱਕ ਹੋਰ ਕਲਾਇੰਟ ਦਾ ਡਰੱਗ ਟਰੈਫਿਕਿੰਗ ਕੇਸ ਅਦਾਲਤ ਵਿੱਚ ਗਿਆ ਜਿਸ ਵਿੱਚ ਕਾਂਸਟੇਬਲ ਇਆਨ ਡੈਨ ਉੱਤੇ ਦੋਸ਼ ਲੱਗੇ ਕਿ ਉਸਨੇ ਦੋਸ਼ੀ ਦੇ ਘਰ ਦੀ ਸੇਫ਼ ਵਿੱਚੋਂ ਪੈਸੇ ਕੱਢ ਲਏ ਸਨ।

ਵਰਨਣਯੋਗ ਹੈ ਕਿ ਇਸ ਪੁਲੀਸ ਅਫ਼ਸਰ ਦੇ ਗਲਤ ਵਤੀਰੇ ਕਾਰਣ ਲੀਓਰਾ ਦੇ ਕਲਾਇੰਟ ਨੂੰ ਕੋਈ ਜੇਲ੍ਹ ਨਹੀਂ ਸੀ ਹੋਈ ਹਾਲਾਂਕਿ ਉਸ ਕੋਲੋਂ 3 ਕਿਲੋ ਕੋਕੇਨ ਫੜੀ ਗਈ ਸੀ ਅਤੇ ਉਸਨੇ ਆਪਣਾ ਦੋਸ਼ ਕਬੂਲ ਕੀਤਾ ਸੀ। ਅਦਾਲਤ ਨੇ ਫੈਸਲੇ ਵਿੱਚ ਕਿਹਾ ਸੀ ਕਿ ਪੁਲੀਸ ਅਫ਼ਸਰ ਇਆਨ ਡੈਨ ਵੱਲੋਂ ਪੈਸੇ ਕੱਢ ਲੈਣ ਕਾਰਣ ਡਰੱਗ ਟਰੈਫਿਕਿੰਗ ਕਰਨ ਵਾਲਾ ਟੈਨ-ਹੁੰਗ-ਡਿਨ੍ਹ (Tan-Hung Dinh) 5 ਤੋਂ 8 ਸਾਲ ਦੀ ਕੈਦ ਹੋਣ ਤੋਂ ਵਾਲ ਵਾਲ ਬਚ ਗਿਆ ਹੈ। ਕਿਹਾ ਜਾਂਦਾ ਹੈ ਕਿ ਆਪਣੇ ਗਿਰੇਵਾਨ ਵਿੱਚ ਝਾਕਣ ਦੀ ਥਾਂ ਪੁਲੀਸ ਨੇ ਵਕੀਲ ਲੀਓਰਾ ਉੱਤੇ ਸ਼ਿਕੰਜਾ ਕੱਸਣ ਦੀ ਤਿਆਰੀ ਵਿੱਢ ਲਈ। ਪੀਲ ਪੁਲੀਸ ਵੱਲੋਂ ਬਾਅਦ ਵਿੱਚ ਲੀਓਰਾ ਉੱਤੇ ਚਾਰਜ ਲਾਏ ਗਏ ਕਿ ਉਸਨੇ ਪੁਲੀਸ ਅਫ਼ਸਰ ਡੈਨ ਦੇ ਅਕਸ ਨੂੰ ਖਰਾਬ ਕਰਨ ਲਈ ਝੂਠ ਅਫਵਾਹ ਫੈਲਾਈ ਕਿ ਉਸ ਕੋਲ ਡੈਨ ਵੱਲੋਂ ਪੈਸੇ ਚੋਰੀ ਕਰਨ ਦੀ ਵੀਡੀਓ ਹੈ। ਜੂਨ 2018 ਵਿੱਚ ਲੀਓਰਾ ਦੀ ਵਕੀਲ ਮਰੀ ਹਨੀਨ (Marie Henien) ਨੇ ਅਜਿਹੇ ਤਰਕ ਦਿੱਤੇ ਕਿ ਡੀਫੈਂਸ ਪ੍ਰੌਜ਼ੀਕਿਊਟਰਾਂ ਨੂੰ ਮੁੱਕਦਮਾ ਵਾਪਸ ਲੈਣਾ ਪਿਆ ਸੀ। ਪੁਲੀਸ ਅਫ਼ਸਰ ਇਆਨ ਡੈਨ ਨੇ ਬਾਅਦ ਵਿੱਚ ਅਦਾਲਤ ਵਿੱਚ ਕਬੂਲ ਕੀਤਾ ਸੀ ਕਿ ਉਸਨੇ ਲੀਓਰਾ ਦੇ ਕਲਾਇੰਟ ਦੀ ਸੇਫ਼ ਵਿੱਚੋਂ ਪੈਸੇ ਕੱਢੇ ਸਨ।

ਮਰੀ ਹਨੀਨ ਉਹੀ ਵਕੀਲ ਹੈ ਜਿਸਨੇ ਥੋੜੇ ਦਿਨ ਪਹਿਲਾਂ ਕੈਨੇਡੀਅਨ ਨੇਵੀ ਦੇ ਵਾਈਸ ਐਡਮਿਰਲ ਮਾਰਕ ਨੌਰਮਨ ਦੇ ਕੇਸ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਸਮੁੱਚੀ ਫੈਡਰਲ ਸਰਕਾਰ ਨੂੰ ਇੱਕ ਕਿਸਮ ਨਾਲ ਵਖ਼ਤ ਪਾ ਦਿੱਤਾ ਸੀ। ਸੀ ਬੀ ਸੀ ਰੇਡੀਓ ਸ਼ੋਅ ਹੋਸਟ ਜਿਆਨ ਗੋਮੇਸ਼ੀ ਦਾ ਕੇਸ ਵੀ ਇਸ ਵਕੀਲ ਨੇ ਹੀ ਲੜਿਆ ਸੀ। ਹੁਣ ਆਪਣੇ ਸਵਾ ਮਿਲੀਅਨ ਡਾਲਰ ਹਰਜਾਨੇ ਦੇ ਕੇਸ ਵਿੱਚ ਲੀਓਰਾ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਆਪਣੀਆਂ ਖਾਮੀਆਂ ਨੂੰ ਛੁਪਾਉਣ ਲਈ ਅਤੇ ਬਦਲੇ ਦੀ ਭਾਵਨਾ ਤਹਿਤ ਪੀਲ ਪੁਲੀਸ ਅਤੇ ਸਰਕਾਰੀ ਵਕੀਲ (ਪ੍ਰੌਜ਼ੀਕਿਊਟਰ) ਉਸ ਪਿੱਛੇ ਹੱਥ ਧੋ ਕੇ ਪਏ ਹੋਏ ਸਨ।

ਵਕਾਲਤ ਦੇ ਕਿੱਤੇ ਵਿੱਚ ਆਉਣ ਤੋਂ ਪਹਿਲਾਂ ਲੀਓਰਾ ਸ਼ੇਮੈਸ਼ ਕੈਨੇਡਾ ਦੀ ਫਿਗਰ ਸਕੇਟਿੰਗ ਟੀਮ ਦੀ ਮੈਂਬਰ ਹੁੰਦੀ ਸੀ। ਵਕਾਲਤ ਦੇ ਪ੍ਰੋਫੈਸ਼ਨਲ ਸਰਕਲਾਂ ਵਿੱਚ ਉਸਦੁ ਅਤਿ ਦੀ ਗੰਭੀਰ ਅਕਸ ਵਾਲੀ ਅਤੇ ਆਪਣੇ ਵਿਰੋਧੀਆਂ ਨੂੰ ਕਰੜੇ ਹੱਥੀਂ ਲੈਣ ਲਈ ਜਾਣੀ ਜਾਂਦੀ ਹੈ। ਸਹੀ ਹੈ ਕਿ ਮਰੀ ਹਨੀਨ ਅਤੇ ਲੀਓਰਾ ਸ਼ੇਮੈਸ਼ ਵਰਗੀਆਂ ਔਰਤਾਂ ਕਿੱਤੇ ਵਜੋਂ ਵਕੀਲ ਹੋਣ ਅਤੇ ਆਪਣੇ ਹੱਕਾਂ ਦੀ ਜਾਣਕਾਰੀ ਰੱਖਣ ਕਾਰਣ ਪੁਲੀਸ ਅਫ਼ਸਰਾਂ ਅਤੇ ਸਰਕਾਰੀ ਵਕੀਲਾਂ ਨਾਲ ਮੱਥਾ ਲਾ ਲੈਂਦੀਆਂ ਹਨ। ਪਰ ਸੁਆਲ ਹੈ ਕਿ ਉਸ ਸਾਧਾਰਣ ਵਿਅਕਤੀ ਲਈ ਇਨਸਾਫ਼ ਹਾਸਲ ਕਰਨਾ ਕਿੰਨਾ ਮੁਸ਼ਕਲ ਹੋ ਸਕਦਾ ਹੈ ਜਿਸਨੂੰ ਪੁਲੀਸ ਅਤੇ ਸਰਕਾਰੀ ਵਕੀਲ ਆਪਣੇ ਰਾਹ ਦਾ ਰੋੜਾ ਸਮਝਣ ਲੱਗ ਪੈਣ।

## ਏਹ ਹਮਾਰਾ ਜੀਵਣਾ..

-ਐਸ ਆਰ ਲੱਧੜ

ਅਖ਼ਬਾਰਾਂ ਵਿੱਚ ਛਪੀ ਖਬਰ ਅਜੇ ਠੰਢੀ ਵੀ ਨਹੀਂ ਸੀ ਪਈ (ਇਸ ਵਿੱਚ ਰੋਹਤਕ, ਹਰਿਆਣਾ ਵਿੱਚ ਸੀਵਰ ਸਾਫ ਕਰਦਿਆਂ ਚਾਰ ਸਫਾਈ ਸੇਵਕਾਂ ਦੀ ਮੌਤ ਹੋ ਗਈ ਸੀ) ਕਿ ਤਿੰਨ ਚਾਰ ਦਿਨ ਬਾਅਦ ਲੁਧਿਆਣਾ ਦੇ ਸੀਵਰ ਦੀ ਸਫਾਈ ਕਰਦਿਆਂ ਇਕ ਹੋਰ ਸਫਾਈ ਸੇਵਕ ਦੀ ਮੌਤ ਹੋ ਗਈ। ਭਾਰਤ ਸਰਕਾਰ ਨੇ ਮੈਨੂਅਲ ਸਕੈਵੇਂਜਿੰਗ ਐਕਟ 2013 ਪਾਸ ਕਰ ਕੇ ਸੀਵਰਾਂ ਦੀ ਇਨਸਾਨਾਂ ਵੱਲੋਂ ਸਫਾਈ ਬਿਨਾ ਆਕਸੀਜਨ ਗੈਸ ਅਤੇ ਹੋਰ ਸੇਫਟੀ ਯੰਤਰ ਲਏ ਗੈਰ ਕਾਨੂੰਨੀ ਅਤੇ ਸਜ਼ਾ ਯੋਗ ਬਣਾਈ ਹੈ, ਪਰ 'ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ' ਦੀ ਕਹਾਵਤ ਵਾਂਗ ਕਾਨੂੰਨ ਦੀ ਪ੍ਰਵਾਹ ਕੌਣ ਕਰਦਾ ਹੈ।

ਇਸ ਪਿੱਛੇ ਜਿਥੇ ਭਾਰਤ ਦੀ ਕਾਨੂੰਨ ਲਾਗੂ ਕਰਨ ਦੀ ਕਮਜ਼ੋਰ ਵਿਵਸਥਾ ਦਿਸਦੀ ਹੈ, ਉਥੇ ਸੀਵਰਾਂ ਦੀ ਸਫਾਈ ਅਨੁਸੂਚਿਤ ਜਾਤੀ ਦੇ ਵਿਸ਼ੇਸ਼ ਤਬਕੇ ਤੋਂ ਕਰਵਾਉਣਾ ਵੀ ਵੱਡਾ ਕਾਰਨ ਹੈ। ਭਾਰਤ ਵਿੱਚ ਸੀਵਰ ਸਫਾਈ ਇੱਕ ਵਿਸ਼ੇਸ਼ ਜਾਤੀ ਦਾ ਕੰਮ ਰਿਹਾ ਹੈ। ਇਹ ਜਾਤ ਅਨੁਸੂਚਿਤ ਜਾਤਾਂ ਵਿੱਚ ਵੀ ਸਭ ਤੋਂ ਹੇਠਲੇ ਪੌਡੇ ਉਤੇ ਹੈ। ਡਾ. ਬੀ ਆਰ ਅੰਬੇਡਕਰ ਨੇ ਭਾਵੇਂ ਸੰਵਿਧਾਨ ਲਿਖਦੇ ਸਮੇਂ ਜਾਤ ਪਾਤ, ਛੂਤ ਛਾਤ ਖਤਮ ਕਰਦਿਆਂ ਸਭ ਨੂੰ ਬਰਾਬਰ ਦੇ ਹੱਕ ਦਿੱਤੇ ਸਨ, ਇਸਤਰੀ ਮਰਦ ਦਾ ਭੇਦਭਾਵ ਖਤਮ ਕਰ ਦਿੱਤਾ ਸੀ, ਪਰ ਇਹ ਸਭ ਕਾਗਜ਼ਾਂ ਵਿੱਚ ਹੀ ਰਹਿ ਗਿਆ ਹੈ। ਹਕੀਕਤ ਵਿੱਚ ਬਦਲਾਓ ਬਹੁਤ ਘੱਟ ਆਇਆ ਹੈ। ਅੱਜ ਵੀ ਸਫਾਈ ਦਾ ਕੰਮ, ਗੰਦੀਆਂ ਗਲੀਆਂ ਤੇ ਸੜਕਾਂ ਦੀ ਸਫਾਈ ਦਾ ਕੰਮ ਛੋਟੇ ਸ਼ਹਿਰਾਂ ਵਿੱਚ ਖੁੱਲ੍ਹੀਆਂ ਡ੍ਰੇਨਾਂ ਵਿੱਚੋਂ ਗੰਦਗੀ ਕੱਢਣ ਅਤੇ ਗੰਦਗੀ ਸ਼ਹਿਰ ਵਿੱਚੋਂ ਬਾਹਰ ਲਿਜਾਣ ਦਾ ਕੰਮ, ਪੌਲੀਥੀਨ ਜਾਂ ਕਿਸੇ ਹੋਰ ਕਾਰਨ ਕਰਕੇ ਜਾਮ ਹੋਏ ਸੀਵਰ ਖੋਲ੍ਹਣ ਤੇ ਚਾਲੂ ਹਾਲਤ ਵਿੱਚ ਰੱਖਣ ਦਾ ਕੰਮ ਅਨੁਸੂਚਿਤ ਜਾਤੀ ਵਿੱਚੋਂ ਵੀ ਇਕ ਵਿਸ਼ੇਸ਼ ਜਾਤੀ ਦੇ ਜ਼ਿੰਮੇ ਹੈ।

ਸਿਤਮ ਇਹ ਹੈ ਕਿ ਨਾ ਸਥਾਨਕ ਸਰਕਾਰਾਂ ਅਤੇ ਨਾ ਸੂਬਾ ਸਰਕਾਰਾਂ ਇਹ ਪ੍ਰਵਾਹ ਕਰਦੀਆਂ ਹਨ ਕਿ ਜੇ ਮੈਨੂਅਲ ਸਕੈਵੇਂਜਿੰਗ ਐਕਟ 2013 ਲਾਗੂ ਕਰਨਾ ਹੈ ਤਾਂ ਸੀਵਰਾਂ ਅਤੇ ਸੈਪਟਿਕ ਟੈਂਕਾਂ ਦੀ ਸਫਾਈ ਮਸ਼ੀਨਾਂ ਅਤੇ ਰੋਬੋਟਾਂ ਨਾਲ ਕਰਾਉਣੀ ਚਾਹੀਦੀ ਹੈ। ਜੇ ਅਜਿਹਾ ਪ੍ਰਬੰਧ ਨਹੀਂ ਕੀਤਾ ਜਾਂਦਾ ਤਾਂ ਅਜਿਹੀਆਂ ਮੌਤਾਂ ਭਾਰਤ ਦੇ ਕਿਸੇ ਨਾ ਕਿਸੇ ਸ਼ਹਿਰ ਵਿੱਚ ਹਰ ਰੋਜ਼ ਹੋਣੀਆਂ ਲਾਜ਼ਮੀ ਹਨ। ਕੁਝ ਮਹੀਨੇ ਪਹਿਲਾਂ ਛਪੀ ਸਰਵੇਖਣ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ ਹਫਤੇ ਸਫਾਈ ਕਰਮਚਾਰੀਆਂ ਦੀਆਂ ਪੰਜ ਮੌਤਾਂ ਸੀਵਰ ਸਫਾਈ ਵੇਲੇ ਹੁੰਦੀਆਂ ਹਨ। ਪੰਜਾਬ ਵਿੱਚ ਕੰਮਦੀ ਪੈਗਾਮ ਸੰਸਥਾ (ਫੂਲੇ ਅੰਬੇਡਕਰ ਆਦਰਸ਼ਵਾਦੀ ਮੁਹਿੰਮ) ਨੇ 10 ਮਈ 2019 ਨੂੰ ਪੰਜਾਬ ਦੇ ਮੁੱਖ ਮੰਤਰੀ ਨੂੰ ਇਹ ਮੌਤਾਂ ਰੋਕਣ ਲਈ ਪੱਤਰ ਲਿਖ ਕੇ ਬੇਨਤੀ ਕੀਤੀ ਸੀ ਕਿ ਸੀਵਰ ਸਫਾਈ ਦਾ ਕੰਮ ਮਸ਼ੀਨਾਂ ਤੋਂ ਲਿਆ ਜਾਵੇ। ਠੇਕੇਦਾਰੀ ਸਿਸਟਮ ਨਾਲ ਸੀਵਰ ਸਫਾਈ ਉਤੇ ਪੂਰੀ ਪਾਬੰਦੀ ਲਾਈ ਜਾਵੇ। ਮਨੁੱਖ ਵੱਲੋਂ ਬਿਨਾ ਸੇਫਟੀ ਯੰਤਰ ਸਫਾਈ ਕਰਵਾਉਣ ਵਾਲਿਆਂ ਖਿਲਾਫ ਅਪਰਾਧਿਕ ਮਾਮਲੇ ਦਰਜ ਕੀਤੇ ਜਾਣ। ਇਸ ਪੱਤਰ ਵਿੱਚ ਇਹ ਜ਼ਿਕਰ ਕੀਤਾ ਗਿਆ ਕਿ ਜੇ ਸੀਵਰਾਂ ਦੀ ਸਫਾਈ ਉਚ ਜਾਤੀ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਹੁੰਦੀ ਤਾਂ ਹੁਣ ਤੱਕ ਨੈਨੋ ਤਕਨਾਲੋਜੀ ਵੀ ਭਾਰਤ ਵਿੱਚ ਸੀਵਰਾਂ ਦੀ ਸਫਾਈ ਲਈ ਹਾਸਲ ਹੋ ਜਾਣੀ ਸੀ। ਸਰਕਾਰੀ ਅਫਸਰਾਂ ਦੀ ਮਾਨਸਿਕਤਾ ਵੀ ਸਮਾਜ ਦੀ ਮਾਨਸਿਕਤਾ ਤੋਂ ਭਿੰਨ ਨਹੀਂ। ਅਫਸਰ, ਖਾਸ ਕਰਕੇ ਸਥਾਨਕ ਸਰਕਾਰ ਨਾਲ ਸਬੰਧਤ ਅਫਸਰ ਸੰਵੇਦਨਸ਼ੀਲ ਨਹੀਂ ਹਨ। ਜ਼ਿੰਮੇਵਾਰ ਠੇਕੇਦਾਰ ਅਤੇ ਅਫਸਰ ਦੋਵਾਂ ਖਿਲਾਫ ਅਪਰਾਧਿਕ ਕੇਸ ਦਰਜ ਹੋਣੇ ਚਾਹੀਦੇ ਹਨ। ਅਦਾਲਤਾਂ ਵੀ ਸਫਾਈ ਸੇਵਕਾਂ ਦੀਆਂ ਮੌਤਾਂ 'ਤੇ ਚੁੱਪ ਧਾਰ ਰੱਖਦੀਆਂ ਹਨ, ਜਦੋਂ ਇਨ੍ਹਾਂ ਨੂੰ ਰਾਖਵੇਂਕਰਨ ਦਾ ਕੋਈ ਮਸਲਾ ਹੋਵੇ ਤਾਂ ਇਨ੍ਹਾਂ ਨੁਕਤਿਆਂ ਉੱਤੇ ਫੈਸਲੇ ਦਿੱਤੇ ਜਾਂਦੇ ਹਨ ਜੋ ਪਟੀਸ਼ਨ ਦਾ ਹਿੱਸਾ ਵੀ ਨਹੀਂ ਹੁੰਦੇ। ਅਜਿਹੇ ਕਾਫੀ ਕੇਸ ਹਨ, ਜਿਨ੍ਹਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਿਛਲੇ ਸਾਲ ਐਸ ਸੀ/ ਐਸ ਟੀ ਐਕਟ ਨੂੰ ਕਮਜ਼ੋਰ ਕਰਨ ਦੀ ਅਦਾਲਤ ਦੀ ਕਾਰਵਾਈ ਵੱਲ ਇਸ਼ਾਰਾ ਮਾਤਰ ਕਰਨਾ ਹੀ ਕਾਫੀ ਹੋਵੇਗਾ।

ਭਾਰਤ ਅਤੇ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਕੋਈ ਮਨੁੱਖ ਸੀਵਰ /ਸੈਪਟਿਕ ਟੈਂਕ ਵਿੱਚ ਵੜ ਕੇ ਆਪ ਸਫਾਈ ਨਹੀਂ ਕਰੇਗਾ। ਜੇ ਏਦਾਂ ਹੋਵੇਗਾ ਤਾਂ ਜੇ ਈ, ਐਸ ਡੀ ਓ ਅਤੇ ਕਾਰਜਕਾਰੀ ਇੰਜੀਨੀਅਰ ਸਮੇਤ ਠੇਕੇਦਾਰ ਦੇ ਖਿਲਾਫ ਬਿਨਾ ਛੋਟ ਕੇਸ ਦਰਜ ਹੋਣਾ ਚਾਹੀਦਾ ਹੈ ਅਤੇ ਇਹ ਕੇਸ ਜ਼ਮਾਨਤ ਯੋਗ ਵੀ ਨਹੀਂ ਹੋਣਾ ਚਾਹੀਦਾ। ਲੁਧਿਆਣਾ ਸੀਵਰ ਵਿੱਚ ਸਫਾਈ ਮੌਕੇ ਮੌਤ ਦੀ ਖਬਰ ਜਦੋਂ ਆਈ ਏ ਐਸ ਅਫਸਰਾਂ ਨੂੰ ਵਟਸਐਪ ਗਰੁੱਪ ਵਿੱਚ ਪਾਈ ਤਾਂ ਇਕ ਵੀ ਅਫਸਰ ਨੇ ਟਿੱਪਣੀ ਨਹੀਂ ਦਿੱਤੀ, ਜਦ ਕਿ ਫਾਲਤੂ ਦੇ ਵਟਸਐਪ ਅਤੇ ਲਾਈਕਸ ਅਤੇ ਟਿੱਪਣੀਆਂ ਦਾ ਹੜ੍ਹ ਆ ਜਾਂਦਾ ਹੈ। 1983 ਦੇ ਇਕ ਸੀਨੀਅਰ ਸਾਬਕਾ ਅਧਿਕਾਰੀ ਨੇ ਮਸ਼ਹੂਰ ਕਵੀ ਦੀਆਂ ਇਹ ਸਤਰਾਂ ਵਟਸਐਪ ਗਰੁੱਪ ਵਿੱਚ ਸਾਂਝੀਆਂ ਕੀਤੀਆਂ, 'ਉਸ ਨੇ ਮੇਰਾ ਕਤਲ ਕਰਕੇ ਗੰਗਾ 'ਚ ਹੱਥ ਧੋਤੇ/ ਗੰਗਾ ਦੇ ਪਾਣੀਆਂ ਵਿੱਚ ਕੁਹਰਾਮ ਨਹੀਂ ਹੈ।' ਪੈਗਾਮ ਨੇ ਪੰਜਾਬ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਯਾਦ ਕਰਵਾਉਂਦਿਆਂ ਲਿਖਿਆ ਹੈ-ਇਸ ਗੱਲ ਉਤੇ ਜ਼ੋਰ ਦੇਣ ਦੀ ਲੋੜ ਨਹੀਂ ਹੈ ਕਿ ਸਿਆਸੀ ਤਾਕਤ ਵੱਲੋਂ ਚੁੱਪ ਧਾਰਨ ਕਰ ਲੈਣਾ ਸਮੱਸਿਆ ਦਾ ਹੱਲ ਹੈ, ਅਜਿਹਾ ਨਾ ਕਦੇ ਹੋਇਆ ਸੀ ਅਤੇ ਨਾ ਹੀ ਕਦੇ ਹੋਵੇਗਾ।'

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਯੂਨਾਈਟਿਡ ਅਕਾਲੀ ਦਲ ਦੋਫਾੜ, ਮੋਹਕਮ ਸਿੰਘ ਨੂੰ ਹਟਾ ਕੇ ਗੁਰਦੀਪ ਸਿੰਘ ਬਠਿੰਡਾ ਨੂੰ ਨਵਾਂ ਪ੍ਰਧਾਨ ਚੁਣਿਆ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਗੋਲੀਕਾਂਡ ਪਿੱਛੋਂ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ 'ਚ ਚੱਲੇ ਮੋਰਚੇ ਦੀ ਸਮਾਪਤੀ ਪਿੱਛੋਂ ਵਿਵਾਦ ਨਾਲ ਗਰਮ ਖਿਆਲੀ ਵਿਚਾਰਧਾਰਾ ਵਾਲੀਆਂ ਪੰਥਕ ਜਥੇਬੰਦੀਆਂ ਇਕੱਠੇ ਹੋਣ ਦੀ ਥਾਂ ਫੁੱਟ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਮੋਰਚੇ 'ਚ ਅਹਿਮ ਭੂਮਿਕਾ ਨਿਭਾਉਣ ਵਾਲਾ ਯੂਨਾਈਟਿਡ ਅਕਾਲੀ ਦਲ ਵੀ ਦੋਫਾੜ ਹੋ ਗਿਆ ਹੈ। ਪਾਰਟੀ ਦੇ ਕਈ ਵੱਡੇ ਅਹੁਦੇਦਾਰਾਂ ਅਤੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਆਗੂਆਂ ਨੇ ਚੰਡੀਗੜ੍ਹ 'ਚ ਮੀਟਿੰਗ ਕਰ ਕੇ ਭਾਈ ਮੋਹਕਮ ਸਿੰਘ ਨੂੰ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾ ਕੇ ਉਨ੍ਹਾਂ ਦੀ ਥਾਂ ਸੀਨੀਅਰ ਆਗੂ ਗੁਰਦੀਪ ਸਿੰਘ ਬਠਿੰਡਾ ਨੂੰ ਪ੍ਰਧਾਨ ਬਣਾ ਲਿਆ ਹੈ। ਇਸੇ ਦੌਰਾਨ ਮੋਹਕਮ ਸਿੰਘ ਨੇ ਇਸ ਚੋਣ ਨੂੰ ਅਣ-ਅਧਿਕਾਰਕ ਦੱਸ ਕੇ ਕਿਹਾ ਕਿ ਪਾਰਟੀ ਪੂਰੀ ਤਰ੍ਹਾਂ ਇਕਜੁੱਟ ਹੈ।

ਕੱਲ੍ਹ ਕਿਸਾਨ ਭਵਨ ਚੰਡੀਗੜ੍ਹ ਵਿਖੇ ਮੋਹਕਮ ਸਿੰਘ ਵਿਰੋਧੀ ਗਰੁੱਪ ਨਾਲ ਸੰਬੰਧਤ ਇਕੱਠੇ ਹੋਏ ਆਗੂਆਂ ਨੇ ਨਵਾਂ ਪ੍ਰਧਾਨ ਚੁਣਨ ਤੋਂ ਬਾਅਦ ਆਪਣੇ ਭਵਿੱਖ ਦੇ ਪ੍ਰੋਗਰਾਮ ਬਾਰੇ ਵੀ ਐਲਾਨ ਕਰ ਦਿੱਤਾ ਹੈ ਕਿ ਬੇਅਦਬੀ ਅਤੇ ਗੋਲੀਕਾਂਡ ਦੇ ਸਾਰੇ ਦੋਸ਼ੀਆਂ ਦੀ ਗ੍ਰਿਫਤਾਰੀ, ਜੇਲ੍ਹਾਂ 'ਚ ਬੰਦ ਸਿੱਖ ਨਜ਼ਰਬੰਦਾਂ ਦੀ ਰਿਹਾਈ ਲਈ ਸੰਘਰਸ਼ ਕੀਤਾ ਜਾਵੇਗਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਵੀ ਐਲਾਨ ਕੀਤਾ ਹੈ। ਇਸ ਮੌਕੇ ਮੌਜੂਦ ਸੀਨੀਅਰ ਪਾਰਟੀ ਆਗੂ ਜਥੇਦਾਰ ਗੁਰਨਾਮ ਸਿੰਘ ਸਿੱਧੂ ਨੇ ਕਿਹਾ ਕਿ ਛੇ ਸਾਲ ਤੋਂ ਪਾਰਟੀ ਦੀ ਚੋਣ ਨਹੀਂ ਹੋਈ, ਜਦ ਕਿ ਨਿਯਮਾਂ ਦੇ ਅਨੁਸਾਰ ਦੋ ਸਾਲ ਬਾਅਦ ਹੋਣੀ ਬਣਦੀ ਹੈ। ਉਨ੍ਹਾਂ ਕਿਹਾ ਕਿ ਭਾਈ ਮੋਹਕਮ ਸਿੰਘ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਉਨ੍ਹਾਂ ਨੇ ਚੋਣ ਨਹੀਂ ਕਰਵਾਈ, ਜਿਸ ਕਾਰਨ ਪਾਰਟੀ ਦੇ ਬਹੁ ਗਿਣਤੀ ਮੈਂਬਰਾਂ ਦੀ ਸਲਾਹ ਨਾਲ ਕੱਲ੍ਹ ਦਾ ਚੋਣ ਇਜਲਾਸ ਰੱਖਿਆ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਦੇ ਬਹੁ ਗਿਣਤੀ ਆਗੂ ਤੇ ਮੈਂਬਰ ਗੁਰਦੀਪ ਸਿੰਘ ਨਾਲ ਸਹਿਮਤ ਹਨ।

ਇਸੇ ਦੌਰਾਨ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਵੱਖਰੀ ਮੀਟਿੰਗ ਕਰਨ ਨਾਲ ਸਿੱਖਾਂ ਨੂੰ ਗਲਤ ਸੰਦੇਸ਼ ਜਾਵੇਗਾ, ਜਦ ਕਿ ਇਸ ਸਮੇਂ ਸਮੁੱਚੀਆਂ ਪੰਥਕ ਧਿਰਾਂ ਦੇ ਏਕੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੁਝ ਆਗੂਆਂ ਵੱਲੋਂ ਕੀਤੀ ਚੋਣ ਮੀਟਿੰਗ ਅਣ-ਧਿਕਾਰਤ ਹੈ ਅਤੇ ਪਾਰਟੀ ਪੂਰੀ ਤਰ੍ਹਾਂ ਇਕਜੁੱਟ ਹੈ। ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਅੰਮ੍ਰਿਤਸਰ ਵਿਖੇ ਪਾਰਟੀ ਮੀਟਿੰਗ ਸੱਦ ਕੇ ਸਾਰੇ ਮਾਮਲੇ ਬਾਰੇ ਵਿਚਾਰ ਕੀਤੀ ਜਾਵੇਗੀ ਅਤੇ ਜੇ ਭਾਈ ਗੁਰਦੀਪ ਸਿੰਘ ਨੂੰ ਪ੍ਰਧਾਨ ਬਣਨ ਦੀ ਹੀ ਇੱਛਾ ਸੀ ਤਾਂ ਉਹ ਉਨ੍ਹਾਂ ਨੂੰ ਦੱਸ ਦਿੰਦੇ, ਪਰ ਇਸ ਤਰ੍ਹਾਂ ਵੱਖਰੀ ਮੀਟਿੰਗ ਕਰ ਕੇ ਠੀਕ ਨਹੀਂ ਕੀਤਾ।

## ਹਿੰਦੂ ਦੇਵੀ-ਦੇਵਤਿਆਂ ਬਾਰੇ ਭੱਦੇ ਸ਼ਬਦ ਲਿਖਣ ਵਾਲਿਆਂ ਵਿਰੁੱਧ ਕੇਸ ਦਰਜ

ਜਲੰਧਰ, 14 ਜੁਲਾਈ (ਪੋਸਟ ਬਿਊਰੋ)- ਇਸ ਮਹਾਨਗਰ ਦੇ ਇੱਕ ਵਟਸਐਪ ਗਰੁੱਪ ਵਿੱਚ ਹਿੰਦੂ ਦੇਵੀ-ਦੇਵਤਿਆਂ ਦੇ ਬਾਰੇ ਭੱਦੀ ਸ਼ਬਦ ਅਤੇ ਅਪਮਾਨਿਤ ਕਰਨ ਵਾਲੇ ਮੈਸੇਜ ਪੋਸਟ ਕਰ ਰਹੇ ਦੋ ਨੌਜਵਾਨਾਂ 'ਤੇ ਥਾਣਾ ਨੰਬਰ ਇੱਕ ਦੀ ਪੁਲਸ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਲਾਉਣ, ਦੋ ਧਰਮਾਂ ਨੂੰ ਆਪੋ ਵਿੱਚ ਲੜਾਉਣ ਦੀ ਕੋਸ਼ਿਸ਼ ਅਤੇ ਆਈ ਟੀ ਐਕਟ ਦਾ ਕੇਸ ਦਰਜ ਕੀਤੀ ਹੈ। ਇਹ ਕਾਰਵਾਈ ਐਡਵੋਕੇਟ ਵਰੁਣ ਕੰਬੋਜ ਹਨੀ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ।

ਸਵਾਮੀ ਵਿਵੇਕਾਨੰਦ ਸਮ੍ਰਿਤੀ ਮੰਚ ਤੇ ਭਾਜਪਾ ਯੁਵਾ ਮੋਰਚਾ ਦੇ ਸੂਬਾ ਸੈਕਟਰੀ ਐਡਵੋਕੇਟ ਵਰੁਣ ਕੰਬੋਜ਼ (ਹਨੀ) ਤੇ ਸੰਨੀ ਸ਼ਰਮਾ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ 10 ਜੁਲਾਈ ਨੂੰ ਜਲੰਧਰ ਦੇ ਵਟਸਐਪ ਗਰੁੱਪ ਵਿੱਚ ਮਨਿੰਦਰ ਸਿੰਘ ਉਰਫ ਰਾਮਗੜ੍ਹੀਆ ਵਾਸੀ ਹਰਨਾਮਦਾਸਪੁਰਾ ਨੇ ਹਿੰਦੂ ਦੇਵੀ-ਦੇਵਤਿਆਂ ਬਾਰੇ ਗਲਤ ਮੈਸੇਜ ਪਾਇਆ ਸੀ। ਇਸ ਮੈਸੇਜ ਦਾ ਵਟਸਐਪ ਗਰੁੱਪ ਵਿੱਚ ਵਿਰੋਧ ਹੋਇਆ, ਪ੍ਰੰਤੂ ਇਸੇ ਦੌਰਾਨ ਜੋਗਿੰਦਰ ਸਿੰਘ ਉਰਫ ਬਲਜਿੰਦਰ ਸਿੰਘ ਸੰਧੂ ਪੁੱਤਰ ਗੁਰਬਚਨ ਸਿੰਘ ਵਾਸੀ ਆਨੰਦ ਨਗਰ ਨੇ ਮਨਿੰਦਰ ਸਿੰਘ ਉਰਫ ਰਾਮਗੜ੍ਹੀਆ ਦਾ ਸਾਥ ਦਿੱਤਾ। ਜਦੋਂ ਹਨੀ ਕੰਬੋਜ ਦੇ ਕੋਲ ਸਾਰਾ ਮਾਮਲਾ ਪਹੁੰਚਿਆ ਤਾਂ ਉਨ੍ਹਾਂ ਨੇ ਡੀ ਸੀ ਪੀ ਇਨਵੈਸਟੀਗੇਸ਼ਨ ਨੂੰ ਸ਼ਿਕਾਇਤ ਕੀਤੀ ਅਤੇ ਐਕਸ਼ਨ ਲੈਣ ਦੀ ਮੰਗ ਕੀਤੀ। ਕੱਲ੍ਹ ਸਵੇਰੇ ਹਨੀ ਕੰਬੋਜ ਨੇ ਡੀ ਸੀ ਪੀ ਨੂੰ ਮੈਸੇਜ ਬਾਰੇ ਹੋਰ ਸਕਰੀਨ ਸ਼ਾਟ ਦਿੱਤੇ, ਜਿਸ ਦੇ ਬਾਅਦ ਥਾਣਾ ਨੰਬਰ ਇੱਕ ਦੀ ਪੁਲਸ ਨੇ ਮਨਿੰਦਰ ਸਿੰਘ ਉਰਫ ਰਾਮਗੜ੍ਹੀਆ ਅਤੇ ਜੋਗਿੰਦਰ ਸਿੰਘ ਦੇ ਖਿਲਾਫ 295 ਏ, 505 (2), ਆਈ ਟੀ ਐਕਟ 2008 ਦੇ ਅਧੀਨ ਕੇਸ ਦਰਜ ਕਰ ਲਿਆ ਹੈ। ਹਨੀ ਕੰਬੋਜ ਨੇ ਕਿਹਾ ਕਿ ਸਮਾਜ ਵਿੱਚ ਮਾਹੌਲ ਖਰਾਬ ਕਰਨ ਵਾਲਿਆਂ ਨੂੰ ਪੁਲਸ ਜਲਦੀ ਗ੍ਰਿਫਤਾਰ ਕਰੇ।

## ਆਮ ਆਦਮੀ ਪਾਰਟੀ ਨੇ ਕਿਹਾ: ਐੱਸ ਵਾਈ ਐੱਲ ਨਹਿਰ ਨੂੰ ਭੁੱਲ ਕੇ ਹਰਿਆਣਾ ਯਮੁਨਾ-ਸ਼ਾਰਦਾ ਲਿੰਕ ਨਹਿਰ ਬਾਰੇ ਸੋਚੇ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਹਰਿਆਣਾ ਦੀ ਸਰਕਾਰ ਨੂੰ ਕਿਹਾ ਹੈ ਕਿ ਉਹ ਸਤਲੁਜ-ਯਮੁਨਾ ਲਿੰਕ ਨਹਿਰ (ਐੱਸ ਵਾਈ ਐੱਲ) ਭੁੱਲ ਛੱਡ ਕੇ ਯਮੁਨਾ-ਸ਼ਾਰਦਾ ਲਿੰਕ ਬਾਰੇ ਸੋਚਣਾ ਸ਼ੁਰੂ ਕਰੇ, ਕਿਉਂਕਿ ਐੱਸ ਵਾਈ ਐੱਲ ਨਾ ਪਹਿਲਾ ਸੰਭਵ ਸੀ ਤੇ ਨਾ ਕਦੇ ਬਣੇਗੀ।

ਅੱਜ ਇਸ ਪਾਰਟੀ ਦੀ ਸੂਬਾ ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰ. ਬੁੱਧ ਰਾਮ ਤੇ ਇਸ ਦੇ ਕਿਸਾਨ ਵਿੰਗ ਦੇ ਪ੍ਰਧਾਨ ਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਸੂਬਾ ਪਾਰਟੀ ਹੈੱਡਕੁਆਟਰ ਤੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਦਰਿਆਈ ਪਾਣੀਆਂ ਦੀ ਕਾਣੀ ਵੰਡ ਅਤੇ ਸ਼ਰੇਆਮ ਹੋਈ ਲੁੱਟ ਬਾਰੇ ਕਾਂਗਰਸ ਵਾਂਗ ਕੇਂਦਰ ਦੀ ਭਾਜਪਾ ਸਰਕਾਰ ਤੋਂ ਇਨਸਾਫ਼ ਦੀ ਆਸ ਨਹੀਂ ਰੱਖੀ ਜਾ ਸਕਦੀ, ਕਿਉਂਕਿ ਭਾਜਪਾ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਦਿੱਸਦੀਆਂ ਹਨ ਅਤੇ ਐੱਸ ਵਾਈ ਐੱਲ ਨਹਿਰ ਬਾਰੇ 'ਨਾ ਮੁਮਕਿਨ ਨੂੰ ਮੁਮਕਿਨ ਕਰਨ ਦੇ ਜੁਮਲੇ ਉਛਾਲਣ ਦਾ ਮਾਹੌਲ ਸੁਪਰੀਮ ਕੋਰਟ ਦੇ ਤਾਜ਼ਾ ਨਿਰਦੇਸ਼ਾਂ ਨਾਲ ਬਣ ਗਿਆ ਹੈ। ਪ੍ਰਿੰਸੀਪਲ ਬੁੱਧ ਰਾਮ ਤੇ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਸ ਮਾਹੌਲ ਕਾਰਨ ਦੋਹਰੇ ਕਿਰਦਾਰ ਉੱਤੇ ਪਰਦਾਪੋਸ਼ੀ ਲਈ ਭਾਜਪਾ ਦੇ ਭਾਈਵਾਲ ਅਕਾਲੀ ਦਲ ਨੂੰ ਪੰਜਾਬ ਦੇ ਪਾਣੀਆਂ ਅਤੇ ਰਾਜਧਾਨੀ ਚੰਡੀਗੜ੍ਹ ਦਾ ਹੇਜ ਜਾਗ ਪਿਆ ਹੈ, ਪਰ ਬਾਦਲਾਂ ਨੂੰ ਇਨ੍ਹਾਂ ਮੁੱਦਿਆਂ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨੀ ਚਾਹੀਦੀ ਹੈ। ਜੇ ਕੇਂਦਰ ਸਰਕਾਰ ਨਹੀਂ ਮੰਨਦੀ ਤਾਂ ਹਰਸਿਮਰਤ ਕੌਰ ਬਾਦਲ ਨੂੰ ਸਰਕਾਰ ਵਿਚ ਨਹੀਂ ਰਹਿਣਾ ਚਾਹੀਦਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਸੰਕਟ ਉੱਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਸਰਬ ਪਾਰਟੀ ਬੈਠਕ ਦਾ ਐਲਾਨ ਕਰਕੇ ਭੁੱਲ ਗਏ ਹਨ, ਉਨ੍ਹਾਂ ਨੂੰ ਵਿਧਾਨ ਸਭਾ ਸੈਸ਼ਨ ਸੱਦਣਾ ਚਾਹੀਦਾ ਹੈ। ਪ੍ਰਿੰਸੀਪਲ ਬੁੱਧ ਰਾਮ ਅਤੇ ਕੁਲਤਾਰ ਸਿੰਘ ਸੰਧਵਾਂ ਨੇ ਦਾਅਵਾ ਕੀਤਾ ਕਿ ਦਰਿਆਵਾਂ ਵਿਚ ਪਹਾੜਾਂ ਤੋਂ ਪਾਣੀ ਦੀ ਆਮਦ ਘਟਣ ਦੇ ਬਾਵਜੂਦ ਹੈੱਡਵਰਕਸਾਂ ਅਤੇ ਦਿੱਲੀ ਨੂੰ ਪੂਰਾ ਪਾਣੀ ਜਾਂਦਾ ਹੈ ਅਤੇ ਕੁਦਰਤੀ ਤੌਰ ਉੱਤੇ ਘਟੇ ਪਾਣੀ ਦੀ ਮਾਰ ਇਕੱਲੇ ਪੰਜਾਬ ਰਾਜ ਅਤੇ ਇਸ ਦੇ ਲੋਕਾਂ ਨੂੰ ਪੈ ਰਹੀ ਹੈ।

## ਤਾਜ ਮਹਿਲ ਦੀ ਮੀਨਾਰ ਦੀ ਮੁਰੰਮਤ ਦਾ ਕੰਮ ਕੀਤਾ ਜਾਣ ਲੱਗਾ

ਆਗਰਾ, 14 ਜੁਲਾਈ (ਪੋਸਟ ਬਿਊਰੋ)- ਇੰਡੀਅਨ ਆਰਕਿਆਲੋਜੀਕਲ ਸਰਵੇ (ਏ ਐੱਸ ਆਈ) ਨੇ ਆਗਰਾ ਵਿੱਚ ਯੁਮਨਾ ਨਦੀ ਦੇ ਦੱਖਣੀ ਕੰਢੇ ਉੱਤੇ ਬਣੇ ਚਿੱਟੇ ਸੰਗਮਰਮਰ ਦੇ ਮਕਬਰੇ, ਤਾਜ ਮਹਿਲ, ਦੀ ਉੱਤਰ-ਪੱਛਮੀ ਮੀਨਾਰ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਹੈ। 17ਵੀਂ ਸਦੀ ਦੀ ਪ੍ਰੇਮ-ਪਿਆਰ ਦੀ ਮੂਰਤ ਇਹ ਇਮਾਰਤ ਮੁਗਲ ਬਾਦਸ਼ਾਹ ਸ਼ਾਹ ਜਹਾਨ ਨੇ ਆਪਣੀ ਪਤਨੀ ਮੁਮਤਾਜ ਦੀ ਯਾਦ ਵਿੱਚ ਬਣਵਾਈ ਸੀ। ਮੀਨਾਰ ਦੀ ਛੱਤਰੀ ਵਿੱਚ ਦਰਾੜਾਂ ਪੈਣ ਅਤੇ ਕਈ ਪੱਥਰਾਂ ਦੇ ਗਲ ਜਾਣ ਦਾ ਪਤਾ ਲੱਗਾ ਹੈ। ਇਸ ਦੇ ਨਾਲ ਤਾਜ ਮਹਿਲ ਦੇ ਪੀਲੇਪਣ ਨੂੰ ਹਟਾਉਣ ਲਈ ਮੁੱਖ ਗੁੰਬਦ ਉੱਤੇ ਵੀ ਮੱਡਪੈਕ ਟ੍ਰੀਟਮੈਂਟ ਕਰਨ ਦੀ ਮਨਜ਼ੂਰੀ ਮਿਲ ਗਈ ਹੈ, ਜਿਸ ਦਾ ਕੰਮ ਕੀਤਾ ਜਾਣ ਲੱਗਾ ਹੈ।

ਅਸਲ ਵਿੱਚ ਮੀਨਾਰ ਵਿੱਚ ਲੱਗੇ ਲੋਹੇ ਦੀਆਂ ਕਲੈਂਪਾਂ ਦੇ ਗਲਣ ਕਾਰਨ ਪੱਥਰ ਹਿੱਲ ਗਏ ਹਨ, ਜਿਸ ਕਾਰਨ 30 ਪੀਸ ਮਾਰਬਲ ਬਦਲੇ ਜਾਣਗੇ ਅਤੇ ਅੰਦਰ ਛੱਤਰੀ ਥੱਲੇ 15 ਪੌੜੀਆਂ ਦੇ ਪੱਥਰਾਂ ਨੂੰ ਬਦਲਿਆ ਜਾਵੇਗਾ। ਇਸ ਤੋਂ ਪਹਿਲਾਂ 1924 ਵਿੱਚ ਛੱਤਰੀ ਤੇ ਕਲਸ਼ ਦੀ ਮੁਰੰਮਤ ਹੋਈ ਸੀ ਤੇ ਇਸ ਵਾਰ 95 ਸਾਲਾਂ ਬਾਅਦ ਮੁਰੰਮਤ ਕੀਤੀ ਜਾ ਰਹੀ ਹੈ। ਏ ਐੱਸ ਆਈ 48 ਲੱਖ ਰੁਪਏ ਲਾਗਤ ਨਾਲ ਇਹ ਕੰਮ ਕਰਵਾ ਰਿਹਾ ਹੈ, ਜਿਸ ਵਿੱਚ ਮੀਨਾਰ ਦੇ ਚਾਰੇ ਪਾਸੇ ਸਕੈਫੋਲਡਿੰਗ (ਪਾੜ) ਮਿਟਾਉਣ ਦਾ ਕੰਮ ਹੋਵੇਗਾ। ਅੰਦਰ ਮੀਨਾਰ ਦੀ ਹਰ ਮੰਜ਼ਲ ਉੱਤੇ ਲੋਹੇ ਦੀਆਂ ਕਲੈਂਪ ਗਲ ਗਈਆਂ ਅਤੇ ਸਭ ਤੋਂ ਉੱਪਰ ਛੱਤਰੀ ਨਾਲ ਮੀਂਹ ਦਾ ਪਾਣੀ ਮੀਨਾਰ ਦੇ ਅੰਦਰ ਆਣ ਕੇ ਉਪਰਲੀਆਂ 15 ਪੌੜੀਆਂ ਵੀ ਗਲ ਗਈਆਂ ਹਨ। ਬੰਦ ਮੀਨਾਰਾਂ ਵਿੱਚ ਚਮਗਿੱਦੜਾਂ ਦੇ ਰਹਿਣ ਨਾਲ ਪੱਥਰਾਂ ਨੂੰ ਨੁਕਸਾਨ ਹੋਇਆ ਹੈ। ਪੁਰਾਤੱਤਵ ਵਿਭਾਗ ਦੇ ਸੁਪਰਡੈਂਟ ਵਸੰਤ ਕੁਮਾਰ ਸਵਰਣ ਕੁਮਾਰ ਨੇ ਦੱਸਿਆ ਕਿ ਮੀਨਾਰ ਵਿੱਚ ਮੀਂਹ ਦਾ ਪਾਣੀ ਜਾਣ ਨਾਲ ਕਈ ਪੱਥਰ ਗਲ ਗਏ ਹਨ। ਅਗਸਤ ਤੱਕ ਮੀਨਾਰ ਦੇ ਪੱਥਰਾਂ ਨੂੰ ਬਦਲਣ ਜਾ ਕੰਮ ਪੂਰਾ ਹੋ ਜਾਵੇਗਾ ਅਤੇ ਛੱਤਰੀ ਦੀ ਮੁਰੰਮਤ ਦਾ ਕੰਮ ਵੀ ਕੀਤਾ ਜਾਵੇਗਾ।

ਸਾਲ 1941 ਵਿੱਚ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਵਿੱਚ ਤਾਜ ਮਹਿਲ ਦੀ ਦੱਖਣੀ-ਪੱਛਮੀ ਮੀਨਾਰ ਸਭ ਤੋਂ ਵੱਧ 21.6 ਸੈਂਟੀਮੀਟਰ ਝੁਕੀ ਵੇਖੀ ਗਈ ਸੀ। ਇਸ ਕਮੇਟੀ ਨੇ ਉੱਤਰ-ਪੱਛਮੀ ਮੀਨਾਰ ਨੂੰ 3.5 ਸੈਂਟੀਮੀਟਰ ਝੁਕਿਆ ਦੇਖਿਆ ਤਾਂ ਉਸ ਤੋਂ ਬਾਅਦ 2004-05 ਤੱਕ ਸਰਵੇਅ ਆਫ ਇੰਡੀਆ ਨੇ ਹਰ 5 ਸਾਲ ਵਿੱਚ ਝੁਕਾਅ ਦੀ ਜਾਂਚ ਕੀਤੀ ਸੀ, ਜਿਸ ਦੌਰਾਨ 1971 ਪਿੱਛੋਂ ਝੁਕਾਅ ਬੰਦ ਹੋ ਗਿਆ ਸੀ। ਏ ਐੱਸ ਆਈ ਨੂੰ ਤਾਜ ਮਹਿਲ ਦੇ ਪੀਲੇਪਣ ਨੂੰ ਹਟਾਉਣ ਲਈ ਮੁੱਖ ਗੁੰਬਦ ਉੱਤੇ ਵੀ ਮੱਡਪੈਕ ਟ੍ਰੀਟਮੈਂਟ ਦੀ ਆਗਿਆ ਮਿਲ ਗਈ ਹੈ। ਹਲਕੇ ਪਾਈਪਾਂ ਦੀਆਂ ਪਾੜਾਂ ਨਾਲ ਇਸ ਉੱਤੇ ਕੈਮੀਕਲ ਸ਼ਾਖਾ ਦੇ ਮਾਹਰਾਂ ਵੱਲੋਂ ਮਡਪੈਕ ਟ੍ਰੀਟਮੈਂਟ ਕੀਤਾ ਜਾਵੇਗਾ।

## ਪਾਕਿਸਤਾਨ ਜਾਣ ਲਈ ਜਥੇਦਾਰ ਅਕਾਲ ਤਖਤ ਨੇ ਵੀ ਪਾਸਪੋਰਟ ਦਿੱਤਾ

ਅੰਮ੍ਰਿਤਸਰ, 14 ਜੁਲਾਈ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਹੈ ਕਿ ਪਾਕਿਸਤਾਨ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਨੇ ਆਪਣਾ ਪਾਸਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀਜ਼ੇ ਲਈ ਦੇ ਦਿੱਤਾ ਹੈ, ਪਰ ਉਨ੍ਹਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਨੂੰ ਵੀਜ਼ਾ ਨਹੀਂ ਮਿਲਣਾ।

ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਜੀ ਦੇ 550 ਸਾਲਾਂ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ 25 ਜੁਲਾਈ ਨੂੰ ਅੰਤਰਰਾਸ਼ਟਰੀ ਨਗਰ ਕੀਰਤਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਵਿੱਚ ਉਨ੍ਹਾਂ ਸ਼ਮੂਲੀਅਤ ਕਰਨ ਜਾਣਾ ਹੈ। ਇਸ ਨਗਰ ਕੀਰਤਨ ਦੀ ਕੁੱਲ ਗਿਣਤੀ 550 ਯਾਤਰੂਆਂ ਦੀ ਹੋਵੇਗੀ, ਜਿਸ ਲਈ ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਸਰਕਾਰ ਪਾਸੋਂ 550 ਵੀਜ਼ਿਆਂ ਦੀ ਮੰਗ ਕੀਤੀ ਸੀ ਤੇ ਵੀਜ਼ਾ ਪ੍ਰਕਿਰਿਆ ਲਈ ਪਹਿਲੀ ਸੂਚੀ ਪਾਕਿਸਤਾਨ ਸਰਕਾਰ ਨੂੰ ਭੇਜ ਦਿੱਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਅਨੁਸਾਰ ਸ੍ਰੀ ਨਨਕਾਣਾ ਸਾਹਿਬ ਵਿਖੇ ਨਗਰ ਕੀਰਤਨ ਤੋਂ ਪਹਿਲਾਂ ਅਗਾਊਂ ਪ੍ਰਬੰਧਾਂ ਲਈ ਇੱਕ ਵਫਦ 21 ਜੁਲਾਈ ਨੂੰ ਵੀ ਭੇਜਿਆ ਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਜਨਮ ਦਿਹਾੜਾ ਵਿਸ਼ਵ ਪੱਧਰ 'ਤੇ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਮਨਾਇਆ ਜਾਵੇਗਾ। ਭਾਰਤ ਤੋਂ ਸਪੈਸ਼ਲ ਟਰੇਨਾਂ ਤੇ ਵਿਦੇਸ਼ਾਂ ਤੋਂ ਯਾਤਰੀਆਂ ਦੇ ਭਰੇ ਜਹਾਜ਼ ਪਾਕਿਸਤਾਨ ਪੁੱਜ ਰਹੇ ਹਨ। ਵਿਦੇਸ਼ਾਂ ਤੋਂ ਭਾਰਤੀ ਯਾਤਰੀਆਂ ਵੱਲੋਂ ਲਾਹੌਰ, ਫੈਸਲਾਬਾਦ, ਸ਼ੇਖੂਪੁਰਾ ਅਤੇ ਹੋਰ ਵੱਡੇ ਸ਼ਹਿਰਾਂ ਵਿਖੇ ਆਨਲਾਈਨ ਹੋਟਲਾਂ ਵਿੱਚ ਕਮਰਿਆਂ ਤੇ ਗੱਡੀਆਂ, ਬਸਾਂ ਦੀ ਬੁਕਿੰਗ ਕੀਤੀ ਜਾ ਰਹੀ ਹੈ। ਨਨਕਾਣਾ ਸਾਹਿਬ ਵਿਖੇ ਸੈਂਕੜੇ ਦੁਕਾਨਦਾਰਾਂ ਨੇ ਆਰਜ਼ੀ ਦੁਕਾਨਾਂ ਖੋਲ੍ਹਣ ਲਈ ਅਪਲਾਈ ਕਰ ਦਿੱਤਾ ਹੈ।



















# ਕਹਾਣੀ

# ਵਸੀਅਤ

-ਲੇਖਕ ਰਾਜ ਬੁੱਧੀਰਾਜਾ-

''ਦਾਦੀ, ਵਸੀਅਤ ਕੀ ਹੁੰਦੀ ਹੈ?''

''ਚੱਲ ਪਰਾਂ! ਕਿਹੋ ਜਿਹੀਆਂ ਗੱਲਾਂ ਪੁੱਛਣ ਲੱਗਾ ਏਂ।'' ਮਿੱਠੀ ਜਿਹੀ ਝਿੜਕ ਮਾਰਦੇ ਹੋਏ ਪਾਰੋ ਨੇ ਕਿਹਾ।

''ਮੈਂ ਕੀ? ਸਾਰੇ ਵਸੀਅਤ ਦੀ ਗੱਲ ਕਰਦੇ ਹਨ।''

ਇਹ ਬੱਚਾ ਵੀ ਵੱਡੀਆਂ ਵੱਡੀਆਂ ਗੱਲਾਂ ਕਰਨ ਲੱਗਾ ਹੈ, ਪਾਰੋ ਨੇ ਮਨ ਹੀ ਮਨ ਕਿਹਾ।

''ਸਾਰੇ ਕੌਣ?''

''ਮੰਮੀ-ਪਾਪਾ, ਚਾਚਾ, ਤਾਇਆ, ਤਾਈ।''

''ਕਿਸ ਦੀ ਵਸੀਅਤ ਦੀ ਗੱਲ ਕਰਦਾ ਹੈਂ ਤੂੰ?'' ਪਾਰੋ ਨੇ ਬੱਚੇ ਦੀ ਪਿੱਠ ਥਾਪੜਦੇ ਹੋਏ ਤਹਿ ਤੱਕ ਜਾਨਣ ਦੀ ਕੋਸ਼ਿਸ਼ ਕੀਤੀ।

''ਤੁਹਾਡੀ ਹੋਰ ਕਿਸ ਦੀ? ਸਾਰੇ ਇਹੀ ਕਹਿੰਦੇ ਹਨ। ਦਾਦੀ ਮਾਂ ਨੂੰ ਵਸੀਅਤ ਕਰ ਲੈਣੀ ਚਾਹੀਦੀ ਹੈ। ਉਹ ਰਿਟਾਇਰ ਹੋ ਗਈ ਹੈ।''

''ਚੱਲ ਪਰਾਂ, ਪਾਗਲ ਕਿਸੇ ਥਾਂ ਦਾ।''

ਖੇਡ ਖੇਡ ਵਿੱਚ ਬੱਚਾ ਜਿਵੇਂ ਆਇਆ ਸੀ, ਉਵੇਂ ਚਲਾ ਗਿਆ। ਤਾਂ ਸਾਰੇ ਜਣੇ ਇਹੀ ਖਿਚੜੀ ਪਕਾਉਂਦੇ ਹਨ। ਪਾਰੋ ਕੁਝ ਡੂੰਘੀ ਸੋਚ ਵਿੱਚ ਡੁੱਬ ਗਈ। ਅਜੇ ਉਸ ਦੀ ਰਿਟਾਇਰਮੈਂਟ ਨੂੰ ਕੁਝ ਮਹੀਨੇ ਹੋਏ ਸਨ। ਉਸ ਨੇ ਆਪਣੀ ਹਰ ਰੋਟੀ ਆਪਣੇ ਹੀ ਪਸੀਨੇ ਨਾਲ ਖਰੀਦੀ ਸੀ, ਇਸ ਲਈ ਪੈਸਾ-ਰੋਟੀ ਅਤੇ ਪਸੀਨੇ ਦੀ ਅਹਿਮੀਅਤ ਤੋਂ ਉਹ ਵਾਕਫ ਸੀ।

ਉਸ ਨੂੰ ਯਾਦ ਹੈ ਕਿ ਵਿਆਹ ਤੋਂ ਬਾਅਦ ਉਸ ਨੂੰ ਚੌਦਾਂ ਸਾਲ ਲੱਗ ਗਏ ਸਨ ਆਪਣਾ ਰਾਹ ਲੱਭਣ ਵਿੱਚ। ਪਹਿਲੀ ਵਾਰ ਜਦ ਉਸ ਨੂੰ ਤਨਖਾਹ ਮਿਲੀ ਤਾਂ ਉਹ ਖੁਸ਼ੀ ਨਾਲ ਫੁੱਲੀ ਨਹੀਂ ਸਮਾਈ ਸੀ। ਦੋ-ਦੋ ਰੁਪਏ ਆਪਣੇ ਬੱਚਿਆਂ ਨੂੰ ਦਿੱਤੇ ਅਤੇ ਦੋ ਰੁਪਏ ਦਾ ਪ੍ਰਸ਼ਾਦ ਮੰਦਰ ਵਿੱਚ ਚੜ੍ਹਾਇਆ। ਸੁਭਾਅ ਪੱਖੋਂ ਕੰਜੂਸ ਹੋਣ ਦੇ ਕਾਰਨ ਅੱਧੇ ਨਾਲੋਂ ਵੱਧ ਤਨਖਾਹ ਬਚ ਗਈ ਸੀ। ਉਸ ਨੂੰ ਯਾਦ ਹੈ ਕਿ ਆਪਣੇ ਘਰ ਆਉਣ ਵਾਲੇ ਹਰ ਮਹਿਮਾਨ ਦੀ ਉਹ ਆਓਭਗਤ ਕਰਦੀ ਅਤੇ ਸੌ ਰੁਪਏ ਦੇ ਕੇ ਵਿਦਾ ਕਰਦੀ। ਵਸੀਅਤ ਦੀ ਗੱਲ ਉਸ ਲਈ ਨਵੀਂ ਨਹੀਂ ਸੀ। ਵਾਰ ਵਾਰ ਉਸ ਦੇ ਸਾਹਮਣੇ ਕਿਹਾ ਜਾਂਦਾ ਸੀ। ਭਾਵੇਂ ਉਹ ਦੱਬੀ ਜ਼ੁਬਾਨ ਵਿੱਚ ਕਿਉਂ ਨਾ ਹੋਵੇ?

''ਮਾਂ ਤੁਹਾਨੂੰ ਪ੍ਰਾਵੀਡੈਂਟ ਫੰਡ ਦਾ ਪੂਰਾ ਪੈਸਾ ਮਿਲ ਗਿਆ ਨਾ।''

''ਪੈਨਸ਼ਨ ਦਾ ਵੀ ਹੋ ਗਿਆ।''

''ਸਭ ਕੁਝ ਕਰਵਾ ਲੈਣਾ ਚਾਹੀਦਾ ਹੈ। ਸਰਕਾਰੀ ਕੰਮ ਤਾਂ ਇੱਦਾਂ ਦੇ ਹੀ ਹੁੰਦੇ ਹਨ।''

''ਮਾਂ ਬਹੁਤ ਹੁਸ਼ਿਆਰ ਹੈ। ਸਭ ਕੁਝ ਪਹਿਲਾਂ ਹੀ ਕਰਵਾ ਲਿਆ ਹੋਵੇਗਾ।''

ਪਾਰੋ ਇਨ੍ਹਾਂ ਸਾਰਿਆਂ ਨੂੰ ਬਲਦੀਆਂ ਨਜ਼ਰਾਂ ਨਾਲ ਦੇਖਦੀ ਅਤੇ ਮੋਟਰ ਵਿੱਚ ਬੈਠ ਕੇ ਚਲੀ ਜਾਂਦੀ। ਸੱਚ ਇਹ ਹੈ ਕਿ ਉਸ ਦੇ ਪੈਸਿਆਂ 'ਤੇ ਸਾਰਿਆਂ ਦੀਆਂ ਨਜ਼ਰਾਂ ਸਨ। ਪਾਰੋ ਜਾਣਦੀ ਸੀ ਕਿ ਅੱਗੇ ਆਉਣ ਵਾਲੀਆਂ ਸੱਤ ਪੀੜ੍ਹੀਆਂ ਨਾ ਤਾਂ ਐਨਾ ਪੈਸਾ ਕਮਾ ਸਕਦੀਆਂ ਹਨ ਅਤੇ ਨਾ ਪ੍ਰਤਿਸ਼ਠਾ। ਲੂਲੇ-ਲੰਗੜੇ ਹਨ ਇਹ ਸਾਰੇ। ਖੁਦ ਕੁਝ ਕਰ ਨਹੀਂ ਸਕਦੇ ਅਤੇ ਦੂਜਿਆਂ ਦੀ ਦੌਲਤ 'ਤੇ ਨਜ਼ਰ ਰੱਖਦੇ ਹਨ। ਖੂਨ ਦੇ ਇਨ੍ਹਾਂ ਰਿਸ਼ਤਿਆਂ ਨਾਲ ਪਾਰੋ ਨੂੰ ਨਫਰਤ ਹੋ ਗਈ ਸੀ। ਵਸੀਅਤ ਨਾ ਹੋਈ ਅਲਾਦੀਨ ਦਾ ਚਿਰਾਗ ਹੋ ਗਈ। ਹਿੰਮਤ ਹੈ ਤਾਂ ਬਚਾਓ ਨਾ। 'ਖੁੱਲ੍ਹ ਜਾ ਸਿਮਸਿਮ' ਕਹਿਣ ਨਾਲ ਕੰਮ ਨਹੀਂ ਚੱਲੇਗਾ। ਪਾਰੋ ਵਿੱਚ-ਵਿੱਚ ਡਾਂਟ ਫਿਟਕਾਰ ਲਾਉਂਦੀ ਰਹਿੰਦੀ। ਪਤਾ ਨਹੀਂ ਕਿਉਂ ਇਨ੍ਹਾਂ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਘਰ ਕਰਦੀ ਜਾ ਰਹੀ ਹੈ। ਇਨ੍ਹਾਂ ਨੂੰ ਡਰ ਹੈ ਕਿ ਮਾਂ ਆਪਣਾ ਖੂਬਸੂਰਤ ਘਰ ਕਿਸੇ ਅਜਾਇਬ ਘਰ ਵਿੱਚ ਬਦਲ ਦੇਵੇ। ਆਪਣਾ ਪੈਸਾ ਆਪਣੇ ਚੇਲਿਆਂ ਨੂੰ ਨਾ ਦੇ ਦੇਵੇ। ਜਦ ਇਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦਾ ਅਸਰ ਪਾਰੋ 'ਤੇ ਰੱਤੀ ਭਰ ਨਹੀਂ ਹੈ ਤਾਂ ਉਨ੍ਹਾਂ ਨੇ ਉਨ੍ਹਾਂ ਦੇ ਦੋਸਤਾਂ ਕੋਲੋਂ ਕਹਾਉਣਾ ਸ਼ੁਰੂ ਕਰ ਦਿੱਤਾ।

''ਪਾਰੋ ਤੂੰ ਆਪਣੀ ਵਸੀਅਤ ਕਿਉਂ ਨਹੀਂ ਕਰ ਦਿੰਦੀ? ਜ਼ਿੰਦਗੀ ਦਾ ਕੀ ਭਰੋਸਾ? ਪਤਾ ਨਹੀਂ ਪ੍ਰਾਣ-ਪੰਖੇਰੂ ਕਦ ਉਡ ਜਾਣ?'' ਇੱਕ ਦੋਸਤ ਨੇ ਕਿਹਾ।

''ਤੁਸੀਂ ਆਪਣਾ ਰਾਹ ਨਾਪੋ। ਮੈਨੂੰ ਆਪਣੀ ਜ਼ਿੰਦਗੀ ਉੱਤੇ ਪੂਰਾ ਭਰੋਸਾ ਹੈ ਕਿਉਂਕਿ ਮੈਂ ਆਪਣੀ ਜ਼ਿੰਦਗੀ ਨੂੰ ਮਾਂਜਿਆ-ਚਮਕਾਇਆ ਤੇ ਸਜਾਇਆ-ਸੰਵਾਰਿਆ ਹੈ। ਭਰੋਸਾ ਨਹੀਂ ਹੈ ਤਾਂ ਇਨ੍ਹਾਂ ਗਿਰਝਾਂ ਦਾ। ਇਹ ਤਾਂ ਮੈਨੂੰ ਨੋਚ-ਨੋਚ ਕੇ ਖਾ ਲੈਣਗੇ। ਪਤਾ ਨਹੀਂ ਕਿੰਨੀ ਵਾਰ ਇਨ੍ਹਾਂ ਨੇ ਮੇਰੇ ਕੋਲੋਂ ਲੱਖਾਂ ਰੁਪਏ ਠੱਗੇ ਹਨ। ਇਹ ਕਹਿ ਕੇ ਅਸੀਂ ਜਲਦੀ ਮੋੜ ਦਿਆਂਗੇ, ਪਰ ਉਹ ਦਿਨ ਅੱਜ ਤੱਕ ਨਹੀਂ ਆਇਆ ਅਤੇ ਹਾਂ ਜਿੱਥੋਂ ਤੱਕ ਪ੍ਰਾਣ ਪੰਖੇਰੂਆਂ ਦੇ ਉਡਣ ਦਾ ਪ੍ਰਸ਼ਨ ਹੈ, ਉਹ ਇਸ ਦਸ ਬੂਹਿਆਂ ਦੇ ਪਿੰਜਰੇ ਨੂੰ ਛੱਡ ਕੇ ਕਦੀ ਨਹੀਂ ਉਡੇਗਾ। ਉਸ ਦਾ ਵੀ ਕਿਸੇ ਸੁੰਦਰ ਤਨ ਅਤੇ ਮਨ ਨਾਲ ਲਗਾਓ ਹੋ ਗਿਆ ਹੈ। ਜਹਾਜ਼ 'ਤੇ ਬੈਠੇ ਪੰਛੀ ਦੀ ਤਰ੍ਹਾਂ ਮੇਰੀ ਆਤਮਾ ਇਥੇ ਵਸੀ ਰਹੇਗੀ। ਹਮੇਸ਼ਾ ਦੇ ਲਈ।'' ਉਸ ਮਿੱਤਰ ਨੂੰ ਪਤਾ ਨਹੀਂ ਸੀ ਕਿ ਪਾਰੋ ਸੁਫਨਿਆਂ ਦੇ ਸੰਸਾਰ ਵਿੱਚ ਡੁੱਬੀ ਰਹਿੰਦੀ ਹੈ। ਵੱਡੇ ਵੱਡੇ ਸਾਧੂ ਸੰਤਾਂ ਨੂੰ ਉਸ ਨੇ ਡਿੱਗਦਿਆਂ ਹੋਇਆਂ ਦੇਖਿਆ ਸੀ। ਪਾਰੋ ਹੈ ਕਿ ਪੱਥਰ ਦੀ ਤਰ੍ਹਾਂ ਉਸ ਦੇ ਸਾਹਮਣੇ ਖੜ੍ਹੀ ਹੈ। ਸਿਰਫ ਉਸ ਨੇ ਭਗਵਾ ਨਹੀਂ ਪਹਿਨਿਆ ਸੀ।''

ਗੱਲ ਇਥੇ ਤੱਕ ਰਹਿੰਦੀ ਤਾਂ ਗੱਲ ਵੀ ਸੀ। ਪਾਰੋ ਦੀ ਬਿਮਾਰੀ 'ਤੇ ਕਿਸੇ ਦੇ ਪੰਜ ਸੌ ਖਰਚ ਹੋ ਗਏ ਤਾਂ ਘਰ ਵਿੱਚ ਤੂਫਾਨ ਆ ਗਿਆ।

''ਮੈਂ ਤੁਹਾਨੂੰ ਕਿਹਾ ਸੀ ਨਾ ਮਾਂ ਕਿ ਤੂੰ ਆਪਣੀ ਬਿਮਾਰੀ ਦਾ ਬੀਮਾ ਕਰਵਾ ਲੈ, ਪਰ ਤੂੰ ਹੈਂ ਕਿ ਸੁਣਦੀ ਹੀ ਨਹੀਂ।'' ਇੱਕ ਆਵਾਜ਼ ਆਈ।

''ਪਤਾ ਹੈ ਇਲਾਜ ਵਿੱਚ ਕਿੰਨਾ ਮਹਿੰਗਾ ਹੋ ਗਿਆ ਹੈ। ਲੱਖਾਂ ਰੁਪਏ ਖਰਚ ਹੋ ਜਾਂਦੇ ਹਨ।'' ਪਾਰੋ ਨੇ ਅੱਗਾ ਦੇਖਿਆ ਨਾ ਪਿੱਛਾ, ਉਸ ਨੇ ਆਪਣੇ ਪਰਸ 'ਚੋਂ ਇੱਕ ਪੰਜ ਸੌ ਦਾ ਅਤੇ ਇੱਕ ਵੀਹ ਦਾ ਨੋਟ ਕੱਢਿਆ ਅਤੇ ਉਨ੍ਹਾਂ ਵੱਲ ਵਧਾਉਂਦੀ ਹੋਈ ਬੋਲੀ, ''ਐ ਲਵੋ ਪੰਜ ਸੌ ਰੁਪਏ ਅਤੇ ਇਹ ਲਵੋ ਵੀਹ ਰੁਪਏ, ਉਸ ਦਾ ਵਿਆਜ। ਤੁਸਾਂ ਲੋਕਾਂ ਨੂੰ ਯਾਦ ਹੈ ਕਿ ਤੁਸੀਂ ਜੰਮਣ ਬਾਅਦ ਲੁੰਜ-ਪੁੰਜ ਜਿਹੇ ਬਿਸਤਰੇ 'ਤੇ ਪਏ ਰਹਿੰਦੇ ਸੀ। ਕਈ ਵਾਰ ਮੈਂ ਆਪਣੇ ਢਿੱਡ 'ਤੇ ਪੱਟੀ ਬੰਨ੍ਹ ਕੇ ਤੁਹਾਡੀ ਸੇਵਾ ਕੀਤੀ। ਖਬਰਦਾਰ ਜੇ ਤੁਸੀਂ ਮੇਰੀ ਬਿਮਾਰੀ ਦੇ ਬੀਮਾ ਦੀ ਗੱਲ ਕੀਤੀ''। ਪਾਰੋ ਮੋਟਰ ਵਿੱਚ ਬੈਠ ਕੇ ਚਲੀ ਗਈ ਸੀ। ਉਸ ਦੇ ਮਨ ਵਿੱਚ ਪਤਾ ਨਹੀਂ ਕੀ ਤੂਫਾਨ ਉਠ ਰਿਹਾ ਸੀ ਕੋਈ ਨਹੀਂ ਜਾਣਦਾ। ਉਸ ਨੇ ਜ਼ਿੰਦਗੀ ਵਿੱਚ ਬਹੁਤ ਵੱਡੇ ਵੱਡੇ ਫੈਸਲੇ ਇਕੱਲੀ ਨੇ ਲਏ ਸਨ। ਇਸ ਵਾਰ ਵੀ ਫੈਸਲਾ ਲੈਂਦੇ ਸਮੇਂ ਉਸ ਨੇ ਲੋਹ-ਪੁਰਸ਼ ਦਾ ਰੂਪ ਧਾਰਨ ਕਰ ਲਿਆ ਸੀ।

ਇੱਕ ਦਿਨ ਸਵੇਰੇ ਤਿੰਨ ਚਾਰ ਮੋਟਰਾਂ ਵਿੱਚ ਕੁਝ ਲੋਕ ਆਏ ਤੇ ਪਾਰੋ ਉਨ੍ਹਾਂ ਦੇ ਘਰ ਦੀ ਇੱਕ ਇੱਕ ਚੀਜ਼ ਦੱਸਣ ਲੱਗੀ। ਵਿਦੇਸ਼ੀ ਦੋਸਤਾਂ ਵੱਲੋਂ ਮਿਲੇ ਬਹੁਕੀਮਤੀ ਤੋਹਫੇ, ਕਿਤਾਬਾਂ ਵਿਰਾਸਤੀ ਚਿੱਤਰ ਸਭ ਕੁਝ ਉਹਦੇ ਵਿੱਚ ਸ਼ਾਮਲ ਸੀ। ਉਹ ਇੱਕ ਅਧਿਕਾਰੀ ਨੂੰ ਸਮਝਾਉਣ ਲੱਗੀ ਸੀ, ''ਇਹ ਅਜਾਇਬ ਘਰ ਇੱਕ ਮਹੀਨੇ ਵਿੱਚ ਤਿਆਰ ਹੋ ਜਾਣਾ ਚਾਹੀਦਾ ਹੈ, ਮੈਂ ਮਹੀਨੇ ਬਾਅਦ ਪਰਤਾਂਗੀ।''

''ਕਿੱਥੇ ਜਾ ਰਹੀ ਏਂ ਮਾਂ?'' ਸਾਰਿਆਂ ਨੇ ਇੱਕਜੁਠ ਹੋ ਕੇ ਪੁੱਛਿਆ।

''ਮੈਂ ਕਿਤੇ ਨਹੀਂ ਜਾ ਰਹੀ। ਜਾ ਤੁਸੀਂ ਲੋਕ ਰਹੇ ਹੋ। ਤੁਹਾਡੇ ਲਈ ਮੈਂ ਮਕਾਨ ਕਿਰਾਏ 'ਤੇ ਦੇਖ ਲਿਆ ਹੈ।'' ਅਤੇ ਪਾਰੋ ਨੇ ਟੈਂਪੂ ਵਿੱਚ ਬੈਠੇ ਡਰਾਈਵਰ ਨੂੰ ਅਤੇ ਦੋ ਆਦਮੀਆਂ ਨੂੰ ਅੰਦਰ ਬੁਲਾ ਕੇ ਕਿਹਾ, ''ਇਹ ਸਾਰਾ ਸਾਮਾਨ ਨਵੇਂ ਘਰ ਵਿੱਚ ਪਹੁੰਚਾ ਦਿਓ।'' ਪਾਰੋ ਨੇ ਆਪਣੇ ਪੋਤੇ ਨੂੰ ਬੁਲਾ ਕੇ ਕਿਹਾ, ''ਬੇਟੇ ਵਸੀਅਤ ਇਹ ਹੁੰਦੀ ਹੈ।'' ਤੇ ਮੋਟਰ ਵਿੱਚ ਬੈਠ ਕੇ ਚਲੀ ਗਈ।

# ਹਲਕਾ ਫੁਲਕਾ

ਪਤੀ, 'ਹਿਪਨੋਟਾਈਜ਼ ਕਰਨਾ ਕੀ ਹੁੰਦਾ ਹੈ?''
ਪਤਨੀ, ''ਕਿਸੇ ਨੂੰ ਆਪਣੇ ਕੰਟਰੋਲ 'ਚ ਕਰ ਕੇ ਆਪਣੀ ਮਰਜ਼ੀ ਦੇ ਕੰਮ ਕਰਵਾਉਣਾ।''
ਪਤੀ, ''ਚੱਲ ਝੂਠੀ, ਉਸ ਨੂੰ ਤਾਂ ਵਿਆਹ ਕਹਿੰਦੇ ਹਨ।''

*********

ਅਧਿਆਪਕ, ''ਦੱਸੋ ਦੁਨੀਆ ਦਾ ਸਭ ਤੋਂ ਪੁਰਾਣਾ ਜੀਵ ਕਿਹੜਾ ਹੈ?''
ਮਹਿੰਦਰ, ''ਜ਼ੈਬਰਾ।''
ਅਧਿਆਪਕ, ''ਉਹ ਕਿਵੇਂ?''
ਮਹਿੰਦਰ, ''ਉਹ ਬਲੈਕ ਐਂਡ ਵ੍ਹਾਈਟ ਹੈ ਨਾ।''

*********

ਪਤਨੀ, ''ਤੇਰਾ ਦਿਮਾਗ ਇਕਦਮ ਸੜ ਗਿਆ ਹੈ।''
ਪਤੀ, ''ਹਾਂ ਸ਼ਾਇਦ, ਤੈਨੂੰ ਜ਼ਿਆਦਾ ਪਤਾ ਹੈ, ਤੂੰ ਰੋਜ਼-ਰੋਜ਼ ਜੋ ਖਾਂਦੀ ਰਹਿੰਦੀ ਏਂ।''

********

ਪਤਨੀ ਤੋਂ ਪ੍ਰੇਸ਼ਾਨ ਪਤੀ ਇੱਕ ਦਿਨ ਪੰਡਿਤ ਕੋਲ ਪਹੁੰਚਿਆ ਅਤੇ ਬੋਲਿਆ, ''ਪੰਡਿਤ ਜੀ, ਇੱਕ ਗੱਲ ਦੱਸੋ। ਇਹ ਜਨਮ-ਜਨਮ ਦੇ ਸਾਥ ਵਾਲੀ ਗੱਲ ਕੀ ਸੱਚ ਹੈ?''
ਪੰਡਿਤ, ''ਸੌ ਫੀਸਦੀ ਸੱਚ।''
ਪਤੀ, ''ਮਤਲਬ ਮੈਨੂੰ ਅਗਲੇ ਜਨਮ ਵਿੱਚ ਵੀ ਇਹੋ ਪਤਨੀ ਮਿਲੇਗੀ।''
ਪੰਡਿਤ, ''ਬਿਲਕੁਲ।''
ਪਤੀ, ''ਹਾਏ ਰੱਬਾ! ਫਿਰ ਤਾਂ ਖੁਦਕੁਸ਼ੀ ਕਰਨ ਦਾ ਵੀ ਕੋਈ ਫਾਇਦਾ ਨਹੀਂ?''

********

ਪਤੀ-ਪਤਨੀ ਇੱਕ ਹੀ ਪਲੇਟ 'ਚ ਗੋਲਗੱਪੇ ਖਾ ਰਹੇ ਸਨ, ਇੱਕ ਦੂਜੇ ਦੀਆਂ ਅੱਖਾਂ 'ਚ ਅੱਖਾਂ ਮਿਲਾ ਕੇ।
ਪਤਨੀ ਨੇ ਰੋਮਾਂਟਿਕ ਹੋ ਕੇ ਪੁੱਛਿਆ, ''ਅਜਿਹਾ ਕੀ ਦੇਖ ਰਹੇ ਹੋ ਜੀ?''
ਪਤੀ, ''ਥੋੜ੍ਹਾ ਆਰਾਮ ਨਾਲ ਖਾਹ, ਮੇਰੀ ਵਾਰੀ ਹੀ ਨਹੀਂ ਆ ਰਹੀ।''

A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12
Classes will Start on
- July 02 (Tuesday) 1st Batch
- July 08 (Monday) 2nd Batch
- July 15 (Monday) 3rd Batch
- July 22 (Monday) 4th Batch
Starting from $50 /week (JK)

Mrs. Manmeet Bhullar, OCT
M..Sc. (Physics), B.Ed.
(Certified Teacher of Math & Science)
- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- Very-Very reasonable charges.

Mr. Pushpinder Bhullar
M.A.Sc. (Mechanical Engg.)
(Graduate of Ryerson University, Toronto)
Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)
Call : 905-790-1516

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE

ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh

416.670.3173 | 905.799.7333
27 Edvac Dr, Brampton, ON L6S 5X8

• Jai Baba Ji • Jai Ranghar Badshah Ji • Jai Mata Ji •
With the blessings of Sidh Baba Balak Nath Ji, Mata Ji
Brahmleen Guru Maharaj Bibi Satya Devi
Dassan De Dass, Faqiran De Faqir, RANGHAR BADSHAH JI
SIDH SHAKTI
Mata Ji Ka 32nd
CHALLA
On August 11, 2019


दासों के दास - फ़क़ीरों के फ़कीर
ਰਾਂਗੜ ਬਾਦਸ਼ਾਹ ਜੀ
ਬੰਗਾ/ਕਨੇਡਾ ਵਾਲੇ
210 Islington Ave. • (416) 251-5538 • sidhshaktibhawan.com
• SIDH SHAKTI BHAWAN CANADA •
• Jai Baba Ji • Jai Ranghar Badshah Ji • Jai Mata Ji •
CHALLA • CHALLA • CHALLA • CHALLA

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal
Sales Representative

Residential | Commercial | Investment
(416) 970-5005
Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਨਹਿਰੂ ਦੀ ਸੋਚ ਨੂੰ ਤਿਲਾਂਜਲੀ ਨੇ ਕਾਂਗਰਸ ਨੂੰ ਦਿਖਾਏ ਆਹ ਦਿਨ



ਜਤਿੰਦਰ ਪੰਨੂ

ਕਾਂਗਰਸ ਸਵਾ ਸਾਲ ਤੋਂ ਵੱਧ ਪੁਰਾਣੀ ਪਾਰਟੀ ਹੈ, ਇਹ ਕਦੇ ਡੁੱਬਣ ਨਹੀਂ ਲੱਗੀ। ਜਿਹੜੇ ਲੋਕ ਪਹਿਲਾਂ ਏਦਾਂ ਦਾ ਦਾਅਵਾ ਹਿੱਕ ਠੋਕ ਕੇ ਕਰਿਆ ਕਰਦੇ ਸਨ, ਅੱਜ ਉਹ ਦੱਬਵੀਂ ਜ਼ਬਾਨ ਨਾਲ ਕਹਿੰਦੇ ਹਨ ਕਿ ਜੋ ਵੀ ਹੁੰਦਾ ਰਹੇ, ਕਾਂਗਰਸ ਪਾਰਟੀ ਇਸ ਦੇਸ਼ ਦੀ ਰਾਜਨੀਤੀ ਤੋਂ ਮਨਫੀ ਨਹੀਂ ਹੋ ਸਕਦੀ। ਇਸ ਤਰ੍ਹਾਂ ਦੀ ਗੱਲ ਕਹਿਣ ਦੇ ਵਕਤ ਉਨ੍ਹਾਂ ਸੱਜਣਾਂ ਦੀ ਜ਼ਬਾਨ ਥਿੜਕਣ ਲੱਗਦੀ ਹੈ, ਪਹਿਲਾਂ ਵਾਲੀ ਸਾਬਤ-ਕਦਮੀ ਉਨ੍ਹਾਂ ਸੱਜਣਾਂ ਵਿੱਚ ਨਹੀਂ ਲੱਭਦੀ ਤੇ ਉਨ੍ਹਾਂ ਦੇ ਉਲਟ ਬੋਲਣ ਵਾਲੇ ਸੱਜਣ ਪਹਿਲਾਂ ਨਾਲੋਂ ਦੁੱਗਣੇ ਖੜਾਕ ਨਾਲ ਬੋਲਦੇ ਹਨ। ਕਾਰਨ ਸਾਫ ਹੈ ਕਿ ਭਾਜਪਾ ਦੇ ਪਾਸੇ ਨੂੰ ਉਲਾਰ ਹੋਏ ਸੱਜਣ ਇਸ ਵਕਤ 'ਮੋਦੀ ਹੈ ਤਾਂ ਮੁਮਕਿਨ ਹੈ' ਵਾਲੀ ਧਾਰਨਾ ਉੱਤੇ ਅਮਲ ਹੁੰਦਾ ਵੇਖ ਰਹੇ ਹਨ ਤੇ ਉਸ ਘੜੀ ਦੀ ਉਡੀਕ ਵਿੱਚ ਹਨ, ਜਦੋਂ ਉਨ੍ਹਾਂ ਦੇ ਇਸ ਆਗੂ ਦੀ ਕਾਂਗਰਸ ਬਾਰੇ ਕਹੀ ਗਈ ਗੱਲ ਸੱਚੀ ਸਾਬਤ ਹੋਵੇਗੀ। ਮੋਦੀ ਦੀ ਇਹ ਗੱਲ ਕੱਟਣ ਵਾਲਿਆਂ ਦੀ ਗਿਣਤੀ ਦਿਨੋ-ਦਿਨ ਘਟਦੀ ਜਾ ਰਹੀ ਹੈ ਤੇ ਆਵਾਜ਼ ਵੀ ਮੱਠੀ ਪੈਂਦੀ ਜਾ ਰਹੀ ਹੈ।

ਭਾਰਤ ਇਸ ਵਕਤ ਉਸ ਪਾਸੇ ਵੱਲ ਵਧ ਰਿਹਾ ਹੈ, ਜਿੱਥੇ ਬਹੁ-ਗਿਣਤੀ ਦੀ ਫਿਰਕਾਪ੍ਰਸਤੀ ਆਪਣੇ ਅਸਲੀ ਰੰਗ ਵਿੱਚ ਆ ਕੇ ਉਸ ਧੱਕੜਸ਼ਾਹੀ ਤੱਕ ਜਾ ਸਕਦੀ ਹੈ, ਜਿਸ ਦੇ ਝਲਕਾਰੇ ਵੇਖੇ ਜਣ ਲੱਗੇ ਹਨ। ਕਿਸੇ ਥਾਂ ਕੋਈ ਝਗੜਾ ਹੋਵੇ ਤਾਂ ਕਾਰਨ ਭਾਵੇਂ ਕ੍ਰਿਕਟ ਦੇ ਮੈਚ ਵਿੱਚ ਸਾਧਾਰਨ ਅੱਲ੍ਹੜਪੁਣੇ ਦੀ ਖਹਿਬਾਜ਼ੀ ਦਾ ਹੋਵੇ, ਪਰ ਫਿਰਕੂ ਰੰਗ ਚੜ੍ਹਨ ਨੂੰ ਦੇਰ ਨਹੀਂ ਲੱਗਦੀ। ਬੱਸ ਜਾਂ ਰੇਲ ਗੱਡੀ ਵਿੱਚ ਸੀਟ ਦਾ ਝਗੜਾ ਵੀ ਇਹੋ ਰੰਗ ਫੜ ਲੈਂਦਾ ਹੈ। ਕੁਝ ਲਫੰਡਰ ਕਿਸਮ ਵਾਲੇ ਲੋਕ ਇਹੋ ਜਿਹੇ ਮਾਹੌਲ ਵਿੱਚ ਬਦੋ-ਬਦੀ ਵਾਲੇ ਘੜੰਮ ਚੌਧਰੀ ਕਿਸ ਤਰ੍ਹਾਂ ਬਣ ਜਾਂਦੇ ਹਨ, ਇਹ ਅਸੀਂ ਕਈ ਵਾਰ ਵੇਖ ਚੁੱਕੇ ਹਾਂ ਅਤੇ ਅੱਜ ਕੱਲ੍ਹ ਦੇਸ਼ ਦੇ ਲਗਭਗ ਹਰ ਰਾਜ ਵਿੱਚੋਂ ਏਦਾਂ ਦੀਆਂ ਖਬਰਾਂ ਆ ਰਹੀਆਂ ਹਨ। ਲਹਿਰ ਕੋਈ ਵੀ ਹੋਵੇ, ਉਹ ਆਪੇ ਬਣੇ ਇਹੋ ਜਿਹੇ ਘੜੰਮ ਚੌਧਰੀਆਂ ਨੂੰ ਕਦੇ ਰੋਕਦੀ ਨਹੀਂ ਹੁੰਦੀ, ਕਿਉਂਕਿ ਇਹ ਅੰਤਲੇ ਮੋੜ ਵੱਲ ਜਾਣ ਲਈ ਉਸ ਲਹਿਰ ਦੀ ਚੜ੍ਹਤ ਵਧਾਉਣ ਦਾ ਕੰਮ ਕਰਿਆ ਕਰਦੇ ਹਨ ਤੇ ਜਦੋਂ ਖਤਰਾ ਬਣ ਸਕਦੇ ਹੋਣ ਤਾਂ ਉਹੋ ਲਹਿਰਾਂ ਇਨ੍ਹਾਂ ਨੂੰ ਝਟਕਾ ਦੇ ਸਕਦੀਆਂ ਹਨ, ਪਰ ਬਹੁਤੀ ਵਾਰ ਓਦੋਂ ਵੀ ਝਟਕਾ ਨਹੀਂ ਦੇਂਦੀਆਂ। ਜਿਹੜਾ ਗੁੰਡਾ ਅਨਸਰ ਆਜ਼ਾਦ ਦੇਸ਼ ਦੇ ਮੁੱਢਲੇ ਸਾਲਾਂ ਵਿੱਚ ਕਾਂਗਰਸ ਨਾਲ ਹੁੰਦਾ ਸੀ, ਫਿਰ ਕਾਂਗਰਸ ਵਿਰੋਧ ਦਾ ਝੰਡਾ ਚੁੱਕਣ ਵਾਲੀ ਹਰ ਕਿਸੇ ਹੋਰ ਪਾਰਟੀ ਨਾਲ ਜੁੜ ਜਾਂਦਾ ਰਿਹਾ ਸੀ, ਉਹ ਇਸ ਵੇਲੇ ਇਸ ਨਵੇਂ ਕਿਸਮ ਦੀ ਫਿਰਕਾ ਪ੍ਰਸਤੀ ਦੇ ਨੇਜ਼ੇ ਦੀ ਨੋਕ ਬਣਿਆ ਦਿੱਸਦਾ ਹੈ। ਕਾਂਗਰਸ ਦੀ ਗੋਦ ਵਿੱਚ ਖੇਡਦਾ ਹੋਇਆ ਏਥੋਂ ਤੱਕ ਪੁੱਜਾ ਇਹ ਅਨਸਰ ਅੱਜ ਰੰਗ ਵਿਖਾ ਰਿਹਾ ਹੈ।

ਅੱਜ ਦੀ ਤਰੀਕ ਵਿੱਚ ਜਿਹੜਾ ਆਗੂ ਸਭ ਤੋਂ ਵੱਧ ਘਿਰਿਆ ਪਿਆ ਹੈ, ਉਹ ਕਾਂਗਰਸ ਦੀ ਪ੍ਰਧਾਨਗੀ ਛੱਡ ਚੁੱਕਾ ਰਾਹੁਲ ਗਾਂਧੀ ਹੈ, ਜਿਹੜਾ ਹਰ ਤੀਸਰੇ ਦਿਨ ਕਿਸੇ ਅਦਾਲਤ ਦੇ ਕਟਹਿਰੇ ਵਿੱਚ ਜਾ ਖੜੋਂਦਾ ਹੈ, ਪਰ ਜਿਹੜੇ ਮਾਹੌਲ ਵਿੱਚ ਉਹ ਫਸਿਆ ਪਿਆ ਹੈ, ਉਸ ਦੀ ਸ਼ੁਰੂਆਤ ਉਸ ਦੇ ਆਪਣੇ ਬਾਪ ਨੇ ਕੀਤੀ ਸੀ। ਅਯੁੱਧਿਆ ਵਾਲੀ ਬਾਬਰੀ ਮਸਜਿਦ ਨੂੰ ਬੜੇ ਚਿਰ ਤੋਂ ਅਦਾਲਤ ਦੇ ਹੁਕਮ ਨਾਲ ਤਾਲਾ ਲੱਗਾ ਪਿਆ ਸੀ, ਚੋਣ ਮੁਹਿੰਮ ਲਈ ਚੜ੍ਹਨ ਵਾਸਤੇ ਉਹ ਤਾਲਾ ਖੁੱਲ੍ਹਵਾ ਕੇ ਪੂਜਾ ਕਰਨ ਲਈ ਜਦੋਂ ਰਾਜੀਵ ਗਾਂਧੀ ਓਥੇ ਉਚੇਚਾ ਗਿਆ, ਸੈਕੂਲਰ ਸੋਚ ਵਾਲੇ ਕਾਂਗਰਸੀਆਂ ਨੇ ਇਸ ਨੂੰ ਗਲਤ ਬੇਸ਼ੱਕ ਕਿਹਾ ਸੀ, ਪਰ ਇਸ ਦਾ ਵਿਰੋਧ ਨਹੀਂ ਸੀ ਕੀਤਾ। ਤਾਲਾ ਰਾਜੀਵ ਗਾਂਧੀ ਖੁੱਲ੍ਹਵਾ ਗਿਆ, ਅਗਲੀ ਮੁਹਿੰਮ ਚਲਾਉਣ ਲਈ ਉਹ ਲੋਕ ਅੱਗੇ ਆ ਗਏ, ਜਿਹੜੇ ਮੁੱਢਾਂ ਤੋਂ ਕਾਂਗਰਸ ਅਤੇ ਨਹਿਰੂ-ਗਾਂਧੀ ਪਰਵਾਰ ਦੇ ਵਿਰੋਧੀ ਸਨ। ਫਿਰ ਰਾਜੀਵ ਗਾਂਧੀ ਦਾ ਅਚਾਨਕ ਕਤਲ ਹੋ ਗਿਆ ਤਾਂ ਜਿਹੜੇ ਨਰਸਿਮਹਾ ਰਾਓ ਦੇ ਹੱਥ ਕਮਾਨ ਆਈ, ਉਸ ਨੇ ਨਵਾਂ ਪੁੱਠਾ ਕੰਮ ਇਹ ਕੀਤਾ ਕਿ ਬਾਹਰੋਂ ਧਰਮ ਨਿਰਪੱਖ ਬਣਦਾ ਰਿਹਾ, ਪਰ ਅੰਦਰ-ਖਾਤੇ ਬਾਬਰੀ ਮਸਜਿਦ ਢਾਹੁਣ ਵਾਲਿਆਂ ਨਾਲ ਸੈਨਤ ਮਿਲਾ ਕੇ ਚੱਲਦਾ ਰਿਹਾ। ਬਾਬਰੀ ਮਸਜਿਦ ਢਾਹੇ ਜਾਣ ਤੋਂ ਇੱਕ ਦਿਨ ਪਹਿਲਾਂ ਰਾਓ ਨੇ ਖੱਬੇ ਪੱਖੀ ਆਗੂਆਂ ਨੂੰ ਵੀ ਸੱਦਿਆ ਤੇ ਕੁਝ ਹੋਰ ਧਰਮ ਨਿਰਪੱਖ ਧਿਰਾਂ ਦੇ ਆਗੂਆਂ ਨੂੰ ਵੀ, ਪਰ ਜਦੋਂ ਉਹ ਉਸ ਦੇ ਘਰ ਗਏ ਤਾਂ ਨਰਸਮਿਹਾ ਰਾਓ ਅਗੇਤੇ ਆ ਚੁੱਕੇ ਭਾਜਪਾ ਆਗੂਆਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਨਾਲ ਅੰਦਰਲੇ ਕਮਰੇ ਵਿੱਚ ਮੀਟਿੰਗ ਲਾਈ ਬੈਠਾ ਸੀ। ਧਰਮ ਨਿਰਪੱਖ ਮੰਨੇ ਜਾਂਦੇ ਆਗੂ ਓਥੇ ਕਈ ਘੰਟੇ ਬਾਹਰਲੇ ਕਮਰੇ ਵਿੱਚ ਬੈਠੇ ਚਾਹ ਪੀਂਦੇ ਤੇ ਉਬਾਸੀਆਂ ਲੈਂਦੇ ਰਹੇ ਤੇ ਅੰਦਰਲੀ ਮੀਟਿੰਗ ਨਿਰਵਿਘਨ ਚੱਲੀ ਗਈ। ਜਦੋਂ ਅੱਕ ਕੇ ਕਾਮਰੇਡ ਇੰਦਰਜੀਤ ਗੁਪਤਾ ਨੇ ਕਹਿ ਦਿੱਤਾ ਕਿ ਕਾਮਰੇਡ ਸੁਰਜੀਤ ਜੀ, ਆਉ ਚੱਲੀਏ, ਏਦਾਂ ਦੀ ਚਾਹ ਅਤੇ ਬਿਸਕੁਟ ਆਪਣੇ ਦਫਤਰ ਵੀ ਮਿਲ ਜਾਣਗੇ ਤਾਂ ਕਾਹਲੀ ਵਿੱਚ ਬਾਹਰ ਆਏ ਨਰਸਿਮਹਾ ਰਾਓ ਨੇ ਚਿੰਤਾ ਦਾ ਚਲਿੱਤਰ ਆਰੰਭ ਕਰ ਦਿੱਤਾ ਸੀ। ਇਹ ਸਾਰਾ ਕੁਝ ਜਦੋਂ ਹੋ ਰਿਹਾ ਸੀ, ਕਾਂਗਰਸ ਦੇ ਬਾਕੀ ਲੀਡਰ ਰੋਕਣ ਨੂੰ ਅੱਗੇ ਨਹੀਂ ਸਨ ਆਏ, ਕਿਉਂਕਿ ਉਨ੍ਹਾਂ ਵਿੱਚੋਂ ਬਹੁਤਿਆਂ ਦਾ ਧਿਆਨ ਭਵਿੱਖ ਵਿੱਚ ਉੱਭਰ ਸਕਣ ਵਾਲੀ ਜਾਪਦੀ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਨਾਲ ਸੰਪਰਕ ਕਰਨ ਉੱਤੇ ਲੱਗਾ ਹੋਇਆ ਸੀ।

ਅੱਜ ਦੀ ਨਰਿੰਦਰ ਮੋਦੀ ਸਰਕਾਰ ਦਾ ਮੰਤਰੀ ਬਣਿਆ ਰਾਓ ਇੰਦਰਜੀਤ ਸਿੰਘ ਪਹਿਲਾਂ ਹਰਿਆਣੇ ਤੋਂ ਕਾਂਗਰਸ ਦਾ ਪਾਰਲੀਮੈਂਟ ਮੈਂਬਰ ਹੁੰਦਾ ਸੀ। ਸੁਰਿੰਦਰ ਸਿੰਘ ਆਹਲੂਵਾਲੀਆ ਵੀ ਨਰਸਿਮਹਾ ਰਾਓ ਵਾਲੀ ਕਾਂਗਰਸੀ ਸਰਕਾਰ ਵਿੱਚ ਮੰਤਰੀ ਹੁੰਦਾ ਸੀ। ਫੋਲਣ ਲੱਗੋ ਤਾਂ ਏਦਾਂ ਦੇ ਕਈ ਮਿਲ ਜਾਣਗੇ। ਬਾਬਰੀ ਮਸਜਿਦ ਢਾਹੇ ਜਾਣ ਮਗਰੋਂ ਪਾਰਲੀਮੈਂਟ ਵਿੱਚ ਭਾਜਪਾ ਦਾ ਤਿੱਖਾ ਵਿਰੋਧ ਕਰਨ ਵਾਲੇ ਮੈਂਬਰਾਂ ਵਿੱਚ ਆਹਲੂਵਾਲੀਆ ਵੀ ਸ਼ਾਮਲ ਸੀ। ਆਜ਼ਾਦੀ ਲਹਿਰ ਵਾਲੇ ਦਿਨਾਂ ਵਿੱਚ ਕਾਫੀ ਹੱਦ ਤੱਕ ਕਾਂਗਰਸ ਪਾਰਟੀ ਵੱਖ-ਵੱਖ ਧਰਮਾਂ ਦੇ ਲੋਕਾਂ ਦਾ ਸੰਤੁਲਨ ਬਣਾ ਕੇ ਚੱਲਦੀ ਰਹੀ ਸੀ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਨਾਂਅ ਨਾਲ 'ਪੰਡਿਤ' ਭਾਵੇਂ ਪੱਕਾ ਲੱਗਾ ਪਿਆ ਸੀ, ਫਿਰ ਵੀ ਉਹ ਆਗੂ ਧਰਮਾਂ ਦੇ ਪੱਖ ਤੋਂ ਆਮ ਕਰ ਕੇ ਨਿਰਲੇਪ ਰਹਿੰਦਾ ਸੀ। ਉਸ ਦੇ ਬਾਅਦ ਉਸ ਦੀ ਧੀ ਇੰਦਰਾ ਗਾਂਧੀ ਨੇ ਥਿੜਕਣ ਵਿਖਾਈ ਸੀ। ਜਿਹੜੇ ਵੀ ਹਾਲਾਤ ਹੋਣ, ਜਿਹੜੀ ਥਿੜਕਣ ਇੰਦਰਾ ਗਾਂਧੀ ਦੇ ਵਕਤ ਸ਼ੁਰੂ ਹੋਈ, ਉਹ ਅੱਜ ਇੰਦਰਾ ਗਾਂਧੀ ਦੇ ਪੋਤੇ ਨੂੰ ਭੁਗਤਣੀ ਪਈ ਹੈ। ਪਾਰਟੀ ਦੀ ਅੰਦਰੂਨੀ ਹਾਲਤ ਇਸ ਤਰ੍ਹਾਂ ਦੀ ਹੈ ਕਿ ਉਹ ਕਿਸੇ ਉੱਤੇ ਜ਼ਰਾ ਜਿੰਨਾ ਵੀ ਭਰੋਸਾ ਕਰਨ ਲਈ ਦਿਲੋਂ ਤਿਆਰ ਨਹੀਂ ਹੋ ਸਕਦਾ ਹੋਣਾ। ਬਾਹਰੀ ਪਾਸਿਆਂ ਤੋਂ ਉਸ ਨੂੰ ਚੁਫੇਰਿਓਂ ਸਿਆਸੀ ਤੇ ਕਾਨੂੰਨੀ ਪੱਖ ਤੋਂ ਘੇਰਿਆ ਜਾ ਰਿਹਾ ਹੈ।

ਕਦੇ-ਕਦੇ ਇਹੋ ਜਿਹੇ ਦਿਨ ਆ ਜਾਂਦੇ ਹਨ, ਜਦੋਂ ਬੜੇ ਨੇੜਲੇ ਵੀ ਸਾਥ ਛੱਡ ਖੜੋਂਦੇ ਅਤੇ 'ਘਰ ਦਾ ਭੇਤੀ, ਲੰਕਾ ਢਾਹੇ' ਵਾਲੀ ਗੱਲ ਬਣ ਜਾਂਦੀ ਹੈ। ਇੰਦਰਾ ਗਾਂਧੀ ਦੇ ਮਾੜੇ ਵਕਤ ਵਿੱਚ ਉਸ ਦੀ ਭੂਆ ਵਿਜੇ ਲਕਸ਼ਮੀ ਉਸ ਨੂੰ ਛੱਡ ਕੇ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਾਲੀ ਲਹਿਰ ਵਿੱਚ ਜਾ ਖੜੋਤੀ ਸੀ। ਨਹਿਰੂ ਪਰਵਾਰ ਦਾ ਨੇੜਲਾ ਰਿਸ਼ਤੇਦਾਰ ਅਰੁਣ ਨਹਿਰੂ, ਜਿਹੜਾ ਇੰਦਰਾ ਗਾਂਧੀ ਦੇ ਵਕਤ ਤੋਂ ਰਾਜ-ਭਾਗ ਮਾਣਦਾ ਰਿਹਾ ਸੀ, ਇੰਦਰਾ ਗਾਂਧੀ ਦਾ ਕਤਲ ਹੋਣ ਪਿੱਛੋਂ ਦਿੱਲੀ ਵਿੱਚ ਹੋਏ ਸਿੱਖ ਵਿਰੋਧੀ ਕਤਲੇਆਮ ਵਿੱਚ ਆਪਣੀ ਮੁੱਖ ਭੂਮਿਕਾ ਲਈ ਚਰਚਾ ਰਿਹਾ ਸੀ। ਉਹ ਰਾਜੀਵ ਗਾਂਧੀ ਦੇ ਰਾਜ ਵਾਲੇ ਦਿਨਾਂ ਤੱਕ ਮਜ਼ੇ ਮਾਣਦਾ ਰਿਹਾ, ਪਰ ਜਦੋਂ ਮਾੜੇ ਦਿਨ ਆਏ ਤਾਂ ਰਾਜੀਵ ਗਾਂਧੀ ਨੂੰ ਛੱਡ ਗਿਆ। ਫਿਰ ਉਹ ਰਾਜੀਵ ਗਾਂਧੀ ਦੇ ਵਿਰੁੱਧ ਰਾਜਾ ਵੀ ਪੀ ਸਿੰਘ ਨਾਲ ਜਾ ਜੁੜਿਆ ਸੀ ਤੇ ਜਨਤਾ ਦਲ ਦੀ ਟਿਕਟ ਉੱਤੇ ਪਾਰਲੀਮੈਂਟ ਮੈਂਬਰ ਬਣ ਕੇ ਕੇਂਦਰੀ ਮੰਤਰੀ ਬਣ ਗਿਆ ਸੀ। ਬੜੇ ਲੋਕਾਂ ਨੂੰ ਪਤਾ ਨਹੀਂ ਕਿ ਨਹਿਰੂ-ਗਾਂਧੀ ਖਾਨਦਾਨ ਨਾਲ ਅਰੁਣ ਨਹਿਰੂ ਦਾ ਸੰਬੰਧ ਬੜਾ ਨੇੜੇ ਦਾ ਸੀ। ਉਸ ਦਾ ਬਾਪ ਆਨੰਦ ਕੁਮਾਰ ਸੀ ਤੇ ਆਨੰਦ ਕੁਮਾਰ ਦਾ ਬਾਪ ਸ਼ਾਮ ਲਾਲ ਅੱਗੋਂ ਨੰਦ ਲਾਲ ਨਹਿਰੂ ਦਾ ਪੁੱਤਰ ਸੀ। ਇਹ ਨੰਦ ਲਾਲ ਕੋਈ ਓਪਰਾ ਨਹੀਂ, ਪੰਡਿਤ ਜਵਾਹਰ ਲਾਲ ਨਹਿਰੂ ਦਾ ਸਕਾ ਤਾਇਆ ਤੇ ਮੋਤੀ ਲਾਲ ਨਹਿਰੂ ਦਾ ਵੱਡਾ ਭਰਾ ਸੀ। ਇਸ ਪਰਵਾਰ ਨੇ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੇ ਰਾਜ ਤੱਕ ਮੌਜ ਮਾਣੀ, ਮਾਲ ਵੀ ਕਮਾਇਆ ਸੀ ਤੇ ਰਾਜੀਵ ਗਾਂਧੀ ਵੇਲੇ ਜਿਹੜਾ ਚੈਕੋਸਲੋਵਾਕੀਆ ਤੋਂ ਪਿਸਤੌਲ ਮੰਗਵਾਉਣ ਦਾ ਵੱਡਾ ਘਪਲਾ ਹੋਇਆ, ਉਸ ਖੇਡ ਦਾ ਮੁੱਖ ਖਿਡਾਰੀ ਵੀ ਇਹੋ ਅਰੁਣ ਨਹਿਰੂ ਕਿਹਾ ਜਾਂਦਾ ਸੀ, ਜਿਹੜਾ ਬਾਅਦ ਵਿੱਚ ਵੀ ਪੀ ਸਿੰਘ ਨਾਲ ਜੁੜ ਗਿਆ ਸੀ ਅਤੇ ਰਾਜੀਵ ਗਾਂਧੀ ਨੂੰ ਭ੍ਰਿਸ਼ਟਾਚਾਰੀਆ ਕਹਿ ਕੇ ਭੰਡਦਾ ਫਿਰਦਾ ਸੀ। ਜਿਹੜੇ ਲੋਕ ਉਸ ਵਕਤ ਪਾਰਟੀ ਵਿੱਚ ਰਹਿ ਗਏ ਸਨ ਤੇ ਬਾਅਦ ਵਿੱਚ ਕਾਂਗਰਸੀ ਸਰਕਾਰਾਂ ਵੇਲੇ ਸੁਖ ਮਾਣਦੇ ਰਹੇ ਸਨ, ਉਹ ਅੱਜ ਰਾਹੁਲ ਗਾਂਧੀ ਦੇ ਖਿਲਾਫ ਨਰਿੰਦਰ ਮੋਦੀ ਦੇ 'ਕਾਂਗਰਸ ਮੁਕਤ ਭਾਰਤ' ਵਾਲੇ ਨਾਅਰੇ ਨੂੰ ਸਿਰੇ ਚਾੜ੍ਹਨ ਲਈ ਕਮਰਾਂ ਕੱਸੀ ਫਿਰਦੇ ਹਨ।

ਇਹ ਸਾਰਾ ਕੁਝ ਜਦੋਂ ਕਾਂਗਰਸ ਪਾਰਟੀ ਨੂੰ ਵੇਖਣਾ ਚਾਹੀਦਾ ਸੀ, ਪੰਡਿਤ ਜਵਾਹਰ ਲਾਲ ਨਹਿਰੂ ਵਾਲੀ ਲੀਹ ਛੱਡੇ ਬਿਨਾਂ ਰਾਜਨੀਤੀ ਕਰਨੀ ਚਾਹੀਦੀ ਸੀ, ਓਦੋਂ ਕਾਂਗਰਸ ਦੀ ਲੀਡਰਸ਼ਿਪ ਇਸ ਤੋਂ ਖੁੰਝ ਗਈ ਸੀ। ਸਿਧਾਂਤਕ ਪੱਖੋਂ ਸਭ ਤੋਂ ਵੱਧ ਨੁਕਸਾਨ ਜਵਾਹਰ ਲਾਲ ਨਹਿਰੂ ਦੀ ਧੀ ਇੰਦਰਾ ਗਾਂਧੀ ਨੇ ਕੀਤਾ ਸੀ, ਜਿਹੜੀ ਧੀਰੇਂਦਰ ਬ੍ਰਹਮਚਾਰੀ ਵਰਗਿਆਂ ਨੂੰ ਮਾਣ-ਤਾਣ ਦੇਣ ਵਾਲੇ ਰਾਹੇ ਪੈ ਤੁਰੀ ਸੀ। ਰਹੀ ਕਸਰ ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਕੱਢ ਦਿੱਤੀ। ਪੰਜਾਬੀ ਦਾ ਇੱਕ ਮੁਹਾਵਰਾ ਇਹ ਹੈ ਕਿ ਦਾਦੇ ਦੀਆਂ ਕੀਤੀਆਂ ਪੋਤੇ ਨੂੰ ਭੁਗਤਣੀਆਂ ਪੈਂਦੀਆਂ ਹਨ। ਲੱਗਦਾ ਹੈ ਕਿ ਇਸ ਵਾਰ ਦਾਦੇ ਦੀਆਂ ਨਹੀਂ, ਇੰਦਰਾ ਗਾਂਧੀ ਵਰਗੀ ਦਾਦੀ ਦੀਆਂ ਕੀਤੀਆਂ ਰਾਹੁਲ ਗਾਂਧੀ ਵਰਗੇ ਪੋਤੇ ਨੂੰ ਭੁਗਤਣੀਆਂ ਪੈ ਰਹੀਆਂ ਹਨ।

# ਮੋਦੀ ਜੀ ਦਾ ਡਿਜੀਟਲ ਇੰਡੀਆ



ਬੇਅੰਤ ਕੌਰ ਗਿੱਲ ਮੋਗਾ

ਸੁਬ੍ਹਾ-ਸੁਬ੍ਹਾ ਫੋਨ ਖੜਕ ਰਿਹਾ ਹੈ। "ਸੁੱਖ ਹੋਵੇ! ਇੰਨਾ ਸੁਵਖਤੇ ਫੋਨ।"ਕਿੰਨਾ ਬੁਰਾ ਲੱਗ ਰਿਹਾ ਹੈ,ਸੁਬ੍ਹਾ ਦੀ ਸ਼ਾਂਤੀ ਨੂੰ ਭੰਗ ਕਰਦਾ ਇਹ ਫ਼ੋਨ। ਸੁਨੇਹਾ ਮਿਲਿਆ ਹੈ ਕਿ ਅੱਜ ਸ਼ਹਿਰ ਵਿੱਚ ਪੂਰੇ ਨੌਂ ਵਜੇ ਸਹੁੰ ਚੁੱਕ ਸਮਾਗਮ ਹੋ ਰਿਹਾ ਹੈ ਜਿਸ ਵਿੱਚ ਇਲਾਕੇ ਦੀਆਂ ਸਮਾਜਿਕ, ਰਾਜਨੀਤਿਕ ਤੇ ਸਾਹਿਤਕ ਸ਼ਖ਼ਸੀਅਤਾਂ ਆ ਰਹੀਆਂ ਹਨ। ਅਤੇ ਆਮ ਲੋਕਾਂ ਦੀ ਹਾਜ਼ਰੀ ਵੀ ਵੱਧ ਤੋਂ ਵੱਧ ਹੋਣੀ ਚਾਹੀਦੀ ਹੈ। ਪਤਾ ਨਹੀਂ ਇਹ ਕਿਹੜਾ ਸਹੁੰ ਚੁੱਕ ਸਮਾਗਮ ਹੈ। ਵੋਟਾਂ ਪੈ ਗਈਆਂ ਹਨ, ਮੰਤਰੀਆਂ ਨੇ ਆਪੋ ਆਪਣੇ ਅਹੁਦੇ ਸੰਭਾਲ ਲਏ ਹਨ।...

ਫਿਰ ਅਸੀਂ ਵੀਂ ਪਹੁੰਚ ਗਏ ਇਸ ਸਮਾਗਮ ਵਿੱਚ। ਸੱਚਮੁੱਚ ਇਸ ਸਮਾਗਮ ਵਿੱਚ ਇਲਾਕੇ ਦੀਆਂ ਮੰਨੀਆਂ ਪ੍ਰਮੰਨੀਆਂ ਸ਼ਖ਼ਸੀਅਤਾਂ ਪਹੁੰਚੀਆਂ ਹੋਈਆਂ ਹਨ। ਐੱਮ.ਪੀ.,ਐੱਮ.ਐੱਲ.ਏ, ਡੀ.ਸੀ., ਐੱਸ.ਡੀ.ਐੱਮ.,ਐੱਮ ਸੀਜ਼, ਸਰਪੰਚ ਸਭ ਪਹੁੰਚੇ ਹੋਏ ਹਨ। ਕੁਰਸੀਆਂ ਦੇ ਸਿਰ ਤੇ ਸਜਿਆਂ ਟੈਂਟ ਆਪਣੀ ਮਗਰੂਰੀ ਵਿੱਚ ਝੂਲ ਰਿਹਾ ਹੈ। ਬਿਨਾਂ ਦੇਰੀ ਕੀਤੇ ਸਹੁੰ ਚੁੱਕਣ ਦੀ ਰਸਮ ਸ਼ੁਰੂ ਹੋ ਗਈ ਹੈ। ਡੀ.ਸੀ ਸਾਹਿਬ ਬੋਲ ਰਹੇ ਹਨ ਇੱਕ ਕਾਗਜ਼ ਫੜਕੇ। ਸਭ ਨੂੰ ਹੁਕਮ ਹੈ ਕਿ ਅਸੀਂ ਪਿੱਛੇ ਪਿੱਛੇ ਬੋਲਣਾ ਹੈ। ... ਬੋਲ ਰਹੇ ਹਾਂ ਕਿਉਂਕਿ ਹੁਕਮ ਹੈ। "ਅਸੀਂ ਅੱਜ ਤੋਂ ਇਹ ਸਹੁੰ ਚੁੱਕਦੇ ਹਾਂ ਕਿ ਅਸੀਂ ਆਪਣੇ ਆਲੇ-ਦੁਆਲੇ, ਸ਼ਹਿਰ ਨੂੰ, ਰਾਜ ਨੂੰ, ਆਪਣੇ ਇੰਡੀਆ ਨੂੰ ਸਾਫ਼ ਸੁਥਰਾ ਰੱਖਾਂਗੇ। ਅਸੀਂ ਕੋਈ ਕਾਗਜ਼ ਜਾਂ ਹੋਰ ਕੂੜਾ ਕਰਕਟ ਰਾਹਾਂ ਵਿੱਚ ਸੁੱਟਣ ਦੀ ਬਜਾਇ ਕੂੜੇ ਦਾਨ ਵਿੱਚ ਪਾਵਾਂਗੇ।"

ਹੁਣ ਇੱਕ ਐੱਮਐੱਲਏ ਤੇ ਫੇਰ ਦੂਸਰੇ ਸਭ ਮਹਿਮਾਨ ਵਾਰੋ-ਵਾਰੀ ਬੋਲ ਰਹੇ ਹਨ। ਭਾਸ਼ਨ ਬੜਾ ਲੰਬਾ ਚੌੜਾ ਹੈ। ਸਟੇਜ 'ਤੇ ਚਾਹ-ਪਾਣੀ ਸਮੋਸੇ, ਲੱਡੂ ਵਰਤ ਰਹੇ ਹਨ ਤੇ ਨਾਲ ਹੀ ਹੱਥ ਸਾਫ਼ ਕਰਨ ਲਈ ਨੈਪਕਿਨ ਪੇਪਰ ਵੀ। ਸਭ ਭਾਸ਼ਨ ਦੇਣ ਤੋਂ ਬਾਅਦ ਕੁਝ ਨਾਂ ਕੁਝ ਖਾਂਦੇ ਹਨ ਤੇ ਨੈਪਕਿਨ ਨਾਲ ਹੱਥ ਸਾਫ਼ ਕਰਦੇ ਹਨ। ਤੇ ਠੀਕ ਆਪਣੀ ਆਦਤ ਮੁਤਾਬਿਕ ਆਪਣੇ ਤੋਂ ਪਿਛਲੇ ਪਾਸੇ ਨੂੰ ਜਾਂ ਫਿਰ ਆਪਣੇ ਪੈਰਾਂ ਦੀਆਂ ਅੱਡੀਆਂ ਕੋਲ ਕਾਗਜ਼ ਸੁੱਟ ਦਿੰਦੇ ਹਨ। ਥੋੜੀ-ਥੋੜ੍ਹੀ ਸਿਆਸਤ ਵੀ ਇਸ ਪ੍ਰੋਗਰਾਮ ਵਿੱਚ ਦਿਸ ਰਹੀ ਹੈ। ਜਾਪਦਾ ਹੈ, ਜੇ ਇਹ ਪ੍ਰੋਗਰਾਮ ਜਲਦੀ ਨਾ ਰੁਕਿਆਂ ਤਾਂ ਗੱਲ ਵਿਗੜ ਵੀ ਸਕਦੀ ਹੈ ਕਿਉਂਕਿ ਹਰ ਕੋਈ ਇਸ ਪ੍ਰੋਗਰਾਮ ਦਾ ਮੁੱਖ ਮਹਿਮਾਨ ਬਣਨ ਲਈ ਪਹਿਲੀ ਕਤਾਰ ਦੇ ਸੋਫਿਆਂ 'ਤੇ ਬੈਠਣਾ ਪਸੰਦ ਕਰਦਾ ਹੈ ਤੇ ਜਦ ਇੱਕ ਭਾਸ਼ਣ ਦੇਣ ਜਾਂਦਾ ਹੈ ਤਾਂ ਦੂਸਰਾ ਝਟ ਉਹ ਸੀਟ ਮੱਲ ਲੈਂਦਾ ਹੈ ਹੁਣ ਭਾਸ਼ਣ ਦੇ ਰਹੇ ਮਹਿਮਾਨ ਦਾ ਧਿਆਨ ਭੁੱਖੇ-ਤਿਹਾਏ ਬੈਠੇ ਪੰਡਾਲ ਦੇ ਲੋਕਾਂ 'ਤੇ ਨਹੀਂ, ਸਗੋਂ ਆਪਣੀ ਖੁਸ ਚੁੱਕੀ ਸੋਫੇ ਦੀ ਸੀਟ ਵੱਲ ਵਾਰ-ਵਾਰ ਜਾਂਦਾ ਹੈ। ਪ੍ਰੋਗਰਾਮ ਖਤਮ ਹੋਇਆ 'ਤੇ ਸਭ ਆਪਣੇ-ਆਪਣੇ ਘਰਾਂ ਨੂੰ ਪਰਤ ਰਹੇ ਹਨ। ਡਿਸਪੋਜ਼ੇਬਲ ਗਲਾਸ ਤੇ ਪਲੇਟਾਂ ਪੈਰਾਂ ਹੇਠ ਆ ਕੇ ਕੜ-ਕੜ ਦੀ ਆਵਾਜ਼ ਕਰਦੇ ਹਨ।

ਮੈਂ ਰੁਕ ਗਈ ਹਾਂ ਦੇਖਣ ਲਈ ਕਿ ਅਸੀਂ ਕਿੰਨੇ ਕੁ ਪ੍ਰੈਕਟੀਕਲ ਹਾਂ। ਸਭ ਮਹਿਮਾਨ ਜਾਂਦੇ ਜਾਂਦੇ ਟੇਬਲ ਤੋਂ ਨੈਪਕਿਨ ਪੇਪਰ ਚੁੱਕ ਹੱਥ ਸਾਫ ਕਰ ਪਿੱਛੇ ਸੁੱਟ ਆਪਣੀਆਂ ਕਾਰਾਂ ਵਿੱਚ ਜਾ ਬੈਠੇ ਹਨ। ਵਿਚਾਰੇ ਜਮਾਂਦਾਰ, ਜਿਹੜੇ ਖਾਸ ਪ੍ਰੋਗਰਾਮ ਦਾ ਹਿੱਸਾ ਵੀ ਸਨ ਤੇ ਕੁਝ ਦੇਰ ਪਹਿਲਾਂ ਬਹੁਤ ਖੁਸ਼ ਨਜ਼ਰ ਆ ਰਹੇ ਸਨ ਪਰ ਹੁਣ ਉਹ ਨਵੇਂ ਕੱਪੜਿਆਂ ਵਿੱਚ ਹੀ ਆਪਣੇ ਝਾੜੂ ਚੁੱਕ ਫੁਸਰ-ਫੁਸਰ ਕਰਦੇ ਕੂੜਾ ਇਕੱਠਾ ਕਰਨ ਲੱਗਦੇ ਹਨ।...

ਕੁਝ ਦਿਨਾਂ ਬਾਅਦ ਅਸੀਂ ਕਿਤੇ ਸਫਰ 'ਤੇ ਗਏ। ਭੁੱਖ ਲੱਗੀ, ਕੇਲੇ ਲੈ ਕੇ ਖਾ ਲਏ। ਭਾਣਜੀ ਨੇ ਕੇਲੇ ਦਾ ਛਿਲਕਾ ਫੜਾਉਂਦਿਆਂ ਕਿਹਾ, 'ਮਾਸੀ ਜੀ, ਪਲੀਜ਼ ਇਹ ਕਾਰ ਤੋਂ ਬਾਹਰ ਸੁੱਟ ਦਿਓ।'

ਮੈਂ ਕੇਲੇ ਦੇ ਛਿਲਕੇ ਫੜ ਲਿਫਾਫੇ ਵਿੱਚ ਪਾ ਕੇ ਕੋਲ ਰੱਖ ਲਏ। ਉਹ ਬੱਚੀ ਫਿਰ ਕਹਿੰਦੀ, "ਮਾਸੀ ਜੀ ਬਾਹਰ ਸੁੱਟ ਦਿਓ।" ਮੈਂ ਮਨ ਹੀ ਮਨ ਵਿੱਚ ਮੁਸਕਰਾਈ ਕਿ ਬੱਚੀ ਸੋਚਦੀ ਹੋਵੇਗੀ ਕਿ ਮਾਸੀ ਜੀ ਕਿਹੜੀਆਂ ਸੋਚਾਂ ਵਿੱਚ ਹਨ ਕਿ ਕੂੜਾ ਹੱਥ ਵਿੱਚ ਫੜੀ ਬੈਠੀ ਹੈ। ਹੁਣ ਕੀ ਦੱਸਾਂ ਕਿ ਭਾਵੇਂ ਅਣਜਾਣੇ ਜਾਂ ਜਬਰੀ ਹੀ ਸਹੀ, ਮੈਂ ਕੂੜਾ ਨਾ ਖਿਲਾਰਨ ਦੀ ਸਹੁੰ ਚੁੱਕੀ ਹੋਈ ਹੈ। ਫਿਰ ਸੋਚਣ ਲੱਗਦੀ ਹਾਂ ਕਿ ਕੋਈ ਸ਼ੱਕ ਨਹੀਂ ਜੇ ਕੋਈ ਇਨਸਾਨ ਦੇਸ਼ ਦਾ ਪ੍ਰਧਾਨ ਮੰਤਰੀ ਹੈ ਤਾਂ ਜ਼ਰੂਰ ਬਹੁਤ ਸਾਰੇ ਗੁਣ ਉਹਨਾਂ ਵਿੱਚ ਹੋਣਗੇ ਤਾਂ ਹੀ ਤਾਂ ਉਹ ਇਸ ਅਹੁਦੇ 'ਤੇ ਪਹੁੰਚੇ ਹਨ। ਪਰ ਕੋਈ ਸ਼ੱਕ ਨਹੀਂ ਕਿ ਉਹ ਭੋਲੇ ਵੀ ਬਹੁਤ ਹਨ। ਭੋਲੇ ਇਸ ਲਈ ਹਨ ਕਿ ਉਹਨਾਂ ਨੇ ਅੱਖਾਂ ਬੰਦ ਕਰਕੇ ਭਰੋਸਾ ਕਰ ਲਿਆ ਕਿ ਸਹੁੰ ਚੁੱਕਣ ਅਤੇ ਚੁਕਾਉਣ ਨਾਲ ਸਾਡਾ ਦੇਸ਼ ਸਾਫ਼ ਸੁਥਰਾ ਹੋ ਜਾਵੇਗਾ। ਇਰਾਦਾ ਮਾੜਾ ਨਹੀਂ, ਸੋਚ ਮਾੜੀ ਨਹੀਂ, ਪਰ ਬਹੁਤ ਔਖਾ ਹੈ ਸਾਡੇ ਦੇਸ਼ ਵਿੱਚ ਇਹਨਾਂ ਸਭ ਚੀਜ਼ਾਂ ਨੂੰ ਲਾਗੂ ਕਰਨਾ। ਦੇਸ਼ ਨੂੰ ਸਾਫ਼ ਕਰਨ ਤੋਂ ਪਹਿਲਾਂ ਸਾਨੂੰ ਸਭ ਨੂੰ ਆਪਣਾ ਮਨ ਸਾਫ਼ ਕਰਨਾ ਚਾਹੀਦਾ ਹੈ।

ਦੇਖੋ ਪਿਆਰੇ ਮੋਦੀ ਜੀ ਨੇ ਇੰਡੀਆ ਨੂੰ ਡਿਜੀਟਲ ਕਰਨ ਲਈ ਕੰਪਿਊਟਰ ਸਕੀਮਾਂ, ਜਿਨ੍ਹਾਂ ਵਿੱਚ ਕੰਪਿਊਟਰ ਦੀ ਬੇਸਿਕ ਜਾਣਕਾਰੀ ਆਮ ਲੋਕਾਂ ਤੇ ਵਿਦਿਆਰਥੀਆਂ ਨੂੰ ਦੇਣੀ ਸੀ। ਬੱਚੇ ਤੇ ਹੋਰ ਲੋਕ ਤਾਂ ਡਿਜੀਟਲ ਨਹੀਂ ਬਣ ਸਕੇ ਭਾਵ ਬੇਸਿਕ ਜਾਣਕਾਰੀ ਨਹੀਂ ਲੈ ਸਕੇ ਪਰ ਇਹਨਾਂ ਸੈਂਟਰਾਂ ਵਾਲਿਆਂ ਦਾ ਨਾਮ ਬਣ ਗਿਆ। ਵਗਦੀ ਗੰਗਾ ਵਿੱਚ ਸਭ ਨਹਾਏ (ਨਾਤੇ)। ਸੈਂਟਰਾਂ ਵਿੱਚ ਹਾਜ਼ਰੀਆਂ ਲੱਗੀਆਂ, ਲੋਕ ਘਰੋ ਘਰ। ਸਰਟੀਫਿਕੇਟ ਜ਼ਰੂਰੀ ਹਨ, ਉਹ ਘਰ ਆ ਜਾਣਗੇ। ਵੈਸੇ ਵੀ ਆਪਾਂ ਕਿਹੜਾ ਪੈਸੇ ਦਿੱਤੇ ਹਨ ਕਿ ਰੋਜ਼ ਕੰਪਿਊਟਰ ਸੈਂਟਰ ਜਾਂ ਹੋਰ ਸਿਖਲਾਈ ਸੈਂਟਰ ਜਾਈਏ। ਪਰ ਭੋਲੇ ਮੋਦੀ ਜੀ ਦੇ ਭੋਲਿਓ ਲੋਕੋ ਤੁਹਾਨੂੰ ਕੀ ਪਤਾ ਤੁਸੀਂ ਪੈਸੇ ਨਹੀਂ ਦਿੱਤੇ ਪਰ ਤੁਹਾਡੇ ਮੋਦੀ ਜੀ ਨੇ ਇਹਨਾਂ ਨੂੰ ਪੈਸੇ ਦਿੱਤੇ ਹਨ, ਤੁਹਾਡੇ ਲਈ। ਤੁਹਾਨੂੰ ਡਿਜੀਟਲ ਇੰਡੀਆ ਦਾ ਹਿੱਸਾ ਬਣਾਉਣ ਲਈ।

ਮੋਦੀ ਸਰਕਾਰ ਨੇ ਦੇਸ਼ ਦੇ ਭ੍ਰਿਸ਼ਟ ਸਿਸਟਮ ਨੂੰ ਬਦਲਣ ਲਈ ਅਤੇ ਲੋਕਾਂ ਨੂੰ ਠੱਗੀਆਂ ਤੋਂ ਬਚਾਉਣ ਲਈ ਸਭ ਕੁਝ ਆਨਲਾਈਨ ਕਰ ਦਿੱਤਾ। ਹੁਣ ਦੇਖੋ ਆਨਲਾਈਨ ਵਿੱਚ ਸਿਰਫ਼ ਸੱਚ ਸਾਹਮਣੇ ਹੈ, ਝੂਠ ਨਹੀਂ। ਜੋ ਇੱਕ ਵਾਰ ਕੰਪਿਊਟਰ ਵਿੱਚ ਭਰਿਆ ਗਿਆ ਉਹ ਮਿਟ ਨਹੀਂ ਸਕਦਾ, ਰਹਿੰਦੀ ਦੁਨੀਆਂ ਤੱਕ ਰਿਕਾਰਡ ਰਹੇਗਾ।

ਦੋ ਸਾਲ ਤੋਂ ਇੱਕ ਮਜ਼ਦੂਰ ਦਾ ਬੱਚਾ ਨਹੀਂ ਪੜ੍ਹਿਆ, ਬਹੁਤ ਸਮਝਾਇਆ ਪਰ ਸਕੂਲ ਨਹੀਂ ਗਿਆ। ਹੁਣ ਵੱਡਾ ਹੋਇਆ ਦੋਸਤਾਂ ਨੂੰ ਸਕੂਲ ਜਾਂਦੇ ਦੇਖ ਤੜਫਦਾ ਹੈ। ਕੋਈ ਸਕੂਲ ਉਸ ਨੂੰ ਨਹੀਂ ਲੈ ਰਿਹਾ। ਸਭ ਦੀਆਂ ਮਿੰਨਤਾਂ ਕਰਕੇ ਦੇਖ ਲਈਆਂ, ਕੋਈ ਹੱਲ ਨਹੀਂ ਨਿੱਕਲਿਆ। ਆਖੀਰ ਖਾਸੀ ਟਿਊਸ਼ਨ ਫੀਸ ਦੇ ਕੇ ਪ੍ਰੀ (ਮੁੱਢਲਾ) ਸਿਲੇਬਸ ਕਰਵਾ ਦਿੱਤਾ। ਮੇਰੇ ਵੀ ਪੈਰ ਧਰਤੀ 'ਤੇ ਨਹੀਂ ਲੱਗਦੇ ਕਿ ਹੁਣ ਇਸ ਨੂੰ ਸਕੂਲ ਵਾਲੇ ਮੋੜ ਨਹੀਂ ਸਕਣਗੇ ਕਿਉਂਕਿ ਇਹ ਟੈਸਟ ਪਾਸ ਕਰ ਲਵੇਗਾ। ਬੜੇ ਚਾਅ ਨਾਲ ਉਸ ਬੱਚੇ ਨੂੰ ਲੈ ਕੇ ਸਕੂਲ ਗਈ। ਪ੍ਰਿੰਸੀਪਲ ਮੈਡਮ ਨੇ ਸਾਫ਼ ਕਹਿ ਦਿੱਤਾ ਕਿ ਪਿਛਲੇ ਸਾਲ ਸਰਵੇ ਦੀ ਰਿਪੋਰਟ ਵਿੱਚ ਅਸੀਂ ਕੋਈ ਵੀ ਬੱਚਾ ਘਰ ਫਿਰਦਾ ਨਹੀਂ ਦਿਖਾਇਆ। ਮੈਂ ਕਿਹਾ , "ਪਰ ਤੁਹਾਨੂੰ ਪਤਾ ਹੈ ਕਿ ਇਹ ਬੱਚਾ ਜਨਮ ਤੋਂ ਲਗਾਤਾਰ ਹੁਣ ਤੱਕ ਇਸੇ ਹੀ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਹੈ। ਇਹ ਬੱਚਾ ਬਾਹਰੋਂ ਨਹੀਂ, ਇਸ ਮੁਹੱਲੇ ਦਾ ਹੀ ਹੈ।" ਪਰ ਮੈਡਮ ਜੀ ਕਹਿੰਦੇ ਕਿ ਸਭ ਕੁਝ ਆਨਲਾਈਨ ਹੈ, ਅਸੀਂ ਆਪਣੀ ਨੌਕਰੀ ਖਤਰੇ ਵਿੱਚ ਨਹੀਂ ਪਾ ਸਕਦੇ। ਬਸ ਇਹੀ ਹੈ ਡਿਜੀਟਲ ਇੰਡੀਆ। ਆਨਲਾਈਨ ਨੇ ਨੌਕਰੀ ਬਚਾ ਦਿੱਤੀ ਪਰ ਬੱਚੇ ਦਾ ਭਵਿੱਖ ਖਤਮ। ਮਨ ਸਾਫ਼ ਨਹੀਂ ਹੋਇਆ ਡਿਜੀਟਲ ਇੰਡੀਆ ਦੇ ਲੋਕਾਂ ਦਾ।...

ਪਿਛਲੇ ਹਫ਼ਤੇ ਦੀ ਹੀ ਗੱਲ ਹੈ। ਦੋ ਮੁਲਾਜ਼ਮ ਇੱਕ ਹੀ ਕਾਰ ਵਿੱਚ ਜਾ ਰਹੇ ਸਨ। ਰਸਤੇ ਵਿੱਚ ਐਕਸੀਡੈਂਟ ਹੋਇਆ ਦੇਖ ਕਾਰ ਰੋਕ ਲਈ। ਸਹਿਕਦੇ ਜ਼ਖਮੀ ਨੂੰ ਗੱਡੀ ਵਿਚ ਪਾਇਆ, ਗੱਡੀ ਹਸਪਤਾਲ ਨੂੰ ਮੋੜ ਲਈ। ਦੂਸਰਾ ਮੁਲਾਜ਼ਮ 'ਮੈਂ ਚੱਲਦਾ ਹਾਂ' ਕਹਿ ਕੇ ਆਪਣੀ ਡਿਊਟੀ 'ਤੇ ਜਾ ਆਨਲਾਈਨ ਹਾਜ਼ਰੀ ਲਗਾਈ ਪਰ ਇਸ ਸਹਿਕਦੇ ਜ਼ਖਮੀ ਨੂੰ ਹਸਪਤਾਲ ਲਿਜਾਣ ਵਾਲੇ ਮੁਲਾਜ਼ਮ ਦੀ ਨੌਕਰੀ ਗੁਆਚ ਗਈ।...

ਮੰਨੇ ਪ੍ਰਮੰਨੇ ਨਿੱਜੀ ਸਕੂਲ ਦੇ ਸੰਚਾਲਕ ਨਾਲ ਅਚਾਨਕ ਮੁਲਾਕਾਤ ਹੋ ਗਈ। ਚਾਹ ਪਾਣੀ ਪੀਂਦਿਆਂ ਪੁੱਛ ਬੈਠੀ, "ਮੈਡਮ ਤੁਹਾਡੇ ਆਸਟਰੇਲੀਆਂ ਗਏ ਬੇਟੇ ਨੂੰ ਪੀ.ਆਰ. ਮਿਲ ਗਈ?" ਉਹਨਾਂ ਨੂੰ ਅੱਥੂ (ਹੱਥੂ) ਆਉਂਦਿਆਂ-ਆਉਂਦਿਆਂ ਮਸਾਂ ਬਚਿਆ, "ਨਹੀਂ, ਨਹੀਂ, ਪੀ.ਆਰ. ਕੀ ਕਰਨੀ ਆਂ। ਤੁਸੀਂ ਵੀ ਸੁਣਿਆ ਹੋਵੇਗਾ ਕਿ ਮੋਦੀ ਜੀ ਨੇ ਪੰਦਰਾਂ ਪੰਦਰਾਂ ਲੱਖ ਕਾਲੇ ਧਨ ਵਾਲਾ ਸਾਡੇ ਖਾਤਿਆਂ ਵਿੱਚ ਪਵਾ ਦੇਣਾ। ਜੇ ਪੀ.ਆਰ ਮਿਲ ਗਈ ਤਾਂ ਉਸ ਨੂੰ ਉਹ ਪੈਸੇ ਨਹੀਂ ਮਿਲਣੇ।"

ਮੈਂ ਲਾਜਵਾਬ, ਪੰਦਰਾਂ ਲੱਖ ਲਈ ਬੱਚੇ ਦਾ ਭਵਿੱਖ ਸਵਾਹ ਕਰਤਾ, ਪੀ. ਆਰ. ਨਾਂ ਲਈ ਤਾਂ ਆਸਟਰੇਲੀਆਂ ਨੇ ਉਸ ਨੂੰ ਰੱਖਣਾ ਨਹੀਂ ਤੇ ਇੰਡੀਆ ਵਿੱਚ ਉਸ ਨੂੰ ਰਹਿਣਾ ਨਹੀਂ ਆਉਣਾ। ਧੋਬੀ ਦੇ ਕੁੱਤੇ ਵਾਲੀ ਹੋਊ।...

ਸਾਡੇ ਪਿਆਰੇ ਮੋਦੀ ਜੀ ਦੇ ਡਿਜੀਟਲ ਇੰਡੀਆ ਦੀ ਤਸਵੀਰ, ਜਿਹੜੀ ਸਿਰਫ਼ ਆਮ ਲੋਕਾਂ ਨੂੰ ਹੀ ਦਿਸਦੀ ਹੈ, ਇੱਕ ਪਾਸੇ ਤਾਂ ਕਚਿਹਰੀਆਂ ਵਿੱਚ ਤਲਾਕਾਂ ਲਈ ਲਾਈਨਾਂ ਲੱਗੀਆਂ ਹੋਈਆਂ ਹਨ ਤੇ ਦੂਸਰੇ ਪਾਸੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਕੇ ਉਮਰ ਭਰ ਇਕੱਠਿਆਂ ਰਹਿਣ ਦੀਆਂ ਕਸਮਾਂ ਖਾਣ ਵਾਲਿਆਂ ਨੂੰ ਜਾਤਾਂ, ਨਸਲਾਂ ਦੇ ਨਾਮ ਤੇ ਰੋੜੇ ਮਾਰ-ਮਾਰ ਕੇ ਮਾਰ ਦਿੱਤਾ ਜਾਂਦਾ ਹੈ ਜਾਂ ਫਿਰ ਉਹਨਾਂ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ। ਇੱਕ ਪਾਸੇ ਗਊ ਦੀ ਹੱਤਿਆ ਰੋਕਣ ਲਈ ਸਖਤ ਕਾਨੂੰਨ ਬਣੇ ਹਨ, ਲਾਗੂ ਵੀ ਹੋ ਚੁੱਕੇ ਹਨ। ਇਹ ਗੱਲ ਬੁਰੀ ਨਹੀਂ, ਜਾਨ ਤਾਂ ਜਾਨ ਹੈ ਭਾਵੇਂ ਕੀੜੀ, ਹਾਥੀ ਜਾਂ ਗਊ ਦੀ ਹੋਵੇ। ਦੂਸਰੇ ਪਾਸੇ ਬੰਦਾ ਬੰਦੇ ਨੂੰ ਵੱਢ ਰਿਹਾ ਧਰਮਾਂ ਦੇ ਨਾਂ 'ਤੇ ਜਿਸ ਲਈ ਕੋਈ ਕਾਨੂੰਨ ਨਹੀਂ, ਨਾਂ ਮਾਤਰ ਸਜ਼ਾਵਾਂ ਹਨ। ਇਹ ਬਿਲਕੁਲ ਉਸ ਰਾਜੇ ਦੇ ਰਾਜ ਦੀ ਕਹਾਣੀ ਵਰਗਾ ਲੱਗਦਾ ਜਿਵੇਂ ਰਾਜਾ ਆਪਣੇ ਘਰ ਸੰਤਾਨ ਦੀ ਪ੍ਰਾਪਤੀ ਲਈ ਦੂਸਰੇ ਦੇ ਬੱਚਿਆਂ ਦੀ ਬਲੀ ਦੇ ਦਿੰਦਾ ਸੀ। ਬਹੁਤ ਸਾਰੇ ਰਾਜਿਆਂ ਦੀਆਂ ਸਮਝਦਾਰ ਰਾਣੀਆਂ ਬੱਚਿਆਂ ਦੀ ਬਲੀ ਨਹੀਂ ਦੇਣ ਦਿੰਦੀਆਂ ਸਗੋਂ ਉਹਨਾਂ ਨੂੰ ਗੋਦ ਲੈ ਲੈਂਦੀਆਂ ਸਨ। ਪਰ ਸਾਡੇ ਰਾਜੇ ਦੀ ਰਾਣੀ ਦੀ ਚਲਦੀ ਹੀ ਕਿੱਥੇ ਹੈ ਜੋ ਉਹ ਕਹਿ ਸਕੇ ਕਿ ਸਾਰੇ ਧਰਮਾਂ ਦੇ ਲੋਕਾਂ ਨੂੰ ਆਪਣੀ ਔਲਾਦ ਸਮਝੋ, ਉਹਨਾਂ ਦੀ ਬਲੀ ਨਾ ਦਿਓ।...

ਇੱਕ ਪਾਸੇ ਡਿਜੀਟਲ ਦੇ ਲੋਕ ਲੱਖਾਂ ਰੁਪਏ ਰੋਜ਼ਾਨਾਂ ਕਮਾ ਰਹੇ ਹਨ ਨੌਕਰੀਆਂ ਦੇਣ ਦੇ ਨਾਮ 'ਤੇ, ਬਾਹਰ ਭੇਜਣ ਦੇ ਨਾਮ 'ਤੇ ਅਤੇ ਇੱਕ ਪਾਸੇ ਚੁਰਸਤੇ (ਚੁਰਾਹੇ) ਤੇ ਖੜ੍ਹਾ ਮਜ਼ਦੂਰ ਪੇਟ ਦੀ ਅੱਗ ਬੁਝਾਉਣ ਲਈ ਸੌ-ਸੌ, ਦੋ-ਦੋ ਸੌ 'ਤੇ ਵਿਕ ਰਿਹਾ ਹੈ।...

ਇੱਕ ਪਾਸੇ 'ਪੌਦੇ ਲਗਾਓ ਜੀਵਨ ਬਚਾਓ' ਦੇ ਨਾਹਰੇ ਲੱਗ ਰਹੇ ਹਨ। ਵਿਚਾਰੇ ਮਾਸਟਰ ਕਰ ਰਹੇ ਹਨ ਸਖਤ ਮਿਹਨਤ, ਬੱਚਿਆਂ ਨੂੰ ਨਾਲ ਲਗਾ ਕੇ ਸਕੂਲਾਂ ਅਤੇ ਆਲੇ-ਦੁਆਲੇ ਨੂੰ ਹਰਾ-ਭਰਾ ਕਰ ਰਹੇ ਹਨ, ਕਿ ਜਦ ਤੱਕ ਬੱਚੇ ਜਵਾਨ ਉਦੋਂ ਤੱਕ ਪੌਦੇ ਵੀ ਜਵਾਨ। ਪਰ ਦੂਸਰੇ ਪਾਸੇ ਸੜਕਾਂ ਦਾ ਜਾਲ ਵਿਛਾ ਰਹੇ ਠੇਕੇਦਾਰ ਧੜਾ-ਧੜਾ ਵੱਢ ਰਹੇ ਹਨ, ਸੌ, ਦੋ-ਸੌ ਸਾਲ ਪੁਰਾਣੇ ਅਤੇ ਨਵੇਂ ਜਵਾਨ ਹੋਏ ਦਰਖਤਾਂ ਨੂੰ। ਇੱਕ ਪਾਸੇ ਆਪਣੀਆਂ ਔਰਤਾਂ ਨੂੰ ਨਜ਼ਰਅੰਦਾਜ਼ ਕਰ ਜ਼ਿੰਮੇਦਾਰ ਲੋਕ ਮਨਾਉਂਦੇ ਹਨ ਜਵਾਨ ਕੁੜੀਆਂ ਨਾਲ ਜਸ਼ਨ ਤੇ ਦੂਸਰੇ ਪਾਸੇ ਆਪਣੀ ਪੜ੍ਹਾਈ ਜਾਂ ਨੋਟਿਸ ਵਗੈਰਾ 'ਤੇ ਡਿਸਕਸ ਕਰਦੇ ਵਿਦਿਆਰਥੀਆਂ ਨੂੰ ਧੰਦੇ ਦਾ ਨਾਮ ਦੇ ਕੇ ਕਰਦੇ ਹਨ ਬਦਨਾਮ।

ਇੱਕ ਪਾਸੇ ਰੁਲਦਾ ਹੈ ਗਰੀਬ ਝੁੱਗੀਆਂ ਵਿੱਚ ਤੇ ਦੂਸਰੇ ਪਾਸੇ ਕੁੱਤਿਆਂ ਲਈ ਖਾਸ ਘਰ ਹਨ ਅਮੀਰਾਂ ਕੋਲ। ਇੱਕ ਪਾਸੇ ਖੁਦਕੁਸ਼ੀਆਂ ਕਰ ਰਿਹਾ ਹੈ ਕਿਸਾਨ, ਦੂਸਰੇ ਪਾਸੇ ਖੁਸ਼ਹਾਲ ਕਿਸਾਨ ਤੇ ਜੈ ਕਿਸਾਨ ਦੇ ਲੱਗਦੇ ਹਨ ਨਾਹਰੇ। ਇੱਕ ਪਾਸੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਾਰਨ ਆਉਂਦੇ ਹਨ ਮਾੜੇ ਨਤੀਜੇ ਤੇ ਫਿਰ ਹੁੰਦੀ ਹੈ ਮੰਤਰੀ ਮੰਡਲ ਵਿੱਚ ਥੋੜ੍ਹੀ ਬਹੁਤੀ ਫੁਸਰ-ਫੁਸਰ ਤੇ ਹਲਚਲ ਤੇ ਦੂਸਰੇ ਪਾਸੇ ਪ੍ਰਾਈਵੇਟ ਸਕੂਲਾਂ ਵਿੱਚ ਕੰਮ ਕਰਦੇ ਵੈੱਲ ਐਜੂਕੇਟਡ ਅਧਿਆਪਕ ਹੋ ਰਹੇ ਹਨ ਬਲੈਕਮੇਲ, ਜਿਨ੍ਹਾਂ ਨੂੰ ਪੰਦਰਾਂ-ਪੰਦਰਾਂ ਹਜ਼ਾਰ ਦੇ ਚੈੱਕ ਸਾਈਨ ਕਰਵਾ ਕੇ ਮਿਲਦੀ ਹੈ ਪੰਜ ਹਜ਼ਾਰ ਤਨਖਾਹ।

ਇੱਕ ਪਾਸੇ ਵੀਹ ਰੁਪਏ ਦੀ ਭਾਨ ਮੁੱਠੀ ਵਿੱਚ ਲਈ ਦਸ ਰੁਪਏ ਦੀ ਥਾਲੀ ਨੂੰ ਉਡੀਕਦੀ ਬੇਹੋਸ਼ ਹੁੰਦੀ ਹੈ ਗਰੀਬ ਬੱਚੀ ਤੇ ਦੂਸਰੇ ਪਾਸੇ ਇਸੇ ਰਸੋਈ ਵਿੱਚ ਸਰਕਾਰੀ ਅਫਸਰਾਂ ਅਤੇ ਪਹੁੰਚ ਵਾਲੇ ਲੋਕਾਂ ਦੇ ਹੁੰਦੇ ਹਨ ਟਿਫਨ ਪੈਕ ... ਬੱਸ ਇਹੀ ਹੈ ਸਾਡਾ ਡਿਜੀਟਲ ਇੰਡੀਆ।

ਬੇਅੰਤ ਕੌਰ ਗਿੱਲ ਮੋਗਾ
9465606210

# ਕਹਿਣੀ ਅਤੇ ਕਰਨੀ 'ਚ ਫਰਕ

-ਕੇ. ਨਰਿੰਦਰ ਸਿੰਘ

ਪਿਛਲੀ 26 ਜੂਨ ਨੂੰ ਇੰਦੌਰ ਦੇ ਵਿਧਾਇਕ ਆਕਾਸ਼ ਵਿਜੇਵਰਗੀਯ ਨੇ ਨਗਰ ਨਿਗਮ ਅਧਿਕਾਰੀ ਧੀਰੇਂਦਰ ਸਿੰਘ ਵੈਸ਼ਯ ਦੀ ਕ੍ਰਿਕਟ ਬੈਟ ਨਾਲ ਕੁੱਟਮਾਰ ਕੀਤੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਧਾਇਕ ਦੀ ਨਿੰਦਾ ਕੀਤੀ ਤੇ ਗੁੱਸਾ ਜ਼ਾਹਰ ਕੀਤਾ। ਵਿਧਾਇਕ ਆਕਾਸ਼ ਵਿਜੇਵਰਗੀਯ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੌਮੀ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀਯ ਦਾ ਪੁੱਤਰ ਹੈ। ਭਾਜਪਾ ਪਾਰਲੀਮੈਂਟਰੀ ਪਾਰਟੀ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਇਸ ਤਰ੍ਹਾਂ ਦਾ ਵਿਹਾਰ ਸਵੀਕਾਰ ਕਰਨ ਯੋਗ ਨਹੀਂ ਅਤੇ ਜੋ ਲੋਕ ਇਸ ਵਿਹਾਰ ਨੂੰ ਉਤਸ਼ਾਹਿਤ ਕਰਦੇ ਹਨ, ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕੀਤਾ ਜਾਣਾ ਚਾਹੀਦਾ ਹੈ। ਇਹੀ ਨਹੀਂ, ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਲਈ ਇਸ ਗੱਲ ਦਾ ਕੋਈ ਮਤਲਬ ਨਹੀਂ ਕਿ ਇਸ ਘਟਨਾ 'ਚ ਕਿਸ ਵਿਅਕਤੀ ਦਾ ਬੇਟਾ ਸ਼ਾਮਲ ਹੈ। ਇਹ ਗੈਰ ਜ਼ਰੂਰੀ ਅਤੇ ਨਾ ਸਵੀਕਾਰ ਕਰਨ ਯੋਗ ਹੈ। ਮੋਦੀ ਨੇ ਉਨ੍ਹਾਂ ਲੋਕਾਂ ਨੂੰ ਵੀ ਲੰਮੇ ਹੱਥੀਂ ਲਿਆ, ਜੋ ਆਕਾਸ਼ ਦੇ ਜੇਲ ਤੋਂ ਛੁੱਟਣ ਪਿੱਛੋਂ ਉਨ੍ਹਾਂ ਦੇ ਸਵਾਗਤ ਲਈ ਗਏ ਅਤੇ ਫਾਇਰਿੰਗ ਕੀਤੀ ਸੀ। ਮੋਦੀ ਨੇ ਅਜਿਹੇ ਲੋਕਾਂ ਨੂੰ ਪਾਰਟੀ 'ਚੋਂ ਬਾਹਰ ਕੀਤੇ ਜਾਣ ਦੀ ਦਲੀਲ ਦਿੱਤੀ।

ਉਪਰਲੇ ਤੌਰ 'ਤੇ ਪ੍ਰਧਾਨ ਮੰਤਰੀ ਦੀ ਗੱਲ ਬਿਲਕੁਲ ਵਾਜਬ ਹੈ ਅਤੇ ਉਨ੍ਹਾਂ ਦੇ ਉਪਰੋਕਤ ਬਿਆਨ 'ਚ ਕੋਈ ਖੋਟ ਨਜ਼ਰ ਨਹੀਂ ਆ ਰਹੀ, ਤਦ ਕੀ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਮੋਦੀ ਜੋ ਕਹਿ ਰਹੇ ਹਨ, ਉਹ ਹੀ ਉਨ੍ਹਾਂ ਦੀ ਮਨਸ਼ਾ ਵੀ ਹੈ? ਕਿਸੇ ਵੀ ਵਿਅਕਤੀ ਦੀ ਮਨਸਾ ਦਾ ਉਚਿਤ ਜਾਇਜ਼ਾ ਉਸ ਦੀ ਕਥਨੀ ਅਤੇ ਉਸ ਕਥਨੀ ਅਨੁਸਾਰ ਉਸ ਦੇ ਆਚਰਣ ਅਤੇ ਵਿਹਾਰ 'ਚ ਇਕਰੂਪਤਾ ਨਾਲ ਹੀ ਲਿਆ ਜਾ ਸਕਦਾ ਹੈ। ਇਸ ਲਈ ਨਰਿੰਦਰ ਮੋਦੀ ਦੇ ਬਿਆਨ ਦੀ ਅਸਲੀਅਤ ਦਾ ਪਤਾ ਉਨ੍ਹਾਂ ਦੇ ਕਾਰਜ ਵਿਹਾਰ ਤੋਂ ਲਾਇਆ ਜਾਣਾ ਚਾਹੀਦਾ ਹੈ। ਉਂਝ ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਮੋਦੀ ਨੇ ਆਪਣੇ ਪਾਰਲੀਮੈਂਟ ਮੈਂਬਰਾਂ, ਨੇਤਾਵਾਂ ਦੇ ਵਤੀਰੇ ਬਾਰੇ ਇਹ ਰੁਖ ਧਾਰਨ ਕੀਤਾ ਹੋਵੇ।

ਇਸ ਤੋਂ ਪਹਿਲਾਂ ਵੀ ਅਨੇਕ ਮੌਕਿਆਂ 'ਤੇ ਉਨ੍ਹਾਂ ਨੇ ਇਹੋ ਜਿਹੀਆਂ ਗੱਲਾਂ ਕਹੀਆਂ ਹਨ। ਯਾਦ ਕਰੋ, ਚੋਣਾਂ ਦੌਰਾਨ ਉਨ੍ਹਾਂ ਨੇ ਸਾਧਵੀ ਪ੍ਰੱਗਿਆ ਠਾਕੁਰ ਬਾਰੇ ਵੀ ਏਦਾਂ ਦਾ ਬਿਆਨ ਦਿੱਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਉਹ ਪ੍ਰੱਗਿਆ ਸਿੰਘ ਨੂੰ ਕਦੇ ਮੁਆਫ ਨਹੀਂ ਕਰਨਗੇ। ਗਊ ਰੱਖਿਅਕਾਂ ਦੀ ਗੁੰਡਾਗਰਦੀ ਨੂੰ ਵੀ ਉਨ੍ਹਾਂ ਅਣਉਚਿਤ ਕਿਹਾ ਸੀ, ਪਰ ਪਾਰਟੀ ਦੇ ਕਿਸੇ ਵੀ ਪਾਰਲੀਮੈਂਟ ਮੈਂਬਰ, ਵਿਧਾਇਕ ਜਾਂ ਨੇਤਾ ਉੱਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਭਾਜਪਾ ਵਿੱਚ ਅਜਿਹੇ ਅਨੇਕ ਪਾਰਲੀਮੈਂਟ ਮੈਂਬਰਾਂ ਤੇ ਉਨ੍ਹਾਂ ਦੇ ਸਮਰਥਕਾਂ ਦੀ ਭਾਰੀ ਭੀੜ ਹੈ, ਜੋ ਵਿਰੋਧੀਆਂ ਦੀ ਗਾਲੀ ਗਲੋਚ ਅਤੇ ਕੁੱਟਮਾਰ ਕਰਦੇ ਹਨ। ਅੱਜ ਪ੍ਰੱਗਿਆ ਸਿੰਘ ਪਾਰਲੀਮੈਂਟ ਮੈਂਬਰ ਹੈ ਤੇ ਮੋਦੀ ਜੀ ਦੇ ਨਾਲ ਓਥੇ ਬੈਠਦੀ ਹੈ। ਚੋਣਾਂ ਤੋਂ ਬਾਅਦ ਮੋਦੀ ਜੀ ਦੀ ਜ਼ੁਬਾਨ ਬੰਦ ਹੈ ਅਤੇ ਉਹ ਇਸ ਤਰ੍ਹਾਂ ਵਿਹਾਰ ਕਰਦੇ ਹਨ, ਜਿਵੇਂ ਉਨ੍ਹਾਂ ਨੂੰ ਯਾਦ ਹੀ ਨਹੀਂ ਕਿ ਪ੍ਰੱਗਿਆ ਸਿੰਘ ਨੇ ਹੇਮੰਤ ਕਰਕਰੇ ਦੀ ਗੈਰ ਜ਼ਰੂਰੀ ਨਿੰਦਾ ਕਰਕੇ ਇਕ ਸ਼ਹੀਦ ਦੀ ਸ਼ਾਨ ਨੂੰ ਵੱਟਾ ਲਾਉਣ ਦਾ ਕੰਮ ਕੀਤਾ ਸੀ। ਗਊ ਰੱਖਿਅਕਾਂ ਦੀ ਗੁੰਡਾਗਰਦੀ ਅੱਜ ਵੀ ਜਿਉਂ ਦੀ ਤਿਉਂ ਬਰਕਰਾਰ ਹੈ।

ਆਏ ਦਿਨ ਭਾਜਪਾ ਸਮਰਥਕ ਭੀੜ ਵੱਲੋਂ ਦੇਸ਼ ਦੇ ਨਾਗਰਿਕਾਂ ਨੂੰ ਕੁੱਟ ਕੇ ਮਾਰਿਆ ਜਾਂਦਾ ਹੈ। ਇਹ ਜਾਣਨ ਲਈ ਕਿਸੇ ਖੋਜ ਦੀ ਜ਼ਰੂਰਤ ਨਹੀਂ ਕਿ ਮੋਦੀ ਦੇ ਸੱਤਾ 'ਚ ਆਉਣ ਪਿੱਛੋਂ ਘੱਟਗਿਣਤੀਆਂ ਵਿਰੁੱਧ ਅਪਰਾਧ ਕਰਨ ਵਾਲਿਆਂ ਨੂੰ ਸਜ਼ਾ ਬੜੀ ਮੁਸ਼ਕਲ ਮਿਲਦੀ ਹੈ, ਜਾਂ ਮਿਲਦੀ ਹੀ ਨਹੀਂ। ਭਾਜਪਾ ਦੀ ਭੀੜ ਬੜੇ ਸਕੂਨ ਨਾਲ ਆਪਣੇ ਕਥਿਤ ਵਿਰੋਧੀਆਂ ਦੇ ਕਤਲ ਕਰਕੇ ਬਚ ਜਾਂਦੀ ਹੈ। ਆਕਾਸ਼ ਵਿਜੇਵਰਗੀਯ ਦੀ ਵਿਰੁੱਧ ਵੀ ਮੋਦੀ ਤੇ ਉਨ੍ਹਾਂ ਦੀ ਪਾਰਟੀ ਨੇ ਕੋਈ ਕਦਮ ਨਹੀਂ ਚੁੱਕਿਆ। ਕੌਣ ਨਹੀਂ ਜਾਣਦਾ ਕਿ ਆਕਾਸ਼ ਦਾ ਪਿਤਾ ਕੈਲਾਸ਼ ਵਿਜੇਵਰਗੀਯ ਵੀ ਆਪਣੇ ਭੜਕਾਊ ਬਿਆਨਾਂ ਅਤੇ ਬੇਕਾਬੂ ਵਤੀਰੇ ਲਈ ਪ੍ਰਸਿੱਧ ਰਿਹਾ ਹੈ, ਪਰ ਅੱਜ ਤੱਕ ਅਜਿਹੇ ਲੋਕਾਂ ਵਿਰੁੱਧ ਭਾਜਪਾ ਲੀਡਰਸ਼ਿਪ ਨੇ ਕੋਈ ਕਦਮ ਨਹੀਂ ਚੁੱਕਿਆ। ਇਸ ਦੇ ਉਲਟ ਕਈ ਵਾਰ ਅਜਿਹੇ ਕਾਰਿਆਂ ਅਤੇ ਬਿਆਨਾਂ ਦਾ ਨਾ ਸਿਰਫ ਬੇਸ਼ਰਮੀ ਨਾਲ ਬਚਾਅ ਕੀਤਾ ਜਾਂਦਾ ਰਿਹਾ, ਸਗੋਂ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਿਹਾ। ਆਕਾਸ਼ ਦਾ ਢੀਠਪੁਣਾ ਏਨਾ ਹੈ ਕਿ ਮੋਦੀ ਦੇ ਬਿਆਨ ਦੇ ਬਾਵਜੂਦ ਉਸ ਨੇ ਆਪਣੇ ਕੀਤੇ 'ਤੇ ਦੁੱਖ ਨਹੀਂ ਪ੍ਰਗਟਾਇਆ, ਸਗੋਂ ਲਗਾਤਾਰ ਆਪਣੇ ਵਤੀਰੇ ਨੂੰ ਸਹੀ ਸਾਬਤ ਕਰਨ 'ਚ ਜੁਟਿਆ ਹੈ। ਉਸ ਦੇ ਸਮਰਥਕ ਵੀ ਉਸ ਨੂੰ ਪਾਕ ਸਾਫ ਮੰਨਦੇ ਹਨ, ਉਸ ਦੇ ਜੇਲ 'ਚੋਂ ਰਿਹਾਅ ਹੋਣ ਤੋਂ ਬਾਅਦ ਫਾਇਰਿੰਗ ਕਰਨਾ ਵੀ ਆਪਣਾ ਫਰਜ਼ ਸਮਝਦੇ ਹਨ। ਸੱਚ ਇਹ ਹੈ ਕਿ ਪੂਰਾ ਸੰਘ ਪਰਵਾਰ ਅਜਿਹੀਆਂ ਘਟਨਾਵਾਂ ਨੂੰ ਵਾਜਬ ਦੱਸਦਾ ਹੈ ਅਤੇ ਉਨ੍ਹਾਂ ਦਾ ਸਮਰਥਨ ਵੀ ਕਰਦਾ ਰਿਹਾ ਹੈ। ਇਸ ਹਾਲਤ ਵਿੱਚ ਜੇ ਕੋਈ ਕਹਿੰਦਾ ਹੈ ਕਿ ਮੋਦੀ ਦਾ ਇਹ ਬਿਆਨ ਵੀ ਇਕ ਜੁਮਲਾ ਹੈ, ਤਾਂ ਉਸ ਨੂੰ ਕਿਵੇਂ ਗਲਤ ਕਰਾਰ ਦਿੱਤਾ ਜਾ ਸਕਦਾ ਹੈ? ਇਸ ਸਵਾਲ ਨੂੰ ਕਿਵੇਂ ਅਣਡਿੱਠ ਕੀਤਾ ਜਾ ਸਕਦਾ ਹੈ ਕਿ ਕਿਉਂ ਮੋਦੀ ਦੇ ਵਾਰ-ਵਾਰ ਨਸੀਹਤ ਦੇਣ ਦੇ ਬਾਵਜੂਦ ਅੱਜ ਤੱਕ ਪਾਰਟੀ ਦੇ ਕਿਸੇ ਨੇਤਾ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ? ਜ਼ਾਹਿਰ ਹੈ ਕਿ ਮੋਦੀ ਦੀ ਕਥਨੀ ਅਤੇ ਕਰਨੀ 'ਚ ਤਾਲਮੇਲ ਨਹੀਂ ਹੈ। ਉਨ੍ਹਾਂ ਦੀ ਕਹਿਣੀ ਸਿਰਫ ਕਹਿਣੀ ਲਈ ਹੁੰਦੀ ਹੈ ਤਾਂ ਕਿ ਉਨ੍ਹਾਂ 'ਤੇ ਉਂਗਲੀ ਨਾ ਉਠੇ। ਮੋਦੀ ਆਰਾਮ ਨਾਲ ਕਹਿ ਸਕਦੇ ਹਨ ਕਿ ਉਨ੍ਹਾਂ ਨੇ ਅਜਿਹੇ ਕਾਰੇ ਕਰਨ ਵਾਲਿਆਂ ਵਿਰੁੱਧ ਗੁੱਸਾ ਜ਼ਾਹਰ ਕੀਤਾ ਸੀ, ਪਾਰਟੀ ਕੋਈ ਕਦਮ ਨਹੀਂ ਚੁੱਕਦੀ ਤਾਂ ਉਹ ਕੀ ਕਰ ਸਕਦੇ ਹਨ, ਪਰ ਉਨ੍ਹਾਂ ਦੀ ਇਹ ਮਾਸੂਮੀਅਤ ਜ਼ਿੰਦਗੀਆਂ ਨਿਗਲਦੀ ਜਾ ਰਹੀ ਹੈ। ਇਹ ਕਿਵੇਂ ਸੰਭਵ ਹੈ ਕਿ ਮੋਦੀ ਆਪਣੇ ਦਲ ਦੇ ਕਿਸੇ ਪਾਰਲੀਮੈਂਟਮੈਂਬਰ, ਵਿਧਾਇਕ ਜਾਂ ਨੇਤਾ ਦੇ ਵਿਰੁੱਧ ਕਾਰਵਾਈ ਕਰਨਾ ਚਾਹੁਣ ਅਤੇ ਕਰ ਨਾ ਸਕਣ। ਇਹ ਸੋਚਣਾ ਸਿਰਫ ਆਪਣੇ ਆਪ ਨੂੰ ਧੋਖੇ ਵਿੱਚ ਰੱਖਣਾ ਹੈ। ਦੇਸ਼ ਦਾ ਬੱਚਾ-ਬੱਚਾ ਜਾਣਦਾ ਹੈ ਕਿ ਅੱਜ ਭਾਜਪਾ 'ਚ ਉਹੀ ਹੁੰਦਾ ਹੈ, ਜੋ ਮੋਦੀ ਤੇ ਸ਼ਾਹ ਚਾਹੁੰਦੇ ਹਨ। ਜੇ ਮੋਦੀ ਦੀ ਮਨਸ਼ਾ ਅਸਲ 'ਚ ਆਕਾਸ਼ ਵਰਗੇ ਅਨਸਰਾਂ ਵਿਰੁੱਧ ਕਾਰਵਾਈ ਕਰਨ ਦੀ ਹੁੰਦੀ ਤਾਂ ਕੋਈ ਕਾਰਨ ਨਹੀਂ ਕਿ ਉਸ ਵਿਰੁੱਧ ਕਾਰਵਾਈ ਨਾ ਹੁੰਦੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਸਲੀ ਮਨਸ਼ਾ ਇਹ ਹੈ ਕਿ ਸੱਪ ਵੀ ਮਰ ਜਾਵੇ ਅਤੇ ਲਾਠੀ ਵੀ ਨਾ ਟੁੱਟੇ। ਉਹ ਸਿਰਫ ਇੰਨਾ ਚਾਹੁੰਦੇ ਹਨ ਕਿ ਉਨ੍ਹਾਂ ਵੱਲ ਉਂਗਲੀ ਨਾ ਉਠੇ ਅਤੇ ਲੋਕ ਉਨ੍ਹਾਂ ਨੂੰ ਗਲਤ ਨਾ ਕਰਾਰ ਦੇਣ। ਦੂਜੇ ਪਾਸੇ ਕੋਈ ਕਾਰਵਾਈ ਨਾ ਕਰਕੇ ਉਹ ਆਪਣੇ ਨੇਤਾਵਾਂ ਸਮੇਤ ਆਪਣੇ ਕੇਡਰ ਅਤੇ ਸਮਰਥਕਾਂ ਨੂੰ ਇਹ ਸੰਦੇਸ਼ ਦੇਣ 'ਚ ਵੀ ਕਾਮਯਾਬ ਹਨ ਕਿ ਉਹ ਆਪਣਾ ਕੰਮ ਕਰਦੇ ਰਹਿਣ, ਉਨ੍ਹਾਂ ਦੀ ਕਥਨੀ-ਕਰਨੀ ਦਾ ਭੇਦ ਲੋਕਤੰਤਰ ਲਈ ਕੁਝ ਸੰਕੇਤ ਦੇ ਰਿਹਾ ਹੈ।

ਪਿਛਲੇ ਪੰਜ ਸਾਲਾਂ ਤੋਂ ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਨੇ ਪਤਾ ਨਹੀਂ ਕਿੰਨੇ ਮੰਦਭਾਗੇ ਬਿਆਨ ਦਿੱਤੇ ਪਰ ਅੱਜ ਤੱਕ ਇਕ ਦੇ ਵੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਲਈ ਸਾਨੂੰ ਭੁਲੇਖੇ ਵਿੱਚ ਨਹੀਂ ਰਹਿਣਾ ਚਾਹੀਦਾ ਕਿ ਮੋਦੀ ਅਸਲ 'ਚ ਆਪਣੇ ਨੇਤਾਵਾਂ ਦੇ ਕੁਬੋਲ ਨੂੰ ਕੰਟਰੋਲ ਕਰਨ ਦਾ ਕੋਈ ਯਤਨ ਕਰ ਰਹੇ ਹਨ ਜਾਂ ਕਰਨਗੇ। ਪ੍ਰਧਾਨ ਮੰਤਰੀ ਨੂੰ ਇੰਨਾ ਸਮਝਣਾ ਚਾਹੀਦਾ ਹੈ ਕਿ ਕਹਿਣੀ-ਕਰਨੀ ਦਾ ਦਾ ਫਰਕ ਦੇਸ਼ 'ਤੇ ਭਾਰੀ ਪੈ ਸਕਦਾ ਹੈ। ਜੇ ਇਸ ਪ੍ਰਵਿਰਤੀ 'ਤੇ ਰੋਕ ਨਾ ਲੱਗੀ ਤਾਂ ਦਲਾਂ ਦੀ ਭਰੋਸੇਯੋਗਤਾ ਖਤਮ ਹੋ ਜਾਵੇਗੀ, ਕਿਉਂਕਿ ਉਦੋਂ ਤੱਕ ਇਹ ਇਕ ਸੰਸਕ੍ਰਿਤੀ ਬਣ ਜਾਵੇਗੀ, ਜਿਥੇ ਬੋਲਬਾਲਾ ਉਸ ਦਾ ਹੋਵੇਗਾ, ਜਿਸ ਦੀ ਕਹਿਣੀ ਅਤੇ ਕਰਨੀ 'ਚ ਸਭ ਤੋਂ ਵੱਧ ਫਰਕ ਹੋਵੇਗਾ।

## ਕਾਰ ਵਿੱਚੋਂ ਡਾਕਟਰ ਦੀ ਲਾਸ਼ ਮਿਲੀ, ਖੁਦਕੁਸ਼ੀ ਦਾ ਸ਼ੱਕ

ਜਲੰਧਰ, 14 ਜੁਲਾਈ (ਪੋਸਟ ਬਿਊਰੋ)- ਇੱਕ ਨਿੱਜੀ ਹਸਪਤਾਲ 'ਚ ਮੈਡੀਕਲ ਅਫਸਰ ਕੰਮ ਕਰਦੇ ਡਾਕਟਰ ਦੀ ਕੱਲ੍ਹ ਕਪੂਰਥਲਾ ਚੌਕ ਨੇੜੇ ਕਾਰ ਵਿੱਚੋਂ ਸ਼ੱਕੀ ਹਾਲਤ 'ਚ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ ਹੈ। ਉਸ ਦੀ ਪਛਾਣ ਨਿਤੇਸ਼ ਸਿੰਘ ਤੋਮਰ ਮੂਲ ਵਾਸੀ ਉਤਰਾਖੰਡ ਸੂਬੇ ਦੇ ਟੀਹਰੀ ਗੜ੍ਹਵਾਲ ਜ਼ਿਲ੍ਹੇ ਦੇ ਕਸਬਾ ਰਾਮਪੁਰ ਦੀ ਇੰਦਰਾ ਕਲੋਨੀ ਵਜੋਂ ਹੋਈ ਹੈ, ਜੋ ਕੇਅਰਮੈਕਸ ਹਸਪਤਾਲ ਵਿੱਚ ਮੈਡੀਕਲ ਅਫਸਰ ਸੀ।

ਨਿਤੇਸ਼ ਦੀ ਬਾਂਹ ਉੱਤੇ ਡਰਿੱਪ ਲੱਗੀ ਹੋਈ ਸੀ ਅਤੇ ਉਸ ਦੇ ਨੇੜੇ ਟੀਕਾ ਤੇ ਤਿੰਨ ਸਰਿੰਜਾਂ ਪਈਆਂ ਸਨ। ਘਟਨਾ ਦੀ ਸੂਚਨਾ ਮਿਲਦਿਆਂ ਸਾਰ ਏ ਡੀ ਸੀ ਪੀ ਸੁਡਰਵਿਲੀ, ਏ ਸੀ ਪੀ ਹਰਸਿਮਰਤ ਸਿੰਘ ਤੇ ਥਾਣਾ ਡਵੀਜ਼ਨ ਦੇ ਇੰਚਾਰਜ ਰਾਜੇਸ਼ ਕੁਮਾਰ ਮੌਕੇ 'ਤੇ ਪੁੱਜੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਨਿਤੇਸ਼ ਸਿੰਘ ਤੋਮਰ ਦੀ ਪਤਨੀ ਪਾਇਲ ਤੋਮਰ ਵੀ ਆਪਣੇ ਪਰਵਾਰ ਨਾਲ ਘਟਨਾ ਵਾਲੀ ਥਾਂ ਪੁੱਜ ਗਈ। ਪਤਾ ਲੱਗਾ ਹੈ ਕਿ ਨਿਤੇਸ਼ ਸਿੰਘ ਨੂੰ ਟੀ ਬੀ ਦੀ ਬਿਮਾਰੀ ਸੀ, ਜਿਸ ਦੇ ਇਲਾਜ ਲਈ ਉਹ ਲਗਾਤਾਰ ਟੀਕੇ ਲਾ ਰਿਹਾ ਸੀ। ਉਸ ਦੀ ਪਤਨੀ ਨੇ ਦੱਸਿਆ ਕਿ ਨਿਤੇਸ਼ ਦੇ ਕਿਸੇ ਹੋਰ ਔਰਤ ਨਾਲ ਸੰਬੰਧ ਵੀ ਸਨ, ਜਿਸ ਕਾਰਨ ਘਰ ਵਿੱਚ ਕਲੇਸ਼ ਰਹਿੰਦਾ ਸੀ। ਉਸ ਨੇ ਸ਼ੱਕ ਕੀਤਾ ਕਿ ਇਸੇ ਕਾਰਨ ਹੀ ਨਿਤੇਸ਼ ਨੇ ਖੁਦਕੁਸ਼ੀ ਕੀਤੀ ਹੈ। ਥਾਣਾ ਮੁਖੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਲਾਸ਼ ਨੇੜਿਓਂ ਮਿਲੇ ਟੀਕੇ ਤੇ ਸਰਿੰਜਾਂ ਟੈਸਟ ਲਈ ਲੈਬ 'ਚ ਭੇਜ ਦਿੱਤੀਆਂ ਹਨ। ਏ ਸੀ ਪੀ ਹਰਸਿਮਰਤ ਸਿੰਘ ਨੇ ਦੱਸਿਆ ਕਿ ਸਿਰਫ ਮ੍ਰਿਤਕ ਦੀ ਪਤਨੀ ਤੇ ਉਸ ਦੇ ਪਰਵਾਰਕ ਮੈਂਬਰਾਂ ਦੇ ਬਿਆਨ ਹੋਏ ਹਨ। ਮ੍ਰਿਤਕ ਨਿਤੇਸ਼ ਸਿੰਘ ਦੇ ਉਤਰਾਖੰਡ ਰਹਿੰਦੇ ਪਰਵਾਰ ਨੂੰ ਸੂਚਨਾ ਦੇ ਦਿੱਤੀ ਹੈ। ਉਨ੍ਹਾਂ ਦੇ ਆਉਣ ਤੋਂ ਬਾਅਦ ਬਿਆਨ ਲਏ ਜਾਣਗੇ ਅਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਪਤਾ ਲੱਗਾ ਹੈ ਕਿ ਨਿਤੇਸ਼ ਸਿੰਘ ਤੋਮਰ ਦਾ ਤਿੰਨ ਸਾਲ ਪਹਿਲਾਂ ਪਾਇਲ ਨਾਲ ਪ੍ਰੇਮ ਵਿਆਹ ਹੋਇਆ ਸੀ। ਨਿਤੇਸ਼ ਕਰੀਬ ਦੋ ਸਾਲਾਂ ਤੋਂ ਆਦਰਸ਼ ਨਗਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿ ਰਿਹਾ ਸੀ। ਇਸੇ ਦੌਰਾਨ ਉਸ ਦੇ ਕਿਸੇ ਹੋਰ ਔਰਤ ਨਾਲ ਸੰਬੰਧ ਬਣ ਗਏ ਸਨ। ਕੁਝ ਦਿਨਾਂ ਤੋਂ ਇਸੇ ਗੱਲੋਂ ਪਤੀ-ਪਤਨੀ ਵਿੱਚ ਕਲੇਸ਼ ਚੱਲ ਰਿਹਾ ਸੀ ਅਤੇ ਪਾਇਲ ਨੇ ਕੁਝ ਦਿਨ ਪਹਿਲਾਂ ਘਰ ਛੱਡ ਦਿੱਤਾ ਤੇ ਪੇਕੇ ਚਲੀ ਗਈ ਸੀ। ਕੱਲ੍ਹ ਸਵੇਰੇ ਉਹ ਵਾਪਸ ਆਈ ਤਾਂ ਉਸ ਦੇ ਮਾਤਾ-ਪਿਤਾ ਵੀ ਨਾਲ ਸਨ। ਪਾਇਲ ਨੇ ਦੱਸਿਆ ਕਿ ਸਵੇਰੇ ਕਰੀਬ ਛੇ ਵਜੇ ਉਹ ਘਰ ਪੁੱਜੀ ਸੀ ਤੇ ਸਾਢੇ ਅੱਠ ਵਜੇ ਨਿਤੇਸ਼ ਘਰੋਂ ਹਸਪਤਾਲ ਚਲਾ ਗਿਆ ਸੀ।

ਬੇਅਦਬੀ ਕਾਂਡ

## ਕਤਲ ਹੋਏ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਪੰਜ ਜੋਟੀਦਾਰਾਂ ਨੂੰ ਜ਼ਮਾਨਤ ਮਿਲੀ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਲਈ ਨਾਮਜ਼ਦ ਹੋਏ ਡੇਰਾ ਸੱਚਾ ਸੌਦਾ ਸਿਰਸਾ ਦੇ ਪੰਜ ਪ੍ਰੇਮੀਆਂ ਨੂੰ ਬੇਅਦਬੀ ਕਾਰਨ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣ ਦੇ ਕੇਸ ਵਿੱਚ ਜ਼ਮਾਨਤਾਂ ਮਿਲ ਗਈਆਂ ਹਨ। ਇਹ ਪੰਜੇ ਜਣੇ ਨਾਭਾ ਜੇਲ੍ਹ 'ਚ ਮਾਰੇ ਗਏ ਮਹਿੰਦਰਪਾਲ ਸਿੰਘ ਬਿੱਟੂ ਦੇ ਸਾਥੀ ਹਨ। ਬੀਤੇ ਸ਼ੁੱਕਰਵਾਰ ਇਨ੍ਹਾਂ ਨੂੰ ਜ਼ਮਾਨਤਾਂ ਦਿੰਦਿਆਂ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਿੰਘ ਸਾਂਗਵਾਨ ਨੇ ਦੋ ਵੱਖ ਵੱਖ ਕੇਸਾਂ 'ਚ ਉਨ੍ਹਾਂ ਨੂੰ ਜੇਲ੍ਹ 'ਚੋਂ ਛੱਡਣ ਦਾ ਹੁਕਮ ਦਿੱਤਾ ਹੈ।



ਵਰਨਣ ਯੋਗ ਹੈ ਕਿ ਜਤਿੰਦਰਵੀਰ ਸਿੰਘ ਨੇ ਐਡਵੋਕੇਟ ਵਿਪਨ ਘਈ ਅਤੇ ਬਲਜੀਤ ਸਿੰਘ, ਸੁਖਮੰਦਰ ਸਿੰਘ, ਰਾਜਬੀਰ ਸਿੰਘ ਅਤੇ ਕੁਲਦੀਪ ਸਿੰਘ ਨੇ ਐਡਵੋਕੇਟ ਬਲਤੇਜ ਸਿੰਘ ਰਾਹੀਂ ਜ਼ਮਾਨਤ ਅਰਜ਼ੀਆਂ ਦੇ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਹਾਈ ਕੋਰਟ ਵੱਲੋਂ ਦੂਸਰੇ ਕੇਸ ਦੀ ਜ਼ਮਾਨਤ ਮਿਲ ਚੁੱਕੀ ਹੈ ਤੇ ਜੂਨ 2016 'ਚ ਥਾਣਾ ਦਿਆਲਪੁਰਾ ਵਿਖੇ ਦਰਜ ਹੋਏ ਕੇਸਾਂ 'ਚ ਉਨ੍ਹਾਂ ਨੂੰ ਜੇਲ੍ਹ ਵਿੱਚ ਕਈ ਮਹੀਨੇ ਬੀਤ ਚੁੱਕੇ ਹਨ ਅਤੇ ਇਨ੍ਹਾਂ ਦੇ ਚਲਾਨ ਪੇਸ਼ ਹੋ ਚੁੱਕੇ ਹਨ, ਪਰ ਟਰਾਇਲ ਦਾ ਪਤਾ ਨਹੀਂ ਕਿੰਨਾ ਸਮਾਂ ਲੱਗਣਾ ਹੈ। ਦੂਜੇ ਪਾਸੇ ਇਨ੍ਹਾਂ ਕੇਸਾਂ ਵਿੱਚ ਵੱਧ ਤੋਂ ਵੱਧ ਸਜ਼ਾ ਤਿੰਨ ਸਾਲ ਹੈ, ਇਸ ਲਈ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਸਰਕਾਰ ਵੱਲੋਂ ਪੇਸ਼ ਹੋਏ ਗੌਰਵ ਗਰਗ ਧੂਰੀਵਾਲਾ ਨੇ ਅਦਾਲਤ ਨੂੰ ਕਿਹਾ ਕਿ ਮਾਮਲਾ ਗੰਭੀਰ ਹੈ ਤੇ ਇਨ੍ਹਾਂ ਘਟਨਾਵਾਂ ਨਾਲ ਸਿੱਖ ਧਰਮ ਨੂੰ ਠੇਸ ਪੁੱਜੀ ਹੈ ਇਹ ਘਟਨਾਵਾਂ ਡੇਰਾ ਸਿਰਸਾ ਮੁਖੀ ਦੇ ਇਸ਼ਾਰੇ 'ਤੇ ਕੀਤੀਆਂ ਗਈਆਂ ਸਨ, ਇਸ ਲਈ ਜ਼ਮਾਨਤ ਨਹੀਂ ਦੇਣੀ ਚਾਹੀਦੀ।

ਹਾਈ ਕੋਰਟ ਨੇ ਕੋਈ ਊਣਤਾਈ ਸਾਹ-ਮਣੇ ਆਉਣ ਦੀ ਸੂਰਤ ਵਿੱਚ ਇਨ੍ਹਾਂ ਪ੍ਰੇਮੀਆਂ ਦੀਆਂ ਜ਼ਮਾਨਤਾਂ ਰੱਦ ਕਰਨ ਦੀ ਅਰਜ਼ੀ ਦੇਣ ਦੀ ਛੋਟ ਦਿੰਦਿਆਂ ਸਰਕਾਰ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਨੂੰ ਜੇਲ੍ਹ 'ਚੋਂ ਛੱਡ ਦਿੱਤਾ ਜਾਵੇ। ਇਸ ਮਗਰੋਂ ਕੱਲ੍ਹ ਬਰਗਾੜੀ ਕਾਂਡ, ਜਿਸ ਦੇ ਮੁੱਖ ਦੋਸ਼ੀ ਅਤੇ ਡੇਰਾ ਸਿਰਸਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ ਬੀਤੇ ਦਿਨੀਂ ਨਾਭਾ ਦੀ ਨਵੀਂ ਜੇਲ੍ਹ ਵਿੱਚ ਕਤਲ ਕਰ ਦਿੱਤਾ ਗਿਆ ਸੀ, ਪੰਜ ਸਾਥੀਆਂ ਜਤਿੰ-ਦਰ ਸਿੰਘ, ਰਾਜਬੀਰ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਬਲਜੀਤ ਸਿੰਘ ਸ਼ਾਮਲ ਨੂੰ ਉੱਚ ਅਦਾਲਤ ਦੇ ਹੁਕਮਾਂ ਮੁਤਾਬਕ ਰਿਹਾਅ ਕਰ ਦਿੱਤਾ ਗਿਆ। ਇੱਕ ਦੋਸ਼ੀ ਮਹਿੰ-ਦਰ ਕੁਮਾਰ ਅਜੇ ਵੀ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਹੈ।

## ਸੀ ਬੀ ਆਈ ਵੱਲੋਂ ਬੇਅਦਬੀ ਕਾਂਡ ਵਾਲੇ ਤਿੰਨ ਕੇਸ ਬੰਦ ਕਰਨ ਦੀ ਅਰਜ਼ੀ

ਫਰੀਦਕੋਟ, 14 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਹਿਲੀ ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ, 24 ਸਤੰਬਰ ਨੂੰ ਇਸ ਦੇ ਅੰਗ ਬਰਗਾੜੀ ਦੀਆਂ ਗਲੀਆਂ ਵਿੱਚ ਖਿਲਾਰਨ ਅਤੇ 12 ਅਕਤੂਬਰ ਨੂੰ ਬਰਗਾੜੀ ਪਿੰਡ ਵਿੱਚ ਇਤਰਾਜ਼ ਯੋਗ ਪੋਸਟਰ ਲੱਗਣ ਦੇ ਕੇਸਾਂ ਦੀ ਜਾਂਚ ਕਰਦੀ ਸੀ ਬੀ ਆਈ ਟੀਮ ਨੇ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿੱਚ ਅਰਜ਼ੀ ਦੇ ਕੇ ਕਿਹਾ ਹੈ ਕਿ ਇਨ੍ਹਾਂ ਘਟਨਾਵਾਂ ਨਾਲ ਜੁੜੇ ਤੱਥ ਅਤੇ ਤਕਨੀਕੀ ਸਬੂਤ ਨਸ਼ਟ ਹੋ ਚੁੱਕੇ ਹਨ। ਇਸ ਲਈ ਇਸ ਕੇਸ ਦੀ ਤਹਿ ਤੱਕ ਜਾਣਾ ਸੰਭਵ ਨਹੀਂ। ਸੀ ਬੀ ਆਈ ਨੇ ਇਨ੍ਹਾਂ ਘਟਨਾਵਾਂ ਸੰਬੰਧੀ ਦਰਜ ਕੀਤੇ ਤਿੰਨਾਂ ਮਾਮਲਿਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।




ਪਤਾ ਲੱਗਾ ਹੈ ਕਿ ਸੀ ਬੀ ਆਈ ਦੇ ਵਿਸ਼ੇਸ਼ ਜੱਜ ਜੀ ਐੱਸ ਸੇਖੋਂ ਇਸ ਮਾਮਲੇ ਦੀ 23 ਜੁਲਾਈ ਨੂੰ ਸੁਣਵਾਈ ਕਰਨਗੇ। ਵਰਨਣ ਯੋਗ ਹੈ ਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੇ ਅਕਤੂਬਰ 2015 ਵਿੱਚ ਇਨ੍ਹਾਂ ਕੇਸਾਂ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਸੀ ਅਤੇ ਸੀ ਬੀ ਆਈ ਨੇ ਦਰਜ ਕਰਨ ਤੋਂ ਬਾਅਦ ਪਿੰਡ ਬਰਗਾੜੀ ਦੇ 400 ਤੋਂ ਵੱਧ ਲੋਕਾਂ ਦੇ ਹੱਥ ਲਿਖਤ ਨਮੂਨੇ ਲਏ ਅਤੇ ਆਧਾਰ ਕਾਰਡਾਂ ਰਾਹੀਂ ਦੋਸ਼ੀਆਂ ਦੀ ਸ਼ਨਾਖਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਸੀ ਬੀ ਆਈ ਨੇ ਦੱਸਿਆ ਕਿ ਗਲੀਆਂ ਵਿੱਚੋਂ ਮਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਉਤੇ ਫਿੰਗਰ ਪ੍ਰਿੰਟਾਂ ਦੀ ਸ਼ਨਾਖਤ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਘਟਨਾ ਸਥਾਨ ਦੇ ਨੇੜੇ ਪੈੜਾਂ ਦੇ ਨਿਸ਼ਾਨ ਵੀ ਖਤਮ ਹੋ ਚੁੱਕੇ ਹਨ। ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਵਾਲੀ ਘਟਨਾ ਦੀ ਫੋਰੈਂਸਿਕ ਜਾਂਚ ਵੀ ਸੰਭਵ ਨਹੀਂ, ਕਿਉਂਕਿ ਉਸ ਨੂੰ ਪੁਲਸ ਨੇ ਸੀਲ ਨਹੀਂ ਸੀ ਕੀਤਾ ਅਤੇ ਇਥੇ ਘਟਨਾ ਤੋਂ ਬਾਅਦ ਸੈਂਕੜੇ ਲੋਕਾਂ ਦੀ ਆਵਾਜਾਈ ਰਹਿਣ ਨਾਲ ਵਿ-ਗਆਨਕ ਪੱਖ ਤੋਂ ਪੜਤਾਲ ਨਹੀਂ ਹੋ ਸਕਦੀ।

ਅਦਾਲਤ ਵਿੱਚ ਸੀ ਬੀ ਆਈ ਦੇ ਇਸ ਖੁਲਾਸੇ ਨਾਲ ਡੇਰਾ ਪ੍ਰੇਮੀ ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਵਾਸੀ ਫਰੀਦਕੋਟ ਨੂੰ ਵੱਡੀ ਰਾਹਤ ਮਿਲੀ ਹੈ, ਕਿਉਂਕਿ ਸੀ ਬੀ ਆਈ ਨੇ ਇਸ ਇਨ੍ਹਾਂ ਨੂੰ ਦੋਸ਼ੀ ਨਾਮਜ਼ਦ ਕੀਤਾ ਹੈ। ਇਸ ਕੇਸ ਵਿੱਚ ਮਹਿੰਦਰਪਾਲ ਬਿੱਟੂ ਵੀ ਦੋਸ਼ੀ ਨਾਮਜ਼ਦ ਸੀ, ਜਿਸ ਦਾ ਕੁਝ ਦਿਨ ਪਹਿਲਾਂ ਜੇਲ੍ਹ ਵਿੱਚ ਕਤਲ ਹੋ ਗਿਆ ਸੀ। ਸੀ ਬੀ ਆਈ ਅਧਿਕਾਰੀਆਂ ਨੇ ਇੱਕ ਸਾਲ ਪਹਿਲਾਂ ਹੀ ਇਸ ਕੇਸ ਦੀ ਪੜਤਾਲ ਤੋਂ ਹੱਥ ਪਿੱਛੇ ਖਿੱਚ ਲਏ ਸਨ ਅਤੇ ਫਰੀਦਕੋਟ ਵਿੱਚ ਸੀ ਬੀ ਆਈ ਦੇ ਦਫਤਰ ਵਿੱਚ ਕਿਸੇ ਅਧਿਕਾਰੀ ਨੇ ਉਸ ਪਿੱਛੋਂ ਗੇੜਾ ਨਹੀਂ ਮਾਰਿਆ।

## ਰੂਲਜ਼ ਦੇ ਮੁਤਾਬਕ ਹੇਠਲੀਆਂ ਅਦਾਲਤਾਂ ਵਿੱਚ ਅੰਗਰੇਜ਼ੀ ਲਾਜ਼ਮੀ ਨਹੀਂ ਹੋਈ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਹੇਠਲੀਆਂ ਅਦਾਲਤਾਂ 'ਚ ਕਾਨੂੰਨੀ ਪ੍ਰਕਿਰਿਆ ਵਿੱਚ ਅੰਗਰੇਜ਼ੀ ਨੂੰ ਲਾਜ਼ਮੀ ਭਾਸ਼ਾ ਨਹੀਂ ਬਣਾਇਆ ਗਿਆ, ਜਿਵੇਂ ਕਿ ਚਰਚਾ ਚੱਲ ਰਹੀ ਸੀ ਤੇ ਮੰਗ ਵੀ ਕੀਤੀ ਗਈ ਸੀ।

ਪੰਜਾਬ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਕਾਨੂੰਨੀ ਕੰਮਾਂ ਲਈ ਅੰਗਰੇਜ਼ੀ ਨੂੰ ਲਾਜ਼ਮੀ ਬਣਾਉਣ ਬਾਰੇ ਭੰਬਲਭੂਸੇ ਦੀ ਸਥਿਤੀ ਨੂੰ ਸਾਫ ਕਰਦਿਆਂ ਹਾਈ ਕੋਰਟ ਦੇ ਪ੍ਰਸ਼ਾਸਨਕ ਅਧਿਕਾਰੀ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਦਫਤਰੀ ਗੱਜ਼ਟ ਵਿੱਚ ਪ੍ਰਕਾਸ਼ਿਤ ਇੱਕ ਸੋਧ ਬਾਰੇ ਭੰਬਲਭੂਸਾ ਪੈਦਾ ਹੋਇਆ ਹੈ, ਪਰ ਇਹ ਸੋਧ ਸਿਰਫ ਕਾਨੂੰਨੀ ਮਾਮਲਿਆਂ ਦੀ ਸੁਣਵਾਈ ਦੌਰਾਨ ਕੇਸ ਫਾਈਲ ਦੇ ਨਾਲ ਤਿਆਰ ਕੀਤੇ ਜਾਣ ਵਾਲੇ ਕੇਸ ਦੇ ਸਾਰ ਅਤੇ ਗਵਾਹਾਂ ਦੇ ਬਿਆਨਾਂ ਤੱਕ ਸੀਮਿਤ ਹੈ। ਹਾਈ ਕੋਰਟ ਦੇ ਰੂਲਜ਼ ਐਂਡ ਆਰਡਰ ਵਿੱਚ ਸ਼ਾਮਲ ਚੈਪਟਰ 16 ਦੇ ਪਾਰਟ ਏ ਦੇ ਰੂਲ ਛੇ ਐੱਫ ਵਿੱਚ ਕੀਤੀ ਗਈ ਸੋਧ



'ਚ ਕਿਹਾ ਗਿਆ ਹੈ ਕਿ ਕੇਸ ਦਾ ਸਾਰ, ਗਵਾਹਾਂ ਦਾ ਬਿਆਨ ਅਤੇ ਅਦਾਲਤ ਦੇ ਹੁਕਮ ਅੰਗਰੇਜ਼ੀ ਭਾਸ਼ਾ ਵਿੱਚ ਟਾਈਪ ਕੀਤੇ ਜਾਣੇ ਚਾਹੀਦੇ ਹਨ, ਪਰ ਇਸ 'ਚ ਕਾਨੂੰਨੀ ਪ੍ਰਕਿਰਿਆ ਜਾਂ ਸੁਣਵਾਈ ਬਾਰੇ ਕੁਝ ਨਹੀਂ ਕਿਹਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਇਹ ਸੋਧ ਇਸ ਲਈ ਕੀਤੀ ਗਈ ਹੈ ਕਿ ਟਰਾਇਲ ਕੋਰਟ ਦੇ ਫੈਸਲਿਆਂ ਖਿਲਾਫ ਦਾਇਰ ਹੁੰਦੀਆਂ ਅਪੀਲਾਂ 'ਤੇ ਅਪੀਲੇਟ ਕੋਰਟ ਨੂੰ ਮਾਮਲੇ ਦੇ ਤੱਥਾਂ ਦਾ ਆਸਾਨੀ ਨਾਲ ਪਤਾ ਲੱਗ ਸਕੇ ਤੇ ਅਦਾਲਤੀ ਸਮੇਂ ਦੀ ਬੱਚਤ ਹੋਵੇ, ਇਸ ਲਈ ਸਥਾਨਕ ਬੋਲੀ ਦੀ ਖੁੱਲ੍ਹ ਹੋਵੇਗੀ।

## ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਅੱਠ ਚੇਅਰਮੈਨ ਨਿਯੁਕਤ ਕਰਨ ਦੀ ਪ੍ਰਵਾਨਗੀ ਦਿੱਤੀ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਅੱਠ ਚੇਅਰਮੈਨਾਂ ਦੀ ਨਿਯੁਕਤੀ ਦੇ ਹੁਕਮਾਂ ਨੂੰ ਪ੍ਰਵਾਨਗੀ ਦੇ ਦਿੱਤੀ ਤੇ ਸੰਬੰਧਤ ਵਿਭਾਗਾਂ ਨੂੰ ਇਨ੍ਹਾਂ ਨਿਯੁਕਤੀਆਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਲਈ ਕਿਹਾ ਅਤੇ ਇਹ ਨੋਟੀਫੀਕੇਸ਼ਨ ਜਾਰੀ ਵੀ ਹੋ ਗਿਆ ਹੈ।



ਮਿਲੀ ਸੂਚਨਾ ਅਨੁਸਾਰ ਮੁੱਖ ਮੰਤਰੀ ਨੇ ਜਿਨ੍ਹਾਂ ਚੇਅਰਮੈਨਾਂ ਦੀ ਨਿਯੁਕਤੀ ਦੀ ਪ੍ਰਵਾਨਗੀ ਦਿੱਤੀ ਹੈ, ਉਸ ਅਨੁਸਾਰ ਐੱਚ ਐੱਸ ਹੰਸਪਾਲ, ਜਿਹੜੇ ਸੂਬਾ ਕਾਂਗਰਸ ਦੇ ਸਾਬਕਾ ਪ੍ਰਧਾਨ ਹਨ, ਨੂੰ ਪੰਜਾਬ ਊਰਜਾ ਵਿਕਾਸ ਏਜੰਸੀ ਦਾ ਚੇਅਰਮੈਨ ਲਾਇਆ ਗਿਆ ਹੈ। ਜਲੰਧਰ ਇਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਬਿੱਟੂ ਨੂੰ ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਦਾ ਚੇਅਰਮੈਨ ਲਾ ਦਿੱਤਾ ਹੈ। ਲੁਧਿਆਣਾ ਦੇ ਸੀਨੀਅਰ ਕਾਂਗਰਸੀ ਆਗੂ ਕ੍ਰਿਸ਼ਨ ਕੁਮਾਰ ਬਾਵਾ ਨੂੰ ਪੰਜਾਬ ਸਟੇਟ ਸਨਅਤੀ ਵਿਕਾਸ ਕਾਰਪੋਰੇਸ਼ਨ ਦਾ ਚੇਅਰਮੈਨ ਬਣਾਇਆ ਅਤੇ ਫਾਜ਼ਿਲਕਾ ਤੋਂ ਸੁਖਵੰਤ ਸਿੰਘ ਬਰਾੜ ਨੂੰ ਹਾਊਸਫੈੱਡ ਦਾ ਚੇਅਰਮੈਨ ਲਾਇਆ ਹੈ। ਅੰਮ੍ਰਿਤਸਰ ਦੇ ਪ੍ਰਗਟ ਸਿੰਘ ਧੁਨਾ ਨੂੰ ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਫਗਵਾੜਾ ਤੋਂ ਮੋਹਨ ਲਾਲ ਸੂਦ ਨੂੰ ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦਾ ਚੇਅਰਮੈਨ ਲਾਇਆ ਹੈ। ਲੁਧਿਆਣਾ ਦੇ ਕਾਂਗਰਸੀ ਆਗੂ ਗੁਰਪ੍ਰੀਤ ਸਿੰਘ ਗੋਗੀ ਨੂੰ ਪੰਜਾਬ ਛੋਟੇ ਉਦਯੋਗ ਅਤੇ ਬਰਾਮਦ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਔਰਤਾਂ ਵਿੱਚੋਂ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਮਮਤਾ ਦੱਤਾ ਨੂੰ ਪੰਜਾਬ ਖਾਦੀ ਅਤੇ ਪੇਂਡੂ ਇੰਡਸਟਰੀ ਬੋਰਡ ਦੀ ਚੇਅਰਪਰਸਨ ਨਿਯੁਕਤ ਕੀਤਾ ਹੈ।

## ਇੱਕ ਬੋਤਲ ਤੋਂ 160 ਸਾਹ ਵਾਲੀ ਹਵਾ ਭਾਰਤ ਵਿੱਚ ਵਿਕਣ ਲੱਗੀ

ਕੁਰਾਲੀ, 14 ਜੁਲਾਈ (ਪੋਸਟ ਬਿਊਰੋ)- ਚੀਨ ਦੇ ਸ਼ਹਿਰ ਬੀਜਿੰਗ 'ਚ ਸੁਣਿਆ ਅਤੇ ਦੇਖਿਆ ਸੀ ਕਿ ਲੋਕ ਜਿਊਣ ਲਈ ਨਕਲੀ ਹਵਾ ਵਰਤਦੇ ਹਨ। ਇਹ ਨੌਬਤ ਭਾਰਤ 'ਚ ਆਏਗੀ, ਇਸ ਬਾਰੇ ਬਹੁਤ ਘੱਟ ਲੋਕਾਂ ਨੇ ਸੋਚਿਆ ਹੋਵੇਗਾ। ਭਾਰਤ 'ਚ ਵੀ ਤਾਜ਼ੀ ਹਵਾ ਵਿਕਣ ਲੱਗ ਪਈ ਹੈ। ਇਹ ਕੋਈ ਵਾਇਰਲ ਅਫਵਾਹ ਨਹੀਂ, ਤੁਸੀਂ ਖੁਦ ਆਨਲਾਈਨ ਮਾਰਕੀਟਿੰਗ ਕੰਪਨੀ ਐਮੇਜ਼ੋਨ ਉੱਤੇ ਜਾ ਕੇ ਤਾਜ਼ੀ ਹਵਾ ਦੀਆਂ ਬੋਤਲਾਂ ਖਰੀਦ ਸਕਦੇ ਹੋ।

ਭਾਰਤ 'ਚ ਵਧ ਰਹੇ ਪ੍ਰਦੂਸ਼ਣ ਨੂੰ ਦੇਖ ਕੇ ਆਸਟਰੇਲੀਆ ਤੇ ਕੈਨੇਡਾ ਨੇ ਵੀ ਹਵਾ ਵੇਚਣ ਦਾ ਧੰਦਾ ਸ਼ੁਰੂ ਕਰ ਦਿੱਤਾ ਹੈ। ਲੱਖਾਂ ਲੋਕ ਪ੍ਰਦੂਸ਼ਣ ਕਾਰਨ ਭਾਰਤ ਵਿੱਚ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਜਿਸ ਕਾਰਨ ਇਥੇ ਹਵਾ ਦਾ ਵਿਕਣਾ ਜਾਇਜ਼ ਲੱਗਦਾ ਹੈ, ਪਰ ਹੈਰਾਨੀ ਇਸ ਗੱਲ 'ਤੇ ਹੈ ਕਿ ਭਾਰਤ ਵਿੱਚ ਜਿੱਥੇ ਸਭ ਤੋਂ ਵੱਧ ਕੁਦਰਤੀ ਸਰੋਤ ਮੌਜੂਦ ਸਨ, ਉਨ੍ਹਾਂ ਨੂੰ ਖਤਮ ਕਰ ਕੇ ਇਨਸਾਨ ਪੈਸਾ ਖਰਚ ਕੇ ਬਨਾਉਟੀ ਸਰੋਤ ਖਰੀਦਣ ਨੂੰ ਮਜਬੂਰ ਹੋ ਗਿਆ ਹੈ। ਹਿਮਾਲਿਆ ਦੀ ਤਾਜ਼ੀ ਹਵਾ ਲੈਣ ਲਈ ਐਮੇਜ਼ੋਨ ਉੱਤੇ ਜਾ ਕੇ ਆਰਡਰ ਕੀਤਾ ਜਾ ਸਕਦਾ ਹੈ। ਇੱਕ ਲੀਟਰ ਹਿਮਾ-ਲਅਨ ਏਅਰ ਦੀ ਕੀਮਤ 550 ਰੁਪਏ ਰੱਖੀ ਗਈ ਹੈ, ਜਿਸ ਵਿੱਚ ਇਨਬਿਲਟ ਮਾਸਕ ਲੱਗਾ ਹੈ। ਇੱਕ ਬੋਤਲ ਨਾਲ 160 ਵਾਰ ਤਾਜ਼ੀ ਹਵਾ ਵਾਲਾ ਸਾਹ ਲਿਆ ਜਾ ਸਕਦਾ ਹੈ। ਦੱਸਿਆ ਗਿਆ ਹੈ ਕਿ ਔਜ਼ੀਅਰ ਨਾਮੀ ਆਸਟਰੇਲਿਆਈ ਤਾਜ਼ੀ ਹਵਾ ਦੀ 7.5 ਲੀਟਰ ਦੀ ਬੋਤਲ ਦੀ ਕੀਮਤ 1499 ਰੁਪਏ ਰੱਖੀ ਗਈ ਹੈ, 15 ਲੀਟਰ ਬੋਤਲ ਦੀ ਕੀਮਤ 1990 ਹੈ। ਕੈਨੇਡਾ ਦੀ ਕੰਪਨੀ ਵਾਈਟਿਲਿਟੀ ਏਅਰ ਵੀ ਆਪਣੀ ਹਵਾ ਭਾਰਤ ਵਿੱਚ ਆਨਲਾਈਨ ਵੇਚ ਰਹੀ ਹੈ।

## ਬਲਾਤਕਾਰ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਹਵਾਲਾਤੀ ਟੀਚਰ ਵੱਲੋਂ ਖੁਦਕੁਸ਼ੀ

ਮੁਕਤਸਰ ਸਾਹਿਬ, 14 ਜੁਲਾਈ (ਪੋਸਟ ਬਿਊਰੋ)- ਵਿਦਿਆਰਥਣ ਨਾਲ ਬਲਾਤਕਾਰ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਕੀਤੇ ਗਏ ਇੱਕ ਟੀਚਰ ਨੇ ਖੁਦਕੁਸ਼ੀ ਕਰ ਲਈ ਹੈ।



ਮਿਲੀ ਜਾਣਕਾਰੀ ਅਨੁਸਾਰ ਮੁਕਤਸਰ ਸਾਹਿਬ ਦੀ ਬਾਵਾ ਕਲੋਨੀ ਗਲੀ ਨੰਬਰ ਇੱਕ ਦਾ ਟੀਚਰ ਤਰਲੋਚਨ ਸਿੰਘ ਇੱਕ ਵਿਦਿਆਰਥਣ ਨਾਲ ਬਲਾਤਕਾਰ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਸੀ। ਜੇਲ੍ਹ ਸੁਪਰਡੈਂਟ ਸ਼ਿਵਰਾਜ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਨ੍ਹਾਂ ਦੇਖਿਆ ਕਿ ਤਰਲੋਚਨ ਸਿੰਘ ਨੇ ਸਿਰ 'ਤੇ ਬੰਨ੍ਹਣ ਵਾਲਾ ਪਰਨਾ (ਸਾਫਾ) ਹਵਾਲਾਤ ਦੇ ਜੰਗਲੇ ਨਾਲ ਬੰਨ੍ਹ ਕੇ ਫਾਹਾ ਲੈ ਲਿਆ ਸੀ। ਉਸ ਦੀ ਜੇਬ 'ਚੋਂ ਖੁਦਕੁਸ਼ੀ ਨੋਟ ਵੀ ਬਰਾਮਦ ਹੋਇਆ ਹੈ, ਜਿਸ ਵਿੱਚ ਉਸ ਨੇ ਖੁਦਕੁਸ਼ੀ ਦਾ ਕਾਰਨ ਬਲਾਤਕਾਰ ਦਾ ਦੋਸ਼ ਲੱਗਣ ਤੋਂ ਪ੍ਰੇਸ਼ਾਨੀ ਦੱਸੀ ਹੈ। ਜੇਲ੍ਹ ਸੁਪਰਡੈਂਟ ਅਨੁਸਾਰ ਤਰਲੋਚਨ ਸਿੰਘ ਅਧਿਆਪਕ ਹੋਣ ਨਾਤੇ ਜੇਲ੍ਹ ਵਿੱਚ ਵੀ ਬੰਦੀਆਂ ਨੂੰ ਪੜ੍ਹਾਇਆ ਕਰਦਾ ਸੀ।

ਮ੍ਰਿਤਕ ਅਧਿਆਪਕ ਤਰਲੋਚਨ ਸਿੰਘ ਦੇ ਪਰਵਾਰ ਨੇ ਵਿਦਿਆਰਥਣ ਦੇ ਪਰਵਾਰ ਉੱਤੇ ਰੁਪਏ ਦੇਣ ਦਾ ਦਬਾਅ ਬਣਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਅਨੁਸਾਰ ਦੋਸ਼ਾਂ ਕਾਰਨ ਬਦਨਾਮੀ ਹੋਣ ਤੇ ਇਸ ਗੱਲੋਂ ਮਾਨਸਿਕ ਪਰੇਸ਼ਨੀ ਵਿੱਚ ਹੀ ਤਰਲੋਚਨ ਸਿੰਘ ਨੇ ਜੇਲ੍ਹ ਵਿੱਚ ਖੁਦਕੁਸ਼ੀ ਕੀਤੀ ਹੈ। ਪਰਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਖੁਦਕੁਸ਼ੀ ਨੋਟ ਮੁਤਾਬਕ ਕਾਰਵਾਈ ਕਰਨ ਦੀ ਮੰਗ ਕੀਤੀ ਅਤੇ ਬਲਾਤਕਾਰ ਕੇਸ ਦੀ ਦੁਬਾਰਾ ਜਾਂਚ ਦੀ ਮੰਗ ਉਠਾਈ ਹੈ।

## ਜਵਾਹਰੇ ਵਾਲਾ ਵਿੱਚ ਗੋਲੀ ਚੱਲਣ ਨਾਲ ਦਿਓਰ-ਭਰਜਾਈ ਕਤਲ

ਮੁਕਤਸਰ ਸਾਹਿਬ, 14 ਜੁਲਾਈ (ਪੋਸਟ ਬਿਊਰੋ)- ਪਿੰਡ ਜਵਾਹਰੇ ਵਾਲਾ ਵਿੱਚ ਚੱਲਦੇ ਵਿਕਾਸ ਕਾਰਜਾਂ ਤੋਂ ਪੈਦਾ ਹੋਈ ਖਹਿਬਾਜ਼ੀ ਕਾਰਨ ਕੱਲ੍ਹ ਗੋਲੀਆਂ ਚੱਲ ਗਈਆਂ, ਜਿਸ ਵਿੱਚ ਦੋ ਜਣਿਆਂ ਦੀ ਮੌਤ ਹੋ ਗਈ ਅਤੇ ਛੇ ਜ਼ਖਮੀ ਹੋ ਗਏ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਭੇਜ ਦਿੱਤਾ ਗਿਆ ਹੈ ਤੇ ਇੱਕ ਮੁਕਤਸਰ ਦੇ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਹੈ। ਥਾਣਾ ਸਦਰ ਪੁਲਸ ਨੇ ਪਲਵਿੰਦਰ ਸਿੰਘ ਤੇ ਦੁੱਗਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ 13 ਹੋਰਾਂ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

ਮ੍ਰਿਤਕ ਕਿਰਨਦੀਪ ਸਿੰਘ ਦੇ ਭਰਾ ਮੰਗਲ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਇਸ ਵਾਰ ਅਨੁਸੂਚਿਤ ਜਾਤੀ ਨਾਲ ਸੰਬੰਧਤ ਲਖਵਿੰਦਰ ਸਿੰਘ ਸਰਪੰਚ ਚੁਣਿਆ ਗਿਆ ਸੀ। ਸਾਬਕਾ ਸਰਪੰਚਾਂ ਵਿੱਚ ਲਖਵਿੰਦਰ ਸਿੰਘ ਨੂੰ ਆਪਣੀ ਮਰਜ਼ੀ ਨਾਲ ਚਲਾਉਣ ਦੀ ਖਹਿਬਾਜ਼ੀ ਚੱਲ ਰਹੀ ਸੀ। ਜਿਸ ਧੜੇ ਨਾਲ ਸਰਪੰਚ ਸਹਿਮਤ ਨਹੀਂ ਸੀ, ਉਸ ਵੱਲੋਂ ਸਰਪੰਚ ਦੀ ਥਾਂ ਨਿਗਰਾਨ ਲਵਾਉਣ ਲਈ ਜ਼ੋਰ ਲਾਇਆ ਜਾ ਰਿਹਾ ਸੀ। ਪਿੰਡ ਵਿੱਚ ਬਣਦੀ ਸੀਮੈਂਟ ਵਾਲੀ ਗਲੀ ਤੋਂ ਕੱਲ੍ਹ ਸਰਪੰਚ ਪੱਖੀ ਅਤੇ ਸਰਪੰਚ ਵਿਰੋਧੀ ਧਿਰਾਂ ਦਾ ਝਗੜਾ ਹੋ ਗਿਆ ਤਾਂ ਇੱਕ ਧਿਰ ਨੇ ਰਾਈਫਲ ਅਤੇ ਰਿਵਾਲਵਰਾਂ ਨਾਲ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਦਿਓਰ-ਭਰਜਾਈ ਮਿੰਨੀ ਕੌਰ ਅਤੇ ਕਿਰਨਦੀਪ ਸਿੰਘ ਦੀ ਮੌਤ ਹੋ ਗਈ। ਕਿਰਨਦੀਪ ਸਿੰਘ ਦੇ ਦੋ ਭਰਾਵਾਂ ਧਰਮਿੰਦਰ ਸਿੰਘ ਅਤੇ ਗੁਰਜੀਤ ਸਿੰਘ ਸਮੇਤ ਕਈ ਜਣੇ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ ਸੰਦੀਪ ਸਿੰਘ ਸੀਪਾ ਮੁਕਤਸਰ ਦੇ ਨਿੱਜੀ ਹਸਪਤਾਲ ਵਿੱਚ ਅਤੇ ਬਾਕੀ ਫਰੀਦਕੋਟ ਮੈਡੀਕਲ ਕਾਲਜ ਵਿੱਚ ਦਾਖਲ ਹਨ।

ਐਸ ਐਸ ਪੀ ਮਨਜੀਤ ਸਿੰਘ ਢੇਸੀ ਨੇ ਦੱਸਿਆ ਕਿ ਮੁਕੱਦਮਾ ਦਰਜ ਕਰ ਕੇ ਪਲਵਿੰਦਰ ਸਿੰਘ ਤੇ ਦੁੱਗਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਅੰਗਰੇਜ਼ ਸਿੰਘ, ਜਸਬੀਰ ਸਿੰਘ, ਗੁਲਜ਼ਾਰ ਸਿੰਘ, ਹਰਦਮ ਸਿੰਘ, ਗੁਰਦੀਪ ਸਿੰਘ, ਈਸ਼ਵਰ ਸਿੰਘ, ਸੰਦੀਪ ਸਿੰਘ, ਪ੍ਰਭਜੋਤ ਸਿੰਘ ਬਰਾੜ, ਰਣਜੀਤ ਸਿੰਘ ਸਣੇ ਕਈ ਲੋਕਾਂ ਉੱਤੇ ਖਿਲਾਫ ਕੇਸ ਦਰਜ ਕੀਤਾ ਹੈ।

## ਮੋਗੇ ਦੇ ਅਕਾਲੀ ਧਰਨੇ ਦੌਰਾਨ ਸੁਖਬੀਰ ਸਿੰਘ ਬਾਦਲ ਪੰਜਾਬ ਦੀ ਸਰਕਾਰ ਉਤੇ ਵਰ੍ਹੇ

### * ਪੰਜਾਬ ਵਿੱਚ ਕਿਸੇ ਦਾ ਰਾਜ ਹੀ ਨਹੀਂ: ਛੋਟਾ ਬਾਦਲ

ਮੋਗਾ, 14 ਜੁਲਾਈ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਆਖਿਆ ਹੈ ਕਿ ਪੰਜਾਬ ਦੇ ਇਤਿਹਾਸ ਵਿੱਚ ਬੜੇ ਮੁੱਖ ਮੰਤਰੀ ਆਏ, ਪਰ ਸਭ ਤੋਂ ਨਿਕੰਮਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਸਿੱਧ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਆਮ ਆਮ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੇ ਡਰਾਵੇ ਦੇ ਰਹੇ ਹਨ, ਪਰ ਅਕਾਲੀ ਦਲ ਇਸ ਸਰਕਾਰ ਦਾ ਡਟ ਕੇ ਮੁਕਾਬਲਾ ਕਰਨ ਲਈ ਤਿਆਰ ਹੋਣ ਕਰ ਕੇ ਇਸ ਰਾਜ ਵਿੱਚ ਕਾਂਗਰਸ ਦੀ ਸਰਕਾਰ ਦੇ ਖਿਲਾਫ਼ ਜਬਰ ਵਿਰੋਧੀ ਧਰਨੇ ਲਾ ਰਿਹਾ ਹੈ।




ਮੋਗਾ ਦੀ ਨਵੀਂ ਅਨਾਜ ਮੰਡੀ ਵਿਖੇ ਅਕਾਲੀ ਦਲ ਵੱਲੋਂ ਲਾਏ ਧਰਨੇ ਦੀ ਅਗਵਾਈ ਕਰਦਿਆਂ ਅੱਜ ਏਥੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨਾਲ ਝੂਠ ਬੋਲ ਕੇ ਵੋਟਾਂ ਲਈਆਂ ਤੇ ਸਰਕਾਰ ਬਣਾਈ ਸੀ, ਪਰ ਤਿੰਨ ਸਾਲ ਬੀਤਣ ਪਿੱਛੋਂ ਵੀ ਪੰਜਾਬ ਨੂੰ ਕੋਈ ਪੈਕੇਜ ਨਹੀਂ ਮਿਲਿਆ ਤੇ ਇਸ ਸਰਕਾਰ ਦਾ ਚਿਹਰਾ ਲੋਕਾਂ ਸਾਹਮਣੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਜੋ ਕੁਝ ਕਿਹਾ, ਉਹ ਪੂਰਾ ਕੀਤਾ ਸੀ। ਛੋਟੇ ਬਾਦਲ ਨੇ ਦੋਸ਼ ਲਾਇਆ ਕਿ ਕਾਂਗਰਸੀ ਵਿਧਾਇਕ ਅਫਸਰਾਂ ਨਾਲ ਮਿਲ ਕੇ ਪੰਜਾਬ ਨੂੰ ਲੁੱਟਦੇ ਪਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਸੀਂ ਬਿਜਲੀ ਸਰਪਲੱਸ ਕੀਤੀ ਸੀ ਅਤੇ ਕਿਸਾਨਾਂ ਨੂੰ ਖੇਤੀ ਟਿਊਬਵੈੱਲਾਂ ਦੇ ਬਿੱਲ ਨਹੀਂ ਸੀ ਦੇਣ ਦਿੱਤੇ ਤੇ ਬਿਜਲੀ ਨਿਰਵਿਘਨ ਦੇਣ ਲਈ ਪੰਜਾਬ ਸਰਕਾਰ ਆਪਣੇ ਕਿਸਾਨਾਂ ਲਈ ਹਰ ਸਾਲ 7 ਹਜ਼ਾਰ ਕਰੋੜ ਰੁਪਏ ਭਰਦੀ ਸੀ, ਪਰ ਕਾਂਗਰਸ ਦੀ ਮਾੜੀ ਨੀਤ ਹੋਣ ਕਾਰਨ ਕਿ ਕਿਸਾਨਾਂ ਨੂੰ ਖੇਤੀ ਬਿਜਲੀ ਨਹੀਂ ਦਿੱਤੀ ਜਾ ਰਹੀ ਤੇ ਬਿਜਲੀ ਵਿਭਾਗ ਨੂੰ ਪੈਸੇ ਫਿਰ ਵੀ ਦੇ ਰਹੀ ਹੈ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਨਵਜੋਤ ਸਿੰਘ ਸਿੱਧੂ ਉੱਤੇ ਚੋਟ ਕਰਦਿਆਂ ਕਿਹਾ ਕਿ ਤੁਸੀਂ ਬਿਜਲੀ ਮੰਤਰੀ ਕਦੇ ਦੇਖਿਆ ਹੈ, ਜੇ ਨਵੀਂ ਗੱਡੀ ਅਨਜਾਣ ਡਰਾਈਵਰ ਨੂੰ ਚਲਾਉਣ ਲਈ ਦੇ ਦਈਏ ਤਾਂ ਗੱਡੀ ਦਾ ਹਾਦਸਾ ਹੋਵੇਗਾ ਹੀ, ਇਸੇ ਤਰ੍ਹਾਂ ਪੰਜਾਬ ਦੀ ਵਾਗਡੋਰ ਨਿਕੰਮੇ ਮੁੱਖ ਮੰਤਰੀ ਨੂੰ ਫੜਾ ਬੈਠੇ ਹਾਂ ਤਾਂ ਪੰਜਾਬ ਦਾ ਨੁਕਸਾਨ ਹੋਵੇਗਾ। ਸੁਖਬੀਰ ਸਿੰਘ ਬਾਦਲ ਨੇ ਮਨਰੇਗਾ ਸਕੀਮ ਦੇ ਘਪਲੇ ਬਾਰੇ ਕਿਹਾ ਕਿ ਕਾਂਗਰਸੀ ਵਿਧਾਇਕ ਅਤੇ ਸਰਪੰਚ ਅਫਸਰਾਂ ਨਾਲ ਮਿਲ ਕੇ ਮਰ ਚੁੱਕੇ ਲੋਕਾਂ ਨੂੰ ਮਨਰੇਗਾ ਦੇ ਰਹੇ ਹਨ ਅਤੇ ਵੱਡੇ-ਵੱਡੇ ਘਪਲੇ ਕਰ ਰਹੇ ਹਨ।

## ਚੋਣਾਂ ਵੇਲੇ ਦਰਜ ਹੋਏ ਕੇਸਾਂ ਬਾਰੇ ਚੋਣ ਕਮਿਸ਼ਨ ਨੇ ਰਿਪੋਰਟ ਮੰਗੀ

ਚੰਡੀਗੜ੍ਹ, 14 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਲੋਕ ਸਭਾ ਚੋਣਾਂ ਦੌਰਾਨ ਚੋਣ ਜ਼ਾਬਤੇ ਦੀ ਉਲੰਘਣਾ ਬਾਰੇ ਦਰਜ ਹੋਏ ਕੇਸਾਂ ਦੀ ਸਟੇਟਸ ਰਿਪੋਰਟ ਮੰਗ ਲਈ ਹੈ। ਚੋਣ ਕਮਿਸ਼ਨ ਨੇ ਸਾਰੇ ਜ਼ਿਲ੍ਹਿਆਂ ਦੇ ਐਸ ਐਸ ਪੀਜ਼ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਚੋਣ ਜ਼ਾਬਤੇ ਬਾਰੇ ਦਰਜ ਹੋਏ ਕੇਸਾਂ ਦੀ ਜਾਂਚ ਮੁਕੰਮਲ ਕਰ ਕੇ 15 ਦਿਨਾਂ ਦੇ ਵਿੱਚ ਰਿਪੋਰਟ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਭੇਜੀ ਜਾਵੇ।

ਮਿਲੀ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਦੇ ਚੋਣਾਂ ਦੌਰਾਨ ਦਰਜ ਹੋਏ ਸਾਰੇ ਕੇਸਾਂ ਦਾ ਪਿੱਛਾ ਕਰਨ ਦਾ ਫੈਸਲਾ ਕੀਤਾ ਹੈ। ਕਮਿਸ਼ਨ ਨੂੰ ਪਤਾ ਲੱਗਾ ਹੈ ਕਿ ਚੋਣ ਜ਼ਾਬਤਾ ਖਤਮ ਹੋਣ ਪਿੱਛੋਂ ਕੇਸਾਂ ਨੂੰ ਠੰਢੇ ਬਸਤੇ ਵਿੱਚ ਰੱਖਿਆ ਜਾਂਦਾ ਹੈ ਤੇ ਸਿਆਸੀ ਦਬਾਅ ਹੇਠ ਪੁਲਸ ਵੱਲੋਂ ਕੇਸ ਕਮਜ਼ੋਰ ਕਰ ਦਿੱਤੇ ਜਾਂਦੇ ਹਨ। ਮਿਲੇ ਅੰਕੜਿਆਂ ਮੁਤਾਬਕ ਚੋਣ ਕਮਿਸ਼ਨ ਦੇ ਹੁਕਮਾਂ ਉੱਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਅੱਸੀ ਕੇਸ ਦਰਜ ਹੋਏ ਸਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਕੇਸ ਮਾਲਵੇ ਦੇ ਲੁਧਿਆਣਾ, ਬਠਿੰਡਾ, ਮਾਨਸਾ ਤੇ ਮੁਕਤਸਰ ਜ਼ਿਲ੍ਹਿਆਂ ਵਿੱਚ ਬਣੇ, ਪਰ ਪੁਲਸ ਨੇ ਸਿਰਫ ਚਾਰ ਕੇਸਾਂ ਦੀ ਜਾਂਚ ਪੂਰੀ ਕਰ ਕੇ ਨਿਪਟਾਰਾ ਕੀਤਾ ਅਤੇ ਇੱਕ ਕੇਸ ਵਿੱਚ ਚਾਰਜਸ਼ੀਟ ਤਿਆਰ ਕੀਤੀ ਹੈ, ਜਦੋਂ ਕਿ 75 ਪੁਲਸ ਵਿੱਚ ਨਾ ਤਾਂ ਜਾਂਚ ਪੂਰੀ ਕੀਤੀ ਗਈ ਹੈ ਤੇ ਨਾ ਕੋਈ ਅਦਾਲਤੀ ਕਾਰਵਾਈ ਕਰ ਕੇ ਚਲਾਨ ਪੇਸ਼ ਕੀਤਾ ਗਿਆ ਹੈ। ਲੁਧਿਆਣਾ ਕਮਿਸ਼ਨਰੇਟ ਜ਼ਿਲ੍ਹੇ ਵਿੱਚ 17 ਕੇਸ, ਬਠਿੰਡਾ ਵਿੱਚ 12, ਫਤਿਹਗੜ੍ਹ ਸਾਹਿਬ ਵਿੱਚ 7, ਮੁਕਤਸਰ ਸਾਹਿਬ ਵਿੱਚ ਸੱਤ, ਲੁਧਿਆਣਾ ਪੇਂਡੂ ਵਿੱਚ 4, ਮਾਨਸਾ ਵਿੱਚ 6 ਅਤੇ ਮੋਗਾ, ਪਟਿਆਲਾ ਵਿੱਚ ਚਾਰ-ਚਾਰ ਕੇਸ ਦਰਜ ਹੋਏ ਸਨ। ਚੋਣ ਕਮਿਸ਼ਨ ਨੇ ਪੁਲਸ ਤੋਂ ਇਲਾਵਾ ਸਿਹਤ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਮਾਲ ਵਿਭਾਗ, ਲੋਕਲ ਬਾਡੀਜ਼ ਤੇ ਬਿਜਲੀ ਵਿਭਾਗ ਅਤੇ ਗ੍ਰਹਿ ਤੇ ਨਿਆਂ ਮਾਮਲੇ ਵਿਭਾਗਾਂ ਨਾਲ ਸੰਬੰਧਤ ਚੋਣ ਜ਼ਾਬਤੇ ਦੀ ਉਲੰਘਣਾ ਦੇ ਕੇਸਾਂ ਦੀ ਰਿਪੋਰਟ ਮੰਗੀ ਹੈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਐਸ ਕੇ ਕਰੁਣਾ ਰਾਜੂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਚੋਣ ਜ਼ਾਬਤੇ ਨਾਲ ਸੰਬੰਧਤ ਕੇਸਾਂ ਬਾਰੇ ਸਾਰੇ ਜ਼ਿਲ੍ਹਿਆਂ ਦੇ ਪੁਲਸ ਮੁਖੀਆਂ ਤੋਂ ਰਿਪੋਰਟਾਂ ਮੰਗੀਆਂ ਹਨ ਤਾਂ ਕਿ ਇਨ੍ਹਾਂ ਕੇਸਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲ ਸਕਣ।



## ਦਿੱਲੀ ਅਕਾਲੀ ਦਲ ਦੇ ਮਰਦ ਆਗੂਆਂ ਪਿੱਛੋਂ ਇਸਤਰੀ ਆਗੂਆਂ ਦਾ ਝਗੜਾ ਵੀ ਵਧਿਆ

*** ਤਿੰਨ ਇਸਤਰੀ ਅਕਾਲੀ ਆਗੂਆਂ ਵੱਲੋਂ ਅਸਤੀਫ਼ਾ**

ਨਵੀਂ ਦਿੱਲੀ, 14 ਜੁਲਾਈ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਦੀ ਦਿੱਲੀ ਇਕਾਈ ਦਾ ਝਗੜਾ ਰੁਕਣ ਦੀ ਥਾਂ ਵਧੀ ਜਾ ਰਿਹਾ ਹੈ ਅਤੇ ਇਹ ਲੜਾਈ ਇਸਤਰੀ ਅਕਾਲੀ ਦਲ ਵਿੱਚ ਵੀ ਚੱਲ ਪਈ ਹੈ। ਪਾਰਟੀ ਦੀ ਦਿੱਲੀ ਵਿਚਲੀ ਲੀਡਰਸ਼ਿਪ ਤੋਂ ਨਾਰਾਜ਼ ਇਸ ਦੀਆਂ ਤਿੰਨ ਅਹੁਦੇਦਾਰ ਬੀਬੀਆਂ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਤੇ ਕਿਹਾ ਹੈ ਕਿ ਪਾਰਟੀ ਆਪਣੇ ਉਦੇਸ਼ਾਂ ਤੋਂ ਭਟਕ ਗਈ ਹੈ ਅਤੇ ਪੰਥਕ ਸੇਵਾ ਵਾਲੇ ਆਗੂਆਂ ਨਾਲ ਭੇਦਭਾਵ ਕੀਤਾ ਜਾਂਦਾ ਹੈ।

ਦਿੱਲੀ ਦੀ ਸਿੱਖ ਸਿਆਸਤ ਵਿਚ ਕੁਝ ਹਫਤੇ ਪਹਿਲਾਂ ਆਪਣੇ ਸਨਮਾਨ ਦੀ ਲੜਾਈ ਖਾਤਰ ਮਨਜੀਤ ਸਿੰਘ ਜੀ ਕੇ ਨੂੰ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ ਐੱਸ ਜੀ ਪੀ ਸੀ) ਅਤੇ ਬਾਦਲ ਅਕਾਲੀ ਦਲ ਦੀ ਸੂਬਾ ਪ੍ਰਧਾਨਗੀ ਛੱਡ ਦਿੱਤੀ ਸੀ ਤੇ ਫਿਰ ਉਨ੍ਹਾਂ ਨੂੰ ਪਾਰਟੀ ਤੋਂ ਹੀ ਕੱਢ ਦਿੱਤਾ ਗਿਆ। ਉਨ੍ਹਾਂ ਦੀ ਥਾਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਬਣਾਏ ਜਾਣ ਪਿੱਛੋਂ ਵੀ ਪਾਰਟੀ ਅੰਦਰ ਵਿੱਚ ਲੜਾਈ ਖ਼ਤਮ ਨਹੀਂ ਹੋਈ, ਸਗੋਂ ਮਰਦ ਆਗੂਆਂ ਤੋਂ ਪਿੱਛੋਂ ਇਸਤਰੀ ਅਕਾਲੀ ਆਗੂਆਂ ਵਿੱਚ ਬਗ਼ਾਵਤ ਉੱਠ ਪਈ ਹੈ। ਆਪਣੀ ਅਣਦੇਖੀ ਦਾ ਦੋਸ਼ ਲਾਉਂਦੇ ਹੋਏ ਇਸਤਰੀ ਅਕਾਲੀ ਦਲ ਦੀ ਸੀਨੀਅਰ ਉਪ ਪ੍ਰਧਾਨ ਅਮਰਜੀਤ ਕੌਰ ਪਿੰਕੀ, ਜਨਰਲ ਸਕੱਤਰ ਹਰਪ੍ਰੀਤ ਕੌਰ ਤੇ ਜਾਇੰਟ ਸੈਕਟਰੀ ਇਸ਼ਪ੍ਰੀਤ ਕੌਰ ਨਾਰੰਗ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਨ੍ਹਾਂ ਤਿੰਨਾਂ ਨੇ ਕਿਹਾ ਕਿ ਪਾਰਟੀ ਬੈਠਕ ਤੇ ਪ੍ਰੋਗਰਾਮਾਂ ਦੀ ਜਾਣਕਾਰੀ ਸਾਨੂੰ ਨਹੀਂ ਦਿੱਤੀ ਜਾਂਦੀ, ਸੋਸ਼ਲ ਮੀਡੀਆ ਤੋਂ ਪਤਾ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮਾਂ ਦੀ ਕਮੇਟੀ ਵਿਚ ਵੀ ਪੁਰਾਣੇ ਆਗੂਆਂ ਤੇ ਅਹੁਦੇਦਾਰਾਂ ਨੂੰ ਨਹੀਂ ਰੱਖਿਆ। ਕੁਝ ਲੋਕ ਮਰਜ਼ੀ ਨਾਲ ਸਾਰੇ ਫ਼ੈਸਲੇ ਲੈ ਰਹੇ ਹਨ।

ਵਰਨਣ ਯੋਗ ਹੈ ਕਿ ਬੀਬੀ ਹਰਪ੍ਰੀਤ ਕੌਰ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਚਲਾਏ ਜਾਂਦੇ ਬਿਰਧ ਆਸ਼ਰਮ ਦੇ ਵਾਈਸ ਚੇਅਰਪਰਸਨ ਵੀ ਹਨ ਅਤੇ ਉਨ੍ਹਾਂ ਨੇ ਇਸ ਅਹੁਦੇ ਤੋਂ ਵੀ ਅਸਤੀਫ਼ਾ ਦੇ ਕੇ ਕਿਹਾ ਹੈ ਕਿ ਸੀਨੀਅਰ ਆਗੂਆਂ ਤੇ ਅਹੁਦੇਦਾਰਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਤੇ ਬਿਰਧ ਆਸ਼ਰਮ ਵਿਚ ਸਮਰਪਣ ਦੀ ਭਾਵਨਾ ਨਾਲ ਕੰਮ ਕਰਦੇ ਵਰਕਰਾਂ ਨੂੰ ਕੱਢਿਆ ਗਿਆ ਤੇ ਓਥੇ ਰਹਿੰਦੇ ਬਜ਼ੁਰਗਾਂ ਉੱਤੇ ਕਈ ਪਾਬੰਦੀਆਂ ਲਾ ਦਿੱਤੀਆਂ ਹਨ। ਸੇਵਾ ਕਰਨ ਵਾਲਿਆਂ ਨੂੰ ਬਿਮਾਰ ਬਜ਼ੁਰਗਾਂ ਦੇ ਇਲਾਜ ਤੋਂ ਵੀ ਰੋਕ ਦਿੱਤਾ ਗਿਆ ਹੈ। ਇਸ ਲਈ ਇਸ ਅਹੁਦੇ ਉੱਤੇ ਰਹਿਣ ਦੀ ਕੋਈ ਅਰਥ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੀ ਨਵੀਂ ਕਾਰਜਕਾਰਨੀ ਦੇ ਬਣਨ ਪਿੱਛੋਂ ਸਥਿਤੀ ਲਗਾਤਾਰ ਵਿਗੜਦੀ ਗਈ ਹੈ।

ਦੂਸਰੇ ਪਾਸੇ ਇਸਤਰੀ ਅਕਾਲੀ ਦਲ ਦੀ ਸੂਬਾ ਪ੍ਰਧਾਨ ਰਣਜੀਤ ਕੌਰ ਦੇ ਮੁਤਾਬਕ ਅਸਤੀਫ਼ਾ ਦੇਣ ਵਾਲੀਆਂ ਤਿੰਨ ਅਹੁਦੇਦਾਰਾਂ ਦੇ ਦੋਸ਼ ਵਾਧੂ ਦੇ ਹਨ। ਪਾਰਟੀ ਬੈਠਕ, ਪ੍ਰੋਗਰਾਮ ਅਤੇ ਜ਼ਰੂਰੀ ਸੰਦੇਸ਼ ਦੇਣ ਲਈ ਵ੍ਹਟਸਐਪ ਗਰੁੱਪ ਬਣਿਆ ਹੋਇਆ ਹੈ, ਪ੍ਰੰਤੂ ਇਹ ਮੈਂਬਰ ਬੀਬੀਆਂ ਬੈਠਕਾਂ ਵਿੱਚ ਨਹੀਂ ਆਉਂਦੀਆਂ, ਕਿਉਂਕਿ ਇਹ ਤਿੰਨੇ ਮੈਂਬਰ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਵਾਲੇ ਧੜੇ ਨਾਲ ਜੁੜੀਆਂ ਹੋਈਆਂ ਹਨ।

### ਗੋਆ ਦਾ ਰਾਜਸੀ ਤਮਾਸ਼ਾ

## ਕਾਂਗਰਸ ਛੱਡ ਕੇ ਆਏ ਚਾਰ ਵਿਧਾਇਕ ਭਾਜਪਾ ਨੇ ਮੰਤਰੀ ਬਣਾਏ

*** ਦਲ-ਬਦਲੂ ਡਿਪਟੀ ਸਪੀਕਰ ਵੀ ਮੰਤਰੀ ਬਣਾ ਦਿੱਤਾ ਗਿਆ**



ਪਣਜੀ, 14 ਜੁਲਾਈ, (ਪੋਸਟ ਬਿਊਰੋ)- ਆਪਣੀ ਨਿਵੇਕਲੀ ਦਿੱਖ ਲਈ ਜਾਣੇ ਜਾਂਦੇ ਗੋਆ ਦੀ ਭਾਜਪਾ ਸਰਕਾਰ ਨੇ ਅੱਜ ਸ਼ਨੀਵਾਰ ਚਾਰ ਨਵੇਂ ਮੰਤਰੀਆਂ ਨੇ ਅਹੁਦੇ ਦੀ ਸਹੁੰ ਚੁਕਾਈ ਹੈ। ਸਿਆਸੀ ਘਟਨਾਵਾਂ ਦੀ ਤਿੱਖੀ ਤੋਰ ਦੌਰਾਨ ਵਿਰੋਧੀ ਧਿਰ ਦੇ ਸਾਬਕਾ ਨੇਤਾ ਚੰਦ੍ਰਕਾਂਤ ਕਾਵਲੇਕਰ, ਫਿਲਿਪ ਨੇਰੀ ਰੋਡ੍ਰਿਗਸ ਅਤੇ ਜੇਨੀਫਰ ਮੋਨਸੇਰਾਟ ਨੂੰ ਮੰਤਰੀ ਬਣਾ ਦਿੱਤਾ ਗਿਆ ਹੈ। ਇਹ ਤਿੰਨੇ ਜਣੇ ਇੱਕ ਦਿਨ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਆਏ 10 ਵਿਧਾਇਕਾਂ ਵਿੱਚੋਂ ਹਨ। ਇਨ੍ਹਾਂ ਨਾਲ ਵਿਧਾਨ ਸਭਾ ਦੇ ਡਿਪਟੀ ਸਪੀਕਰ ਮਾਈਕਲ ਲੋਬੋ ਨੂੰ ਵੀ ਮੰਤਰੀ ਬਣਾਇਆ ਗਿਆ ਹੈ।

ਰਾਜ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਬੀਤੇ ਸ਼ੁੱਕਰਵਾਰ ਨੂੰ ਗੋਆ ਫਾਰਵਰਡ ਪਾਰਟੀ (ਜੀ ਐੱਫ ਪੀ) ਦੇ ਤਿੰਨ ਵਿਧਾਇਕਾਂ ਅਤੇ ਆਜਾਦ ਵਿਧਾਇਕ ਰੋਹਤ ਖੁੰਟੇ ਦਾ ਮੰਤਰੀ ਮੰਡਲ ਤੋਂ ਅਸਤੀਫਾ ਮੰਗ ਲਿਆ ਸੀ। ਤਿੰਨ ਮਹੀਨੇ ਪਹਿਲਾਂ ਮੁੱਖ ਮੰਤਰੀ ਅਹੁਦਾ ਸੰਭਾਲਣ ਪਿੱਛੋਂ ਪ੍ਰਮੋਦ ਸਾਵੰਤ ਨੇ ਦੂਜੀ ਵਾਰ ਮੰਤਰੀ ਮੰਡਲ ਦਾ ਫੇਰਬਦਲ ਕੀਤਾ ਹੈ। ਨੋਟੀਫਿਕੇਸ਼ਨ ਦੇ ਅਨੁਸਾਰ ਚਾਰ ਮੰਤਰੀਆਂ: ਉਪ ਮੁੱਖ ਮੰਤਰੀ ਵਿਜੇ ਸਰਦੇਸਾਈ, ਜਲ ਸਰੋਤਾਂ ਬਾਰੇ ਮੰਤਰੀ ਵਿਨੋਦ ਪਾਲੇਕਰ, ਪੇਂਡੂ ਵਿਕਾਸ ਮੰਤਰੀ ਜਯੇਸ਼ ਸਾਲਗਾਂਵਕਰ (ਸਾਰੇ ਜੀ ਐੱਫ ਪੀ ਦੇ ਵਿਧਾਇਕ) ਅਤੇ ਮਾਲ ਮੰਤਰੀ ਰੋਹਤ ਖੁੰਟੇ (ਆਜਾਦ) ਨੂੰ ਮੰਤਰੀ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਵਿਧਾਨ ਸਭਾ ਦੇ ਡਿਪਟੀ ਸਪੀਕਰ ਮਾਈਕਲ ਲੋਬੋ ਨੇ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਤੋਂ ਕੁਝ ਦੇਰ ਪਹਿਲਾਂ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤੇ ਕਿਹਾ ਕਿ ਉਨ੍ਹਾਂ ਤੋਂ ਇਲਾਵਾ ਚੰਦ੍ਰਕਾਂਤ ਕਾਵਲੇਕਰ, ਫਿਲਿਪ ਨੇਰੀ ਰਾਡ੍ਰਿਗਜ ਤੇ ਜੇਨਿਫਰ ਮੋਨਸੇਰਾਤ ਨੂੰ ਨਵੇਂ ਮੰਤਰੀ ਬਣਾਇਆ ਗਿਆ ਹੈ। ਜੇਨਿਫਰ ਮੋਨਸੇਰਾਤ ਗੋਆ ਵਿੱਚ ਪਣਜੀ ਹਲਕੇ ਤੋਂ ਵਿਧਾਇਕ ਅਤਾਨਾਸਿਓ ਮੋਨਸੇਰਾਤ ਦੀ ਪਤਨੀ ਹੈ। ਪਹਿਲਾਂ ਇਹ ਅਟਕਲਾਂ ਸਨ ਕਿ ਅਤਾਨਾਸੀਓ ਨੂੰ ਵੀ ਮੰਤਰੀ ਬਣਾਇਆ ਜਾਵੇਗਾ। ਵਰਨਣ ਯੋਗ ਹੈ ਕਿ ਗੋਆ ਵਿਧਾਨ ਸਭਾ ਵਿੱਚ ਚੰਦ੍ਰਕਾਂਤ ਕਾਵਲੇਕਰ ਸਮੇਤ ਕਾਂਗਰਸ ਦੇ 10 ਵਿਧਾਇਕਾਂ ਨੇ ਬੁੱਧਵਾਰ ਰਾਤ ਦਲ-ਬਦਲੀ ਕਰ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਇਸ ਮਗਰੋਂ ਗੋਆ ਦੀ 40 ਮੈਂਬਰੀ ਵਿਧਾਨ ਸਭਾ ਵਿੱਚ ਕਾਂਗਰਸ ਦੇ ਪੰਜ ਵਿਧਾਇਕ ਰਹਿ ਗਏ ਤੇ ਭਾਜਪਾ ਦੇ 27 ਹੋ ਗਏ ਸਨ।

### ਧੂੜ-ਮਿੱਟੀ ਵਿੱਚ ਖੇਡਣ ਨਾਲ ਬੱਚਿਆਂ ਨੂੰ ਬੀਮਾਰੀਆਂ ਲੜਨ ਦੀ ਤਾਕਤ ਮਿਲੇਗੀ

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਬੱਚੇ ਬਿਮਾਰ ਹੋਣ ਤੋਂ ਬਚਾਉਣ ਲਈ ਮਾਪੇ ਹਰ ਯਤਨ ਕਰਦੇ ਤੇ ਤਕਨੀਕ ਅਤੇ ਚੇਤੰਨਤਾ ਦੇ ਪਸਾਰ ਨਾਲ ਬੱਚਿਆਂ ਨੂੰ ਜਰਾਸੀਮਾਂ ਤੋਂ ਬਚਾਉਣ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ। ਨਵੀਂ ਖੋਜ ਵਿੱਚ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਅੱਗੇ ਜਾ ਕੇ ਖ਼ੂਨ ਦੇ ਕੈਂਸਰ ਦੇ ਖਤਰੇ ਦੇ ਘੇਰੇ ਵਿੱਚ ਆ ਸਕਦੇ ਹਨ। ਖੋਜਕਾਰਾਂ ਨੇ ਸਿਫਾਰਸ਼ ਕੀਤੀ ਹੈ ਕਿ ਮਾਪੇ ਬੱਚਿਆਂ ਨੂੰ ਘਰੋਂ ਬਾਹਰ ਮਿੱਟੀ-ਧੂੜ ਵਿੱਚ ਵੀ ਖੇਡਣ ਦੇਣ ਤਾਂ ਕਿ ਰੋਗਾਂ ਨਾਲ ਲੜਨ ਦੀ ਉਨ੍ਹਾਂ ਦੀ ਸ਼ਕਤੀ ਮਜ਼ਬੂਤ ਹੋ ਸਕੇ। ਇਸ ਪਿੱਛੇ ਕਾਰਨ ਇਹ ਹੈ ਕਿ ਪਹਿਲੇ ਸੱਤ ਸਾਲਾਂ ਵਿੱਚ ਜਿਹੜੇ ਬੱਚੇ ਬਿਮਾਰੀਆਂ ਦਾ ਸਾਹਮਣਾ ਕਰਦੇ ਹਨ, ਉਨ੍ਹਾਂ ਦੀਆਂ ਬਿਮਾਰੀਆਂ ਨਾਲ ਟਾਕਰਾ ਕਰਨ ਦੀ ਤਾਕਤ ਵਧ ਜਾਂਦੀ ਹੈ। ਨੇਚਰ ਰਿਵਿਊਜ਼ ਕੈਂਸਰ ਨਾਂਅ ਦੇ ਰਸਾਲੇ ਦੇ ਇੱਕ ਲੇਖ ਮੁਤਾਬਕ ਐਕਿਊਟ ਲਿਫੋਬਲਾਸਟਿਕ ਲਿਊਕੇਮੀਆ, ਜਿਹੜਾ ਬੱਚਿਆਂ ਦਾ ਆਮ ਜਿਹਾ ਕੈਂਸਰ ਹੈ, ਵਿੱਚ ਦੋ ਪੜਾਅ ਹਨ। ਪਹਿਲਾ ਪੜਾਅ ਜਨਮ ਤੋਂ ਪਹਿਲਾਂ ਜੀਨ ਵਿੱਚ ਤਬਾਦਲਾ ਹੋਣ ਦਾ ਨਤੀਜਾ ਹੈ ਅਤੇ ਦੂਜੇ ਦੀ ਵਜ੍ਹਾ ਹੈ ਬਚਪਨ ਵਿੱਚ ਜ਼ਿਆਦਾ ਸਾਫ-ਸੁਥਰੇ ਰਹਿਣ ਕਾਰਨ ਕਿਸੇ ਪ੍ਰਕਾਰ ਦੀ ਬਿਮਾਰੀ ਦਾ ਨਾ ਹੋਣਾ। ਜਿਨ੍ਹਾਂ ਬੱਚਿਆਂ ਨੂੰ ਪਹਿਲੇ ਸਾਲ ਜ਼ਿਆਦਾ ਸਾਫ-ਸਫਾਈ ਵਿੱਚ ਰੱਖਿਆ ਜਾਂਦਾ ਹੈ ਉਨ੍ਹਾਂ ਵਿੱਚ ਲਿੰਫੋਬਲਾਸਟਿਕ ਲਿਊਕੇਮੀਆ ਹੋਣ ਦੀ ਸੰਭਾਵਨਾ ਵੱਧ ਰਹਿੰਦੀ ਹੈ।

## ਕਰਨਾਟਕ ਦੇ ਬਾਗੀ ਵਿਧਾਇਕਾਂ ਨੂੰ 16 ਜੁਲਾਈ ਤੱਕ ਰਾਹਤ



ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਰਨਾਟਕ ਦੇ ਸਿਆਸੀ ਸੰਕਟ ਬਾਰੇ ਅਹਿਮ ਹੁਕਮ ਰਾਹੀਂ ਸਪੀਕਰ ਕੇ ਆਰ ਰਮੇਸ਼ ਕੁਮਾਰ ਨੂੰ ਅਗਲੇ ਮੰਗਲਵਾਰ 16 ਜੁਲਾਈ ਤੱਕ ਕਾਂਗਰਸ-ਜਨਤਾ ਦਲ (ਸੈਕੂਲਰ) ਦੇ ਗਠਜੋੜ ਦੇ 10 ਬਾਗੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਅਤੇ ਉਨ੍ਹਾਂ ਦੇ ਅਸਤੀਫਿਆਂ ਬਾਰੇ ਕੋਈ ਫੈਸਲਾ ਲੈਣ ਤੋਂ ਰੋਕ ਦਿੱਤਾ ਹੈ। ਸਿਆਸੀ ਸੰਕਟ ਵਿੱਚੋਂ ਗੰਭੀਰ ਮੁੱਦੇ ਉਭਰ ਕੇ ਸਾਹਮਣੇ ਆਉਣ ਦਾ ਹਵਾਲਾ ਦਿੰਦਿਆਂ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਇਸ ਬਾਰੇ 16 ਜੁਲਾਈ ਨੂੰ ਵਿਚਾਰ ਕੀਤਾ ਜਾਵੇਗਾ ਤੇ ਉਸ ਵਕਤ ਤੱਕ ਸਥਿਤੀ ਨੂੰ ਜਿਉਂ ਦਾ ਤਿਉਂ ਰੱਖਿਆ ਜਾਵੇ। ਬੈਂਚ ਨੇ ਹੁਕਮਾਂ ਵਿੱਚ ਉਚੇਚਾ ਜ਼ਿਕਰ ਕੀਤਾ ਕਿ ਸਪੀਕਰ ਬਾਗੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਜਾਂ ਉਨ੍ਹਾਂ ਦੇ ਅਸਤੀਫਿਆਂ ਦੇ ਮੁੱਦੇ ਬਾਰੇ ਕੋਈ ਫੈਸਲਾ ਨਹੀਂ ਲਵੇਗਾ ਤਾਂ ਜੋ ਅਦਾਲਤ ਇਸ ਕੇਸ ਵਿੱਚ ਉਭਾਰੇ ਗਏ ਵੱਡੇ ਮੁੱਦਿਆਂ 'ਤੇ ਫੈਸਲਾ ਸੁਣਾ ਸਕੇ।

ਇਸ ਮੌਕੇ ਅਦਾਲਤੀ ਬੈਂਚ ਨੇ ਕਰਨਾਟਕ ਦੇ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਅਤੇ ਸਪੀਕਰ ਵੱਲੋਂ ਸੰਵਿਧਾਨ ਦੀ ਧਾਰਾ 32 ਹੇਠ ਬਾਗੀ ਵਿਧਾਇਕਾਂ ਦੀ ਪਟੀਸ਼ਨ ਦੀ ਵੈਧਤਾ ਬਾਰੇ ਵੀ ਵਿਚਾਰ ਕੀਤਾ। ਕੇਸ ਸੰਵਿਧਾਨ ਦੀ ਧਾਰਾ 190 ਅਤੇ 361 ਨਾਲ ਸੰਬੰਧਤ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਕੀ ਸਪੀਕਰ ਵਿਧਾਇਕਾਂ ਦੇ ਅਸਤੀਫੇ ਸਵੀਕਾਰ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਯੋਗ ਠਹਿਰਾਉਣ ਲਈ ਪਾਬੰਦ ਹੈ। ਬੈਂਚ ਨੇ ਬਾਗੀ ਵਿਧਾਇਕਾਂ ਦੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਦੀਆਂ ਦਲੀਲਾਂ ਨੂੰ ਵੀ ਧਿਆਨ ਨਾਲ ਸੁਣਿਆ, ਜਿਨ੍ਹਾਂ ਨੇ ਸਪੀਕਰ ਦੇ ਉਸ ਫੈਸਲੇ ਦਾ ਵਿਰੋਧ ਕੀਤਾ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਕਰਨਾਟਕ ਵਿੱਚ ਵਿਧਾਇਕਾਂ ਦੇ ਅਸਤੀਫਾ ਦਾ ਨਿਪਟਾਰਾ ਕਰਨ ਤੋਂ ਪਹਿਲਾਂ ਹਾਕਮ ਗਠਜੋੜ ਵੱਲੋਂ ਅਯੋਗ ਠਹਿਰਾਏ ਜਾਣ ਦੀ ਅਰਜ਼ੀ ਦਾ ਪਹਿਲਾਂ ਫੈਸਲਾ ਲੈਣਾ ਪਵੇਗਾ। ਹੁਕਮ ਸੁਣਾਉਣ ਤੋਂ ਪਹਿਲਾਂ ਬੈਂਚ ਨੇ ਸਪੀਕਰ ਦੇ ਵਕੀਲ ਏ ਐਮ ਸਿੰਘਵੀ ਤੋਂ ਪੁੱਛਿਆ ਕਿ ਸਪੀਕਰ ਸੱਤਾ ਤੇ ਸੁਪਰੀਮ ਕੋਰਟ ਦੀ ਤਾਕਤ ਨੂੰ ਚੁਣੌਤੀ ਦੇ ਰਹੇ ਹਨ। ਕੀ ਇਹ ਉਨ੍ਹਾਂ ਦਾ ਕੇਸ ਹੈ। ਕੀ ਤੁਸੀਂ ਆਖਦੇ ਹੋ ਕਿ ਸਾਨੂੰ (ਸੁਪਰੀਮ ਕੋਰਟ) ਸਪੀਕਰ ਦੇ ਕੇਸ ਤੋਂ ਵੱਖ ਰਹਿਣਾ ਚਾਹੀਦਾ ਹੈ? ਤੁਹਾਡੇ ਵਿਚਾਰ ਨਾਲ ਉਨ੍ਹਾਂ ਦੇ ਅਸਤੀਫਿਆਂ ਤੋਂ ਪਹਿਲਾਂ ਅਯੋਗਤਾ ਬਾਰੇ ਫੈਸਲਾ ਲੈਣਾ ਸਪੀਕਰ ਦਾ ਫਰਜ਼ ਬਣਦਾ ਹੈ। ਸਿੰਘਵੀ ਨੇ ਇਸ ਦਾ ਹਾਂ ਵਿੱਚ ਜਵਾਬ ਦਿੱਤਾ ਤਾਂ ਰੋਹਤਗੀ ਨੇ ਕਿਹਾ ਕਿ ਸਪੀਕਰ ਨੇ ਇਨ੍ਹਾਂ ਅਸਤੀਫਿਆਂ 'ਤੇ ਫੈਸਲਾ ਇਸ ਕਰ ਕੇ ਨਹੀਂ ਲਿਆ ਤਾਂ ਜੋ ਪਾਰਟੀ ਵ੍ਹਿਪ ਦੀ ਉਲੰਘਣਾ ਕਰਨ 'ਤੇ ਉਨ੍ਹਾਂ ਨੂੰ ਮੈਂਬਰੀ ਦੇ ਅਯੋਗ ਠਹਿਰਾ ਸਕੇ।

ਰੋਹਤਗੀ ਨੇ ਕਿਹਾ, ਸਪੀਕਰ ਦੋ ਘੋੜਿਆਂ 'ਤੇ ਸਵਾਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇੱਕ ਪਾਸੇ ਉਹ ਆਖਦੇ ਹਨ ਕਿ ਉਨ੍ਹਾਂ ਨੂੰ ਅਸਤੀਫਿਆਂ ਦੀ ਜਾਂਚ ਲਈ ਸਮੇਂ ਦੀ ਲੋੜ ਹੈ, ਦੂਜੇ ਪਾਸੇ ਉਹ ਸੁਪਰੀਮ ਕੋਰਟ ਦੀ ਤਾਕਤ 'ਤੇ ਸਵਾਲ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਪੀਕਰ ਵੱਲੋਂ ਅਦਾਲਤ ਦੀ ਤੌਹੀਨ ਮੰਨੀ ਜਾਣੀ ਚਾਹੀਦੀ ਹੈ। ਸਿੰਘਵੀ ਨੇ ਕਿਹਾ ਕਿ ਸਪੀਕਰ ਵਿਧਾਨ ਸਭਾ ਦਾ ਬਹੁਤ ਸੀਨੀਅਰ ਮੈਂਬਰ ਹੁੰਦਾ ਹੈ ਤੇ ਉਹ ਸੰਵਿਧਾਨ ਜਾਣਦਾ ਹੈ। ਉਨ੍ਹਾਂ ਦੀ ਇੰਝ ਨਿੰਦਾ ਨਹੀਂ ਕੀਤੀ ਜਾ ਸਕਦੀ ਅਤੇ ਮਖੌਲ ਨਹੀਂ ਉਡਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਦਲਬਦਲੀ ਕਾਨੂੰਨ ਤਹਿਤ ਵਿਧਾਇਕਾਂ ਨੂੰ ਅਯੋਗ ਠਹਿਰਾਇਆ ਜਾ ਸਕਦਾ ਹੈ ਤੇ ਇਹ ਫੈਸਲਾ ਸਪੀਕਰ ਵੱਲੋਂ ਉਨ੍ਹਾਂ ਦੇ ਅਸਤੀਫਿਆਂ ਤੋਂ ਪਹਿਲਾਂ ਲਿਆ ਜਾ ਸਕਦਾ ਹੈ।

### ਸਾਬਕਾ ਅੱਤਵਾਦੀਆਂ ਦੀਆਂ ਪਤਨੀਆਂ ਨੇ ਨਾਗਰਿਕਤਾ ਦੇਣ ਜਾਂ ਪਾਕਿ ਵਾਪਸ ਭੇਜਣ ਦੀ ਮੰਗ ਚੁੱਕੀ

ਸ੍ਰੀਨਗਰ, 14 ਜੁਲਾਈ (ਪੋਸਟ ਬਿਊਰੋ)- ਕੰਟਰੋਲ ਰੇਖਾ ਦੇ ਪਾਰ ਤੋਂ ਮੁੜ ਵਸੇਬਾ ਯੋਜਨ ਹੇਠ ਵਾਪਸ ਆਏ ਸਾਬਕਾ ਕਸ਼ਮੀਰੀ ਅੱਤਵਾਦੀਆਂ ਦੀਆਂ ਪਾਕਿਸਤਾਨੀ ਪਤਨੀਆਂ ਨੇ ਕੱਲ੍ਹ ਕੇਂਦਰ ਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਜਾਂ ਭਾਰਤੀ ਨਾਗਰਿਕਤਾ ਦਿੱਤੀ ਜਾਵੇ ਜਾਂ ਵਾਪਸ ਭੇਜ ਦਿੱਤਾ ਜਾਵੇ। ਇਸ ਬਾਰੇ ਐਬਟਾਬਾਦ ਦੀ ਰਹਿਣ ਵਾਲੀ ਤੈਯਬਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਅਸੀਂ ਕੁੱਲ 350 ਔਰਤਾਂ ਹਾਂ ਤੇ ਸਾਨੂੰ ਇਥੇ ਨਾਗਰਿਕ ਬਣਾਇਆ ਜਾਵੇ, ਜਿਵੇਂ ਕਿਸੇ ਵੀ ਦੇਸ਼ ਵਿੱਚ ਮਰਦਾਂ ਨਾਲ ਵਿਆਹ ਕਰਨ ਵਾਲੀਆਂ ਔਰਤਾਂ ਨਾਲ ਹੁੰਦਾ ਹੈ। ਅਸੀਂ ਭਾਰਤ ਸਰਕਾਰ ਤੇ ਸੂਬਾ ਸਰਕਾਰ ਨੂੰ ਅਪੀਲ ਕਰਦੀਆਂ ਹਾਂ ਕਿ ਜਾਂ ਤਾਂ ਸਾਨੂੰ ਪਾਸਪੋਰਟ ਦਿੱਤਾ ਜਾਵੇ ਜਾਂ ਵਾਪਸ ਜਾਣ ਦੇ ਡਾਕੂਮੈਂਟ ਦਿੱਤੇ ਜਾਣ। ਔਰਤਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਜੰਮੂ ਕਸ਼ਮੀਰ ਦੇ ਗਵਰਨਰ ਐੱਸ ਪੀ ਮਲਿਕ ਦੇ ਨਾਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੋਂ ਮਦਦ ਦੀ ਗੁਹਾਰ ਲਾਈ ਹੈ ਤਾਂ ਕਿ ਉਨ੍ਹਾਂ ਦੀ ਦਿੱਕਤ ਦੂਰ ਹੋ ਸਕੇ। ਇਨ੍ਹਾਂ ਔਰਤਾਂ ਨੇ ਯੂ ਐੱਨ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਕੇਸ ਵਿੱਚ ਭਾਰਤ ਤੇ ਪਾਕਿਸਤਾਨ ਨਾਲ ਗੱਲਬਾਤ ਕਰਨ।

## ਸਾਬਕਾ ਕ੍ਰਿਕਟਰ ਸਹਿਵਾਗ ਦੀ ਪਤਨੀ ਨਾਲ ਵਪਾਰਕ ਭਾਈਵਾਲਾਂ ਦੀ ਧੋਖਾਧੜੀ

ਨਵੀਂ ਦਿੱਲੀ, 14 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਪ੍ਰਮੁੱਖ ਸਾਬਕਾ ਕ੍ਰਿਕਟ ਖਿਡਾਰੀ ਵੀਰੇਂਦਰ ਸਹਿਵਾਗ ਦੀ ਪਤਨੀ ਆਰਤੀ ਸਹਿਵਾਗ ਨੇ ਆਪਣੇ ਵਪਾਰਕ ਭਾਈਵਾਲਾਂ ਦੇ ਖਿਲਾਫ ਆਰਥਿਕ ਅਪਰਾਧ ਸੈੱਲ (ਈ ਓ ਡਬਲਯੂ) 'ਚ ਧੋਖਾਧੜੀ ਦੀ ਸ਼ਿਕਾਇਤ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਭਾਈਵਾਲਾਂ ਨੇ ਧੋਖਾਧੜੀ ਰਾਹੀਂ ਉਸ ਦੇ ਫਰਜ਼ੀ ਦਸਤਖਤ ਦੀ ਵਰਤੋਂ ਕਰ ਕੇ 4.5 ਕਰੋੜ ਰੁਪਏ ਕਰਜ਼ਾ ਲੈ ਲਿਆ, ਜਿਸ ਨੂੰ ਬਾਅਦ ਵਿੱਚ ਮੋੜਿਆ ਹੀ ਨਹੀਂ ਗਿਆ। ਇਸ ਸੰਬੰਧ ਵਿੱਚ ਆਰਤੀ ਨੇ ਦੱਸਿਆ ਕਿ ਉਹ ਰੋਹਿਤ ਕੱਕੜ ਨਾਂਅ ਦੇ ਵਿਅਕਤੀ ਦੀ ਕੰਪਨੀ ਵਿੱਚ ਭਾਈਵਾਲ ਬਣੀ ਸੀ। ਦਿੱਲੀ ਦੇ ਅਸ਼ੋਕ ਵਿਹਾਰ ਇਲਾਕੇ ਵਿੱਚ ਇਸ ਕੰਪਨੀ ਦੇ ਦੂਜੇ ਭਾਈਵਾਲਾਂ ਨੇ ਆਰਤੀ ਦੀ ਜਾਣਕਾਰੀ ਦੇ ਬਿਨਾਂ ਹੀ ਇੱਕ ਦੂਜੀ ਬਿਲਡਰ ਕੰਪਨੀ ਨੂੰ ਦੱਸਿਆ ਕਿ ਕੰਪਨੀ ਨਾਲ ਵੀਰੇਂਦਰ ਸਹਿਵਾਗ ਵਰਗੇ ਮਸ਼ਹੂਰ ਖਿਡਾਰੀ ਦੀ ਪਤਨੀ ਜੁੜੀ ਹੋਈ ਹੈ ਤੇ ਇਸ ਤਰ੍ਹਾਂ ਉਸ ਦੇ ਪਤੀ ਵੀਰੇਂਦਰ ਦੇ ਨਾਂਅ ਦੀ ਵਰਤੋਂ ਕਰ ਕੇ ਦੂਜੀ ਕੰਪਨੀ ਤੋਂ ਕਰੀਬ ਸਾਢੇ ਚਾਰ ਲੱਖ ਰੁਪਏ ਕਰਜ਼ਾ ਲੈ ਲਿਆ, ਪਰ ਇਸ ਲਈ ਆਰਤੀ ਨੇ ਦਸਤਖਤ ਨਹੀਂ ਕੀਤੇ ਸਨ।

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਏ ਡੀ ਸੀ ਬੈਂਕ ਮਾਣਹਾਨੀ ਕੇਸ ਵਿੱਚ ਰਾਹੁਲ ਗਾਂਧੀ ਅਦਾਲਤ ਵਿੱਚ ਪੇਸ਼




ਅਹਿਮਦਾਬਾਦ, 14 ਜੁਲਾਈ (ਪੋਸਟ ਬਿਊਰੋ)- ਅਹਿਮਦਾਬਾਦ ਜ਼ਿਲ੍ਹਾ ਕੋਆਪਰੇਟਿਵ ਬੈਂਕ (ਏ ਡੀ ਸੀ ਬੈਂਕ) ਵਿੱਚ ਦੋ ਸਾਲ ਪਹਿਲਾਂ ਨੋਟਬੰਦੀ ਦੌਰਾਨ ਵੱਡੀ ਪੱਧਰ ਉਤੇ ਰੱਦ ਕੀਤੇ ਗਏ ਨੋਟ ਜਮ੍ਹਾਂ ਕੀਤੇ ਜਾਣ ਬਾਰੇ ਦਿੱਤੇ ਬਿਆਨਾਂ ਦੇ ਕਾਰਨ ਕਾਂਗਰਸ ਨੇਤਾ ਰਾਹੁਲ ਗਾਂਧੀ ਕੱਲ੍ਹ ਗੁਜਰਾਤ ਦੇ ਅਹਿਮਦਾਬਾਦ ਦੀ ਅਦਾਲਤ ਵਿੱਚ ਪੇਸ਼ ਹੋਏ, ਜਿੱਥੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਗਈ। ਪਿਛਲੇ ਸਾਲ ਅਗਸਤ ਵਿੱਚ ਏ ਡੀ ਸੀ ਬੈਂਕ ਦੇ ਚੇਅਰਮੈਨ ਅਜੈ ਪਟੇਲ ਨੇ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਸੀ। ਇਸ ਬੈਂਕ ਦੇ ਡਾਇਰੈਕਟਰਾਂ ਦੇ ਬੋਰਡ ਵਿੱਚ ਭਾਜਪਾ ਦੇ ਪ੍ਰਧਾਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਸ਼ਾਮਲ ਹਨ। ਉਨ੍ਹਾਂ ਨੇ ਇਸ ਕੇਸ ਵਿੱਚ ਕਾਂਗਰਸ ਦੇ ਕੌਮੀ ਬੁਲਾਰੇ ਰਣਦੀਪ ਸੁਰਜੇਵਾਲਾ ਨੂੰ ਵੀ ਮੁਲਜ਼ਮ ਬਣਾਇਆ ਹੋਇਆ ਹੈ ਅਤੇ ਉਨ੍ਹਾਂ ਨੂੰ ਵੀ ਕੇਸ ਭੁਗਤਣਾ ਪੈਣਾ ਹੈ। ਕੱਲ੍ਹ ਦੁਪਹਿਰ ਇਥੇ ਸਰਦਾਰ ਵੱਲਭ ਭਾਈ ਪਟੇਲ ਕੌਮਾਂਤਰੀ ਹਵਾਈ ਅੱਡੇ ਉਤੇ ਪਹੁੰਚੇ ਰਾਹੁਲ ਗਾਂਧੀ ਦੁਪਹਿਰ ਬਾਅਦ ਮੈਟਰੋ ਕੋਰਟ ਕੰਪਲੈਕਸ ਵਿੱਚ ਕੋਰਟ ਨੰਬਰ 13 ਵਿੱਚ ਐਡੀਸ਼ਨਲ ਚੀਫ ਮੈਟਰੋਪਾਲੀਟਨ ਮੈਜਿਸਟਰੇਟ ਸ੍ਰੀਮਤੀ ਨਿਰਾਲੀ ਬੀ ਮੁਨਸ਼ੀ ਦੀ ਅਦਾਲਤ ਵਿੱਚ ਪੇਸ਼ ਹੋਏ। ਉਨ੍ਹਾਂ ਨੇ ਅਦਾਲਤ ਵਿੱਚ ਖੁਦ ਨੂੰ ਦੋਸ਼ੀ ਮੰਨਣ ਤੋਂ ਇਨਕਾਰ ਕੀਤਾ ਤੇ ਇਸ ਤੋਂ ਬਾਅਦ ਉਨ੍ਹਾਂ ਨੇ ਜ਼ਮਾਨਤ ਦੀ ਅਰਜ਼ੀ ਦਿੱਤੀ, ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ। ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਿਤ ਚਾਵੜਾ ਉਨ੍ਹਾਂ ਦੇ ਜ਼ਮਾਨਤੀ ਬਣੇ। ਰਾਹੁਲ ਗਾਂਧੀ ਨੂੰ 15 ਹਜ਼ਾਰ ਰੁਪਏ ਦੀ ਜ਼ਮਾਨਤ ਰਾਸ਼ੀ ਅਤੇ ਇੰਨੀ ਹੀ ਰਾਸ਼ੀ ਦਾ ਨਿੱਜੀ ਮੁਚੱਲਕਾ ਦੇਣਾ ਪਿਆ। ਅਦਾਲਤ ਨੇ ਲਗਭਗ ਅੱਧੇ ਘੰਟੇ ਦੀ ਕਾਰਵਾਈ ਬਾਅਦ ਸੁਣਵਾਈ ਸੱਤ ਸਤੰਬਰ ਦੀ ਤੈਅ ਕੀਤੀ ਹੈ। ਇਸ ਤੋਂ ਪਹਿਲਾਂ ਇਸਤਗਾਸਾ ਪੱਖ ਦੇ ਵਕੀਲ ਐੱਸ ਬੀ ਰਾਜੂ ਨੇ ਅਦਾਲਤ ਨੂੰ ਕਿਹਾ ਕਿ ਇਸ ਕੇਸ ਵਿੱਚ ਰਾਹੁਲ ਗਾਂਧੀ ਨੂੰ ਜ਼ਮਾਨਤ ਲੈਣੀ ਪਏਗੀ।

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.



FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



## ਫੇਸਬੁਕ ਨੂੰ ਅੱਜ ਤੱਕ ਦੇ ਸਭ ਤੋਂ ਵੱਧ ਜੁਰਮਾਨੇ ਦੀ ਸਿਫਾਰਸ਼




ਵਾਸ਼ਿੰਗਟਨ, 14 ਜੁਲਾਈ (ਪੋਸਟ ਬਿਊਰੋ)- ਅਮਰੀਕੀ ਫੈਡਰਲ ਟਰੇਡ ਕਮਿਸ਼ਨ (ਐੱਫ ਟੀ ਸੀ) ਨੇ ਡਾਟਾ ਲੀਕ ਮਾਮਲੇ ਵਿੱਚ ਫੇਸਬੁਕ 'ਤੇ ਪੰਜ ਅਰਬ ਡਾਲਰ ਦੇ ਜੁਰਮਾਨੇ ਦੀ ਸਿਫਾਰਸ਼ ਕੀਤੀ ਹੈ। ਕਿਸੇ ਟੈਕ ਕੰਪਨੀ 'ਤੇ ਇਹੋ ਜਿਹਾ ਜੁਰਮਾਨਾ ਸਭ ਤੋਂ ਪਹਿਲਾ 2012 'ਚ ਗੂਗਲ ਉੱਤੇ 154 ਕਰੋੜ ਰੁਪਏ ਦੇ ਬਰਾਬਰ ਦਾ ਲੱਗਾ ਸੀ। ਫੇਸਬੁਕ ਉਤੇ ਜੁਰਮਾਨੇ ਦਾ ਅੰਤਿਮ ਫੈਸਲਾ ਅਮਰੀਕੀ ਨਿਆਂ ਵਿਭਾਗ ਕਰੇਗਾ।

ਵਰਨਣ ਯੋਗ ਹੈ ਕਿ ਮਾਰਚ 2018 'ਚ ਫੇਸਬੁਕ ਦਾ ਡਾਟਾ ਲੀਕ ਦਾ ਸਭ ਤੋਂ ਵੱਡਾ ਮਾਮਲਾ ਸਾਹਮਣੇ ਆਇਆ ਸੀ। ਐੱਫ ਟੀ ਸੀ ਨੇ ਫੇਸਬੁਕ ਨੂੰ ਉਪਭੋਗਤਾ ਦੇ ਡਾਟਾ ਦੀ ਗੁਪਤਤਾ ਅਤੇ ਸੁਰੱਖਿਆ 'ਚ ਖੁੰਝਣ ਦਾ ਦੋਸ਼ੀ ਪਾਇਆ ਹੈ। ਫੇਸਬੁਕ ਇਸ ਜੁਰਮਾਨੇ ਲਈ ਪਹਿਲਾਂ ਤੋਂ ਤਿਆਰ ਸੀ ਤੇ ਇਸ ਦਾ ਕੰਪਨੀ 'ਤੇ ਖਾਸ ਅਸਰ ਨਹੀਂ ਪਵੇਗਾ। ਮੀਡੀਆ ਰਿਪੋਰਟ 'ਚ ਕਿਹਾ ਗਿਆ ਕਿ ਐੱਫ ਟੀ ਸੀ ਨਿੱਜਤਾ ਦੀ ਉਲੰਘਣਾ ਅਤੇ ਉਪਭੋਗਤਾਵਾਂ ਦੇ ਡਾਟਾ ਦਾ ਗਲਤ ਇਸਤੇਮਾਲ ਕਰਨ ਲਈ ਫੇਸਬੁਕ 'ਤੇ ਜੁਰਮਾਨਾ ਲਾਉਣ ਜਾ ਰਿਹਾ ਹੈ। ਫੇਸਬੁਕ ਅਤੇ ਐੱਫ ਟੀ ਸੀ ਦੋਵਾਂ ਨੇ ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ। ਰਿਪੋਰਟ ਮੁਤਾਬਕ 3-2 ਵੋਟਾਂ ਨਾਲ ਇਸ ਜੁਰਮਾਨੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਮਾਮਲਾ ਨਿਆਂ ਵਿਭਾਗ ਦੇ ਸਿਵਲ ਡਵੀਜ਼ਨ ਦੇ ਕੋਲ ਸਮੀਖਿਆ ਲਈ ਚਲਾ ਗਿਆ ਹੈ। ਇਹ ਸਪੱਸ਼ਟ ਨਹੀਂ ਕਿ ਇਸ ਪ੍ਰਕਿਰਿਆ ਨੂੰ ਕਿੰਨਾ ਸਮਾਂ ਲੱਗੇਗਾ, ਪਰ ਇਸ ਨੂੰ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ।

# ਸੋਮਾਲੀਆ ਦੇ ਹੋਟਲ ਉੱਤੇ ਅੱਤਵਾਦੀ ਹਮਲੇ ਵਿੱਚ 26 ਮੌਤਾਂ



ਮੋਗਾਦਿਸ਼ੂ, 14 ਜੁਲਾਈ (ਪੋਸਟ ਬਿਊਰੋ)- ਸੋਮਾਲੀਆ ਦੇ ਬੰਦਰਗਾਹ ਸ਼ਹਿਰ ਕਿਸਮਾਓ ਦੇ ਇੱਕ ਹੋਟਲ 'ਚ ਅੱਤਵਾਦੀ ਹਮਲੇ ਵਿੱਚ ਘੱਟੋ ਘੱਟ 26 ਲੋਕਾਂ ਦੀ ਮੌਤ ਹੋ ਗਈ, ਜਦ ਕਿ 56 ਹੋਰ ਜ਼ਖਮੀ ਹੋ ਗਏ।

ਸਥਾਨਕ ਅਧਿਕਾਰੀਆਂ ਦੇ ਮੁਤਾਬਕ ਜੁਜ਼ਬਾਲੈਂਡ ਸੂਬੇ ਦੇ ਪ੍ਰਧਾਨ ਅਹਿਮਦ ਮਡੋਬੇ ਨੇ ਦੱਸਿਆ ਹੈ ਕਿ ਕੀਨੀਆ, ਕੈਨੇਡਾ, ਅਮਰੀਕਾ ਤੇ ਤਨਜਾਨੀਆ ਦੇ 10 ਵਿਦੇਸ਼ੀ ਨਾਗਰਿਕ ਇਸ ਹਮਲੇ ਵਿੱਚ ਮਾਰੇ ਗਏ ਹਨ। ਮਡੋਬੇ ਨੇ ਦੱਸਿਆ ਕਿ ਅਲ ਸ਼ਬਾਬ ਦੇ ਆਤਮਘਾਤੀ ਹਮਲਾਵਰ ਨੇ ਸ਼ੁੱਕਰਵਾਰ ਰਾਤ ਵਿਸਫੋਟਕਾਂ ਨਾਲ ਭਰਿਆ ਵਾਹਨ ਹੋਟਲ 'ਚ ਮਾਰ ਦਿੱਤਾ, ਜਿਸ ਪਿੱਛੋਂ ਭਾਰੀ ਹਥਿਆਰਾਂ ਨਾਲ ਲੈੱਸ ਕਈ ਬੰਦੂਕਧਾਰੀ ਗੋਲੀਬਾਰੀ ਕਰਦੇ ਹੋਏ ਹੋਟਲ 'ਚ ਦਾਖਲ ਹੋ ਗਏ। ਮਡੋਬੇ ਨੇ ਕਿਹਾ ਕਿ ਹੋਟਲ 'ਚ ਅਕਸਰ ਨੇਤਾ ਅਤੇ ਸਥਾਨਕ ਅਧਿਕਾਰੀ ਆਉਂਦੇ ਸਨ। ਜੁਜ਼ਬਾਲੈਂਡ ਸੁਰੱਖਿਆ ਬਲਾਂ ਨੇ ਹਮਲਾਵਰਾਂ ਵਿੱਚੋਂ ਤਿੰਨਾਂ ਨੂੰ ਮਾਰ ਦਿੱਤਾ, ਪਰ ਚੌਥਾ ਆਤਮਘਾਤੀ ਹਮਲਾਵਰ ਸੀ। ਉਨ੍ਹਾਂ ਕਿਹਾ ਕਿ ਹੋਟਲ ਵਿੱਚ ਠਹਿਰੇ ਹੋਏ ਤਿੰਨ ਕੀਨੀਆਈ, ਤਿੰਨ ਤਨਜਾਨੀਆ, ਦੋ ਅਮਰੀਕਾ ਅਤੇ ਇੱਕ-ਇੱਕ ਕੈਨੇਡਾ ਤੇ ਬ੍ਰਿਟੇਨ ਦੇ ਨਾਗਰਿਕ ਮਾਰੇ ਗਏ। ਸੋਮਾਲੀਆ ਦੀ ਪੱਤਰਕਾਰ ਯੂਨੀਅਨ ਨੇ ਪੁਸ਼ਟੀ ਕੀਤੀ ਕਿ ਮ੍ਰਿਤਕਾਂ ਵਿੱਚ ਦੋ ਪੱਤਰਕਾਰ ਸ਼ਾਮਲ ਹਨ। ਉਨ੍ਹਾਂ ਵਿੱਚ ਐੱਸ ਬੀ ਸੀ ਟੀ ਵੀ ਦੇ ਪੱਤਰਕਾਰ ਮੁਹੰਮਦ ਉਮਰ ਸਹਰ ਦੇ ਨਾਲ ਇੱਕ ਟੀ ਵੀ ਦੇ ਸੰਸਥਾਪਕ ਹੋਡਾਨ ਨਲੇਯੇਹ ਵੀ ਇਸ ਹਮਲੇ 'ਚ ਮਾਰੇ ਗਏ। ਅਲ ਕਾਇਦਾ ਨਾਲ ਜੁੜੇ ਅੱਤਵਾਦੀ ਸਮੂਹ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ।

## ਈਰਾਨੀ ਤੇਲ ਟੈਂਕਰ ਦੇ ਭਾਰਤੀ ਕੈਪਟਨ ਸਣੇ ਸਾਰੇ ਲੋਕ ਜ਼ਮਾਨਤ ਉੱਤੇ ਰਿਹਾਅ

ਲੰਡਨ, 14 ਜੁਲਾਈ (ਪੋਸਟ ਬਿਊਰੋ)- ਜਿਬਰਾਲਟਰ ਦੀ ਪੁਲਸ ਨੇ ਕਿਹਾ ਕਿ ਈਰਾਨੀ ਤੇਲ ਟੈਂਕਰ ਗ੍ਰੇਸ-1 ਦੇ ਚਾਲਕ ਦਲ ਦੇ ਸਾਰੇ ਚਾਰ ਮੈਂਬਰਾਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ ਹੈ। ਇਨ੍ਹਾਂ 'ਤੇ ਕੋਈ ਦੋਸ਼ ਤੈਅ ਨਹੀਂ ਕੀਤਾ ਗਿਆ ਹੈ। ਜ਼ਮਾਨਤ 'ਤੇ ਛੱਡੇ ਗਏ ਚਾਲਕ ਦਲ ਦੇ ਸਾਰੇ ਮੈਂਬਰ ਭਾਰਤੀ ਦੱਸੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਬ੍ਰਿਟੇਨ ਦੀ ਸਮੁੰਦਰੀ ਫੌਜ ਨੇ ਚਾਰ ਜੁਲਾਈ ਨੂੰ ਜਿਬਰਾਲਟਰ ਟਾਪੂ ਕੋਲ ਇਸ ਤੇਲ ਟੈਂਕਰ ਨੂੰ ਫੜਿਆ ਸੀ। ਇਹ ਟੈਂਕਰ ਉਦੋਂ ਤੋਂ ਬ੍ਰਿਟੇਨ ਦੇ ਅਧਿਕਾਰ ਵਾਲੇ ਖੇਤਰ ਜਿਬਰਾਲਟਰ ਦੇ ਤੱਟ ਉਤੇ ਖੜ੍ਹਾ ਸੀ। ਕਰੀਬ 330 ਮੀਟਰ ਲੰਬੇ ਇਸ ਤੇਲ ਟੈਂਕਰ ਨੂੰ ਯੂਰਪੀ ਯੂਨੀਅਨ (ਈ ਯੂ) ਦੀਆਂ ਪਾਬੰਦੀਆਂ ਦਾ ਉਲੰਘਣਾ ਕਰ ਕੇ ਕੱਚਾ ਤੇਲ ਸੀਰੀਆ ਵੱਲ ਲੈ ਜਾਣ ਦੇ ਸ਼ੱਕ ਵਿੱਚ ਫੜਿਆ ਗਿਆ ਸੀ। ਖਬਰ ਏਜੰਸੀ ਸ਼ਿਨਹੂਆ ਅਨੁਸਾਰ ਜਿਬਰਾਲਟਰ ਪੁਲਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਗ੍ਰੇਸ-1 ਦੇ ਚਾਲਕ ਦਲ ਦੇ ਸਾਰੇ ਮੈਂਬਰਾਂ ਨੂੰ ਬਿਨਾਂ ਦੋਸ਼ ਦੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਜਾਂਚ ਅਜੇ ਚੱਲ ਰਹੀ ਹੈ ਅਤੇ ਗ੍ਰੇਸ-1 ਅਜੇ ਕਬਜ਼ੇ ਵਿੱਚ ਹੈ। ਇਸ ਤੋਂ ਪਹਿਲਾਂ ਵੀਰਵਾਰ ਨੂੰ ਜਿਬਰ-ਾਲਟਰ ਪੁਲਸ ਨੇ ਈਰਾਨੀ ਤੇਲ ਟੈਂਕਰ ਦੇ ਭਾਰਤੀ ਕੈਪਟਨ ਤੇ ਇੱਕ ਮੁੱਖ ਅਧਿਕਾਰੀ ਨੂੰ ਗ੍ਰਿਫਤਾਰ ਕੀਤਾ ਸੀ।

ਇਹ ਤੇਲ ਟੈਂਕਰ ਫੜੇ ਜਾਣ ਕਾਰਨ ਈਰਾਨ ਤੇ ਬ੍ਰਿਟੇਨ ਵਿੱਚ ਤਣਾਅ ਵੱਧ ਗਿਆ ਹੈ। ਈਰਾਨੀ ਵਿਦੇਸ਼ ਮੰਤਰਾਲੇ ਨੇ ਬ੍ਰਿਟੇਨ ਦੇ ਰਾਜਦੂਤ ਰਾਬ ਮਕੇਅਰ ਨੂੰ ਤਲਬ ਕਰ ਕੇ ਇਸ ਬਾਰੇ ਵਿਰੋਧ ਦਰਜ ਕਰਾਇਆ ਤੇ ਤੇਲ ਟੈਂਕਰ ਛੱਡਣ ਦੀ ਮੰਗ ਕੀਤੀ ਸੀ। ਨਾਲ ਹੀ ਇਹ ਦੋਸ਼ ਲਾਇਆ ਸੀ ਕਿ ਅਮਰੀਕਾ ਦੇ ਕਹਿਣ 'ਤੇ ਤੇਲ ਟੈਂਕਰ ਨੂੰ ਫੜਿਆ ਗਿਆ।

## ਲੜਕੀ ਨੇ ਨਕਲੀ ਬੰਦੂਕ ਦਿਖਾਈ ਤਾਂ ਪੁਲਸ ਨੇ ਗੋਲੀ ਮਾਰ ਦਿੱਤੀ



ਲਾਸ ਏਂਜਲਸ, 14 ਜੁਲਾਈ (ਪੋਸਟ ਬਿਊਰੋ)- ਅਮਰੀਕਾ ਦੇ ਕੈਲੀਫੋਰਨੀਆ ਵਿੱਚ ਇੱਕ ਪੁਲਸ ਅਫਸਰ ਨੇ 13 ਸਾਲ ਦੀ ਲੜਕੀ ਹੱਨਾ ਵਿਲੀਅਮਜ਼ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਹੈ। ਹੱਨਾ ਨੇ ਨਕਲੀ ਬੰਦੂਕ ਨਾਲ ਅਧਿਕਾਰੀ 'ਤੇ ਨਿਸ਼ਾਨਾ ਸੇਧਿਆ ਸੀ। ਅਧਿਕਾਰੀ ਨੇ ਉਸ ਨੂੰ ਅਸਲੀ ਬੰਦੂਕ ਮੰਨ ਕੇ ਗੋਲੀ ਚਲਾ ਦਿੱਤੀ। ਇਸ ਘਟਨਾ ਵਿੱਚ ਲੜਕੀ ਦੀ ਮੌਤ ਹੋ ਗਈ। ਘਟਨਾ ਨਾਲ ਜੁੜੀ ਵੀਡੀਓ ਫੁਲਰਟਨ ਪੁਲਸ ਵਿਭਾਗ ਨੇ ਜਾਰੀ ਕੀਤੀ ਹੈ।

ਪਤਾ ਲੱਗਾ ਹੈ ਕਿ ਪੰਜ ਜੁਲਾਈ ਨੂੰ ਹੋਈ ਇਸ ਘਟਨਾ ਦੀ ਵੀਡੀਓ ਵਿੱਚ ਸਾਫ ਨਜ਼ਰ ਆਇਆ ਕਿ ਕਿਸ ਤਰ੍ਹਾਂ ਗੋਲੀ ਲੱਗਣ ਦੇ ਬਾਅਦ ਹੱਨਾ ਮਦਦ ਮੰਗ ਰਹੀ ਸੀ। ਉਸ ਦੇ ਹੱਥ ਵਿੱਚ ਨਕਲੀ ਬੰਦੂਕ ਵੀ ਸੀ। ਪੁਲਸ ਵੱਲੋਂ ਜਾਰੀ ਕੀਤੇ ਵੀਡੀਓ ਦੇ ਨਾਲ ਆਡੀਓ ਜਾਰੀ ਕੀਤਾ ਹੈ, ਜਿਸ ਵਿੱਚ ਪਿਤਾ ਬੇਂਸਨ ਵਿਲੀਅਮਜ਼ ਬੇਟੀ ਦੇ ਲਾਪਤਾ ਹੋਣ ਦੇ ਨੱਬੇ ਮਿੰਟ ਬਾਅਦ ਰਿਪੋਰਟ ਦਰਜ ਕਰਾਉਣ ਗਏ ਸਨ। ਵਿਲੀਅਮਜ਼ ਦੇ ਮੁਤਾਬਕ ਉਹ ਘਬਰਾਏ ਹੋਏ ਸਨ। ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਦੀ ਬੇਟੀ ਖੁਦ ਨੂੰ ਕੋਈ ਨੁਕਸਾਨ ਨਾ ਪਹੁੰਚਾ ਲਵੇ, ਕਿਉਂਕਿ ਉਹ ਡਿਪਰੈਸ਼ਨ 'ਚ ਸੀ। ਪੁਲਸ ਮੁਤਾਬਕ ਹੱਨਾ ਦੀਆਂ ਹਰਕਤਾਂ ਅਪਰਾਧੀਆਂ ਵਰਗੀਆਂ ਸਨ। ਇਸ ਤੋਂ ਪੁਲਸ ਨੂੰ ਗਲਤੀ ਹੋ ਗਈ ਅਤੇ ਇਹ ਘਟਨਾ ਵਾਪਰੀ।

## ਨਨਕਾਣਾ ਸਾਹਿਬ ਵਿੱਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਵਾਸਤੇ ਨੀਂਹ-ਪੱਥਰ ਰੱਖਿਆ ਗਿਆ



ਲਾਹੌਰ, 14 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿੱਚ ਬਾਬਾ ਗੁਰੂ ਨਾਨਕ ਅੰਤਰਰਾਸ਼ਟਰੀ ਯੂਨੀਵਰਸਿਟੀ ਦਾ ਨੀਂਹ ਪੱਥਰ ਅੱਜ ਰੱਖ ਦਿੱਤਾ ਗਿਆ ਹੈ। ਲਹਿੰਦੇ ਪੰਜਾਬ ਵਿਚ ਨਨਕਾਣਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਏਥੇ ਇਹ ਯੂਨੀਵਰਸਿਟੀ ਬਣਾਉਣ ਦੇ ਐਲਾਨ ਤੋਂ ਕਰੀਬ ਦਸ ਸਾਲ ਬਾਅਦ ਇਸ ਉਸਾਰੀ ਲਈ ਪਹਿਲਾ ਪੱਥਰ ਅੱਜ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਰੱਖਿਆ ਹੈ।

ਪਤਾ ਲੱਗਾ ਹੈ ਕਿ ਦਸ ਏਕੜ ਜ਼ਮੀਨ ਉੱਤੇ 258 ਕਰੋੜ ਰੁਪਏ ਨਾਲ ਇਹ ਯੂਨੀਵਰਸਿਟੀ ਬਣੇਗੀ। ਸਰਕਾਰ ਨੇ ਇਸ ਦੇ ਬਣਨ ਦੀ ਸਮਾਂ ਹੱਦ ਐਲਾਨ ਨਹੀਂ ਕੀਤੀ, ਪਰ ਪੰਜਾਬ ਸਰਕਾਰ ਦੇ ਇੱਕ ਅਧਿਕਾਰੀ ਮੁਤਾ-ਬਕ ਕਾਨੂੰਨੀ ਰਸਮਾਂ ਪੂਰੀਆਂ ਹੁੰਦੇ ਸਾਰ ਉਸਾਰੀ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਆਸ ਪ੍ਰਗਟਾਈ ਕਿ ਕਾਨੂੰਨੀ ਰਸਮਾਂ ਛੇਤੀ ਪੂਰੀਆਂ ਹੋਣਗੀਆਂ, ਕਿਉਂਕਿ ਇਹ ਦੇਸ਼ ਦੇ ਗ੍ਰਹਿ ਮੰਤਰੀ ਏਜਾਜ਼ ਸ਼ਾਹ ਦਾ ਇਲਾਕਾ ਹੈ ਅਤੇ ਉਹ ਖ਼ੁਦ ਇਸ ਵਿੱਚ ਦਿਲਚਸਪੀ ਲੈ ਰਹੇ ਹਨ। ਉਨ੍ਹਾਂ ਦੇ ਸੱਦੇ ਉੱਤੇ ਹੀ ਪੰਜਾਬ ਦੇ ਮੁੱਖ ਮੰਤਰੀ ਬੁਜ਼ਦਾਰ ਨੇ ਏਥੇ ਆ ਕੇ ਯੂਨੀਵਰਸਿਟੀ ਦਾ ਨੀਂਹ-ਪੱਥਰ ਰੱਖਿਆ ਹੈ।

ਇਸ ਮੌਕੇ ਕੀਤੇ ਸਮਾਗਮ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਨਨਕਾਣਾ ਸਾਹਿਬ ਨੂੰ ਪੱਛੜੇਵੇਂ ਤੋਂ ਕੱਢ ਕੇ ਛੇਤੀ ਹੀ ਵਿਕਸਤ ਜ਼ਿਲ੍ਹਿਆਂ ਵਿਚ ਸ਼ਾਮਲ ਕੀਤਾ ਜਾਵੇਗਾ ਤੇ ਇਸ ਦੀਆਂ ਯੋਜਨਾਵਾਂ ਬਣਾਉਣ ਦਾ ਕੰਮ ਚੱਲ ਰਿਹਾ ਹੈ, ਬਾਬਾ ਗੁਰੂ ਨਾਨਕ ਯੂਨੀਵਰਸਿਟੀ ਵੀ ਇਨ੍ਹਾਂ ਵਿੱਚੋਂ ਹੀ ਇਕ ਹੈ, ਜਿਹੜਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦਾ ਪਸੰਦੀਦਾ ਪ੍ਰਾਜੈਕਟ ਹੈ। ਸਿੱਖ ਭਾਈਚਾਰਾ ਲੰਬੇ ਸਮੇਂ ਤੋਂ ਇਹ ਮੰਗ ਕਰਦਾ ਰਿਹਾ ਸੀ। ਇਸ ਯੂਨੀਵਰਸਿਟੀ ਦੀ ਤਜਵੀਜ਼ ਪਹਿਲਾਂ 2003 ਵਿੱਚ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਦੀ ਸਰਕਾਰ ਨੇ ਬਣਾਈ ਸੀ, ਪਰ ਫ਼ੈਸਲਾ ਲੈਣ ਵਿੱਚ ਦੇਰ ਹੋ ਗਈ।

## ਈਸਟਰ ਹਮਲਿਆਂ ਦੀ ਜਾਂਚ ਲਈ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਪੇਸ਼ ਹੋਣਗੇ

ਕੋਲੰਬੋ, 14 ਜੁਲਾਈ (ਪੋਸਟ ਬਿਊਰੋ)- ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਰਿਨਾਲ ਵਿਕਰਮਸਿੰਘੇ ਨੇ ਕਿਹਾ ਹੈ ਕਿ ਈਸਟਰ ਮੌਕੇ ਇਸ ਦੇਸ਼ ਵਿੱਚ ਹੋਏ ਵੱਡੇ ਅੱਤਵਾਦੀ ਹਮਲੇ ਦੇ ਸਿਲਸਿਲੇ ਵਿੱਚ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਦੇ ਸਾਹਮਣੇ ਉਹ ਵੀ ਪੇਸ਼ ਹੋਣਗੇ। ਇਨ੍ਹਾਂ ਹਮਲਿਆਂ ਵਿੱਚ 258 ਲੋਕਾਂ ਦੀ ਜਾਨ ਚਲੀ ਗਈ ਸੀ।

ਮੀਡੀਆ ਰਿਪੋਰਟ ਮੁਤਾਬਕ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਇਸ ਪਾਰਲੀਮੈਂਟਰੀ ਕਮੇਟੀ ਨੂੰ ਸਾਰੀਆਂ ਸੂਚਨਾਵਾਂ ਪੇਸ਼ ਕਰਨਗੇ। ਵਿਕਰਮਸਿੰਘੇ ਦਾ ਇਹ ਬਿਆਨ ਵੀਰਵਾਰ ਨੂੰ ਬੇਭਰੋਸਗੀ ਮਤੇ ਉੱਤੇ ਸਰਕਾਰ ਦੀ ਜਿੱਤ ਪਿੱਛੋਂ ਆਇਆ ਹੈ। ਬੇਭਰੋਸਗੀ ਮਤੇ ਰਾਹੀਂ ਸਰਕਾਰ 'ਤੇ ਦੋਸ਼ ਲਾਇਆ ਗਿਆ ਸੀ ਕਿ ਉਹ ਭਾਰਤ ਤੋਂ ਮਿਲੀਆਂ ਅਹਿਮ ਖੁਫੀਆ ਸੂਚਨਾਵਾਂ ਦੇ ਬਾਵਜੂਦ ਅੱਤਵਾਦੀ ਹਮਲਿਆਂ ਨੂੰ ਰੋਕਣ ਤੋਂ ਅਸਫਲ ਰਹੀ ਸੀ। ਏਦਾਂ ਦਾ ਬੇਭਰੋਸਗੀ ਮਤਾ ਮਾਰਕਸੀ ਪਾਰਟੀ ਜਨਤਾ ਵਿਮੁਕਤੀ ਪੇਰਮੁਨਾ ਨੇ ਪੇਸ਼ ਕੀਤਾ ਸੀ, ਪਰ ਦੋ ਦਿਨ ਚੱਲੀ ਬਹਿਸ ਪਿੱਛੋਂ ਇਹ ਸਦਨ ਵਿੱਚ 92 ਦੇ ਮੁਕਾ-ਬਲੇ 119 ਵੋਟਾਂ ਨਾਲ ਡਿੱਗ ਗਿਆ। ਵਿਕਰਮਸਿੰਘੇ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਇਨ੍ਹਾਂ ਹਮਲਿਆਂ ਦੇ ਪਿੱਛੇ ਦਾ ਪੂਰਾ ਸੱਚ ਸਾਹਮਣੇ ਲਿਆਵੇਗੀ ਅਤੇ ਸਰਕਾਰ ਵਿਸ਼ਵ ਪੱਧਰੀ ਅੱਤਵਾਦ ਨਾਲ ਨਿਪਟਣ ਲਈ ਨਵੇਂ ਕਾਨੂੰਨਾਂ 'ਤੇ ਅਮਲ ਕਰੇਗੀ ਅਤੇ ਇਸ ਦੇ ਨਾਲ ਕੌਮਾਂਤਰੀ ਖੁਫੀਆ ਏਜੰਸੀਆਂ ਨਾਲ ਤਾਲਮੇਲ ਵਧਾਇਆ ਜਾਏਗ। ਵਿਕਰਮਸਿੰਘੇ ਨੇ ਇਹ ਵਿਚਾਰ ਰੱਦ ਕੀਤਾ ਹੈ ਕਿ ਅੱਤਵਾਦੀ ਘਟਨਾ ਪਿੱਛੋਂ ਦੇਸ਼ ਵਿੱਚ ਸਰਗਰਮੀਆਂ ਠੱਪ ਹੋ ਗਈਆਂ ਹਨ।

ਪ੍ਰਧਾਨ ਮੰਤਰੀ ਮੁਤਾਬਕ ਆਵਾਸ, ਅਰਥ ਵਿਵਸਥਾ ਤੇ ਰੁਜ਼ਗਾਰ ਬਾਰੇ ਸਾਰੇ ਪ੍ਰੋਜੈਕਟਾਂ 'ਤੇ ਤੇਜ਼ ਗਤੀ ਨਾਲ ਕੰਮ ਚੱਲ ਰਿਹਾ ਹੈ। ਸੈਰ ਸਪਾਟੇ ਨੂੰ ਉਤਸ਼ਾਹ ਦੇਣ ਲਈ ਵੀ ਸਾਰੇ ਕਦਮ ਚੁੱਕੇ ਗਏ ਹਨ। ਬੰਬ ਧਮਾਕਿਆਂ ਪਿੱਛੋਂ ਸੈਰਸਪਾਟਾ ਸਨਅਤ 'ਤੇ ਸਭ ਤੋਂ ਵੱਧ ਅਸਰ ਪਿਆ ਹੈ।

# ਰਾਜਦੂਤ ਦੀਆਂ ਈਮੇਲਜ਼ ਲੀਕ ਹੋਣ ਬਾਰੇ ਜਾਂਚ ਸ਼ੁਰੂ

ਲੰਡਨ, 14 ਜੁਲਾਈ (ਪੋਸਟ ਬਿਊਰੋ)- ਸਕਾਟਲੈਂਡ ਯਾਰਡ ਨੇ ਖੁਫੀਆ ਡਿਪਲੋਮੇਟਿਕ ਈਮੇਲਜ਼ ਲੀਕ ਹੋਣ ਜਾਂਚ ਆਰੰਭ ਕਰ ਦਿੱਤੀ ਹੈ। ਅਮਰੀਕਾ ਵਿੱਚ ਬ੍ਰਿਟੇਨ ਦੇ ਰਾਜਦੂਤ ਵੱਲੋਂ ਟਰੰਪ ਪ੍ਰਸ਼ਾਸਨ ਦੀ ਨਿਖੇਧੀ ਕਰਨ ਬਾਰੇ ਈਮੇਲਜ਼ ਲੀਕ ਹੋ ਗਈਆਂ ਸਨ, ਜਿਨ੍ਹਾਂ ਵਿੱਚ ਰਾਜਦੂਤ ਕਿਮ ਡਾਰੋਕ ਨੇ ਟਰੰਪ ਸਰਕਾਰ ਨੂੰ ਆਯੋਗ ਤੇ ਬੇਕਾਰ ਦੱਸਿਆ ਸੀ ਅਤੇ ਇਸ ਦੇ ਕਾਰਨ ਹੀ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਸੀ। ਵਰਨਣ ਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਰਾਜਦੂਤ ਕਿਮ ਡਾਰੋਕ ਉੱਤੇ ਸਿੱਧਾ ਨਿਸ਼ਾਨਾ ਸਾਧਿਆ ਸੀ। ਇਸ ਕੇਸ ਦੀ ਜਾਂਚ ਦੀ ਜ਼ਿੰਮੇਵਾਰੀ ਮੈਟਰੋਪਾਲੀਟਨ ਪੁਲਸ ਦੀ ਅੱਤਵਾਦ ਵਿਰੋਧੀ ਕਮਾਂਡ ਕਰੇਗੀ ਤੇ ਇਹ ਜਾਂਚ ਸਰਕਾਰੀ ਖੁਫੀਆ ਜਾਣਕਾਰੀ ਐਕਟ ਦੀ ਅਪਰਾਧਕ ਉਲੰਘਣਾ ਦੇ ਪੱਖ ਤੋਂ ਕੀਤੀ ਜਾਵੇਗੀ। ਮੈਟਰੋਪੋਲੀਟਨ ਪੁਲਸ ਦੀ ਇਸ ਕਮਾਂਡ ਦੇ ਮੁਖੀ ਭਾਰਤੀ ਮੂਲ ਦੇ ਨੀਲ ਬਾਸੂ ਨੇ ਕਿਹਾ ਕਿ ਇਸ ਕੇਸ ਨੇ ਯੂ ਕੇ ਦੇ ਕੌਮਾਂਤਰੀ ਸੰਬੰਧਾਂ ਨੂੰ ਸੱਟ ਮਾਰੀ ਹੈ ਤੇ ਲੋਕ ਹਿੱਤ ਵਿੱਚ ਜ਼ਰੂਰੀ ਹੈ ਕਿ ਇਸ ਲਈ ਜ਼ਿੰਮੇਵਾਰ ਨੂੰ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾਵੇ। ਉਨ੍ਹਾਂ ਨੇ ਕਿਹਾ ਕਿ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ ਤੇ ਹਰ ਪੱਧਰ 'ਤੇ ਇਸ ਦੀ ਸਮੀਖਿਆ ਕੀਤੀ ਜਾਵੇਗੀ। ਇਸ ਮਾਮਲੇ 'ਚ ਪਹਿਲਾਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੇ ਆਪਸੀ ਰਾਬਤਾ ਕਰ ਕੇ ਜਾਂਚ ਆਰੰਭੀ ਸੀ।

ਬ੍ਰਿਟੇਨ ਸਰਕਾਰ ਦਾ ਕੈਬਨਿਟ ਦਫਤਰ ਇਸ ਜਾਂਚ ਦੀ ਅਗਵਾਈ ਕਰ ਰਿਹਾ ਸੀ ਤੇ ਗੇਟਵੇਅ ਪ੍ਰਕਿਰਿਆ ਰਾਹੀਂ ਪੁਲਸ ਨੂੰ ਸ਼ਾਮਲ ਕੀਤਾ ਗਿਆ ਹੈ। ਬਾਸੂ ਨੇ ਕਿਹਾ ਕਿ ਇਸ ਦੇ ਜ਼ਿਮੇਵਾਰ ਵੀ ਸਾਹਮਣੇ ਆ ਸਕਦੇ ਅਤੇ ਪੱਖ ਰੱਖ ਸਕਦੇ ਹਨ, ਪਰ ਕਾਰਵਾਈ ਦਾ ਸਾਹ-ਮਣਾ ਕਰਨਾ ਹੀ ਪਵੇਗਾ। ਉਨ੍ਹਾਂ ਕਿਹਾ ਕਿ ਜੇ ਕਿਸੇ ਨੂੰ ਵੀ ਇਸ ਕੇਸ ਨਾਲ ਸੰਬੰਧਤ ਕੋਈ ਜਾਣਕਾਰੀ ਹੈ ਤਾਂ ਉਹ ਸਾਂਝੀ ਕਰ ਸਕਦਾ ਹੈ। ਅਸਿਸਟੈਂਟ ਕਮਿਸ਼ਨਰ ਰੈਂਕ ਦੇ ਬ੍ਰਿਟੇਨ ਦੇ ਇਸ ਪੁਲਸ ਅਧਿਕਾਰੀ ਨੇ ਲੀਕ ਹੋਈ ਇਹ ਸਮੱਗਰੀ ਜਾਰੀ ਕਰਨ ਬਾਰੇ ਸੋਸ਼ਲ ਮੀਡੀਆ ਅਤੇ ਮੁੱਖ ਧਾਰਾ ਦੇ ਮੀਡੀਆ ਦੇ ਮਾਲਕਾਂ, ਐਡੀਟਰਾਂ ਤੇ ਪ੍ਰਕਾਸ਼ਕਾਂ ਨੂੰ ਵੀ ਚਿਤਾਵਨੀ ਦਿੱਤੀ ਤੇ ਕਿਹਾ ਹੈ ਕਿ ਜੇ ਕਿਸੇ ਕੋਲ ਸਮੱਗਰੀ ਹੈ ਤਾਂ ਸੰਬੰਧਤ ਅਥਾਰਟੀ ਨੂੰ ਦੇ ਸਕਦਾ ਹੈ।

## ਡੋਨਾਲਡ ਟਰੰਪ ਪਾਰਲੀਮੈਂਟ ਦੀ ਮਨਜ਼ੂਰੀ ਬਿਨਾਂ ਈਰਾਨ ਜਾਂ ਯਮਨ 'ਤੇ ਹਮਲਾ ਨਹੀਂ ਕਰ ਸਕਣਗੇ



ਵਾਸ਼ਿੰਗਟਨ, 14 ਜੁਲਾਈ (ਪੋਸਟ ਬਿਊਰੋ)- ਈਰਾਨ ਨਾਲ ਚੱਲਦੇ ਤਣਾਅ ਦੇ ਦੌਰਾਨ ਅਮਰੀਕੀ ਪਾਰਲੀਮੈਂਟ ਨੇ ਆਪਣੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਧਿਕਾਰਾਂ ਨੂੰ ਕੁਤਰਨ ਵੱਲ ਕਦਮ ਵਧਾਇਆ ਹੈ। ਪ੍ਰਤੀਨਿਧ ਸਭਾ ਨੇ ਸਾਲਾਨਾ ਰੱਖਿਆ ਬਿਲ ਨਾਲ ਸੰਬੰਧ ਕੁਝ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ, ਪਰ ਇਨ੍ਹਾਂ ਦੇ ਮੁਤਾਬਕ ਈਰਾਨ ਅਤੇ ਯਮਨ ਦੇ ਖਿਲਾਫ ਫੌਜੀ ਕਾਰਵਾਈ ਦੇ ਲਈ ਡੋਨਾਲਡ ਟਰੰਪ ਨੂੰ ਪਾਰਲੀਮੈਂਟ ਤੋਂ ਮਨਜ਼ੂਰੀ ਲੈਣੀ ਪਵੇਗੀ, ਇਸ ਮਨਜ਼ੂਰੀ ਦੇ ਬਿਨਾਂ ਅਜਿਹਾ ਕੋਈ ਵੀ ਸਖਤ ਕਦਮ ਚੁੱਕਣਾ ਸੰਭਵ ਨਹੀਂ ਹੋਵੇਗਾ। ਪ੍ਰਤੀਨਿਧੀ ਸਭਾ ਵਿੱਚ ਇਸ ਤਰ੍ਹਾਂ ਦੀ ਸੋਧ ਨੂੰ 170 ਦੇ ਮੁਕਾਬਲੇ 251 ਸੰਸਦ ਮੈਂਬਰਾਂ ਦਾ ਸਮਰਥਨ ਮਿਲਿਆ ਹੈ। ਵੋਟਿੰਗ ਵੇਲੇ ਟਰੰਪ ਦੀ ਰਿਪਬਲੀਕਨ ਪਾਰਟੀ ਦੇ 27 ਮੈਂਬਰਾਂ ਨੇ ਵੀ ਪਾਰਟੀ ਲਾਈਨ ਤੋਂ ਹਟ ਕੇ ਡੈਮੋਕ੍ਰੇਟਿਕ ਪਾਰਟੀ ਦਾ ਸਾਥ ਦਿੱਤਾ ਤੇ ਸੱਤ ਡੈਮੋਕ੍ਰੇਟ ਇਸ ਦੇ ਖਿਲਾਫ ਰਹੇ। ਪਿਛਲੇ ਦਿਨਾਂ ਵਿੱਚ ਵਧ ਗਏ ਤਣਾਅ ਦਰਮਿਆਨ ਟਰੰਪ ਨੇ ਈਰਾਨ 'ਤੇ ਹਮਲੇ ਦਾ ਹੁਕਮ ਵੀ ਦੇ ਦਿੱਤਾ ਸੀ, ਪਰ ਆਖਰੀ ਪਲਾਂ ਵਿੱਚ ਇਹ ਕਹਿ ਕੇ ਵਪਾਸ ਲੈ ਲਿਆ ਸੀ ਕਿ ਇਸ ਨਾਲ ਕਈ ਲੋਕਾਂ ਦੀ ਜਾਨ ਜਾਏਗੀ। ਟਰੰਪ ਨੇ ਓਦੋਂ ਇਹ ਵੀ ਕਿਹਾ ਸੀ ਕਿ ਈਰਾਨ 'ਤੇ ਹਮਲੇ ਲਈ ਉਨ੍ਹਾਂ ਨੂੰ ਪਾਰਲੀਮੈਂਟ ਤੋਂ ਮਨਜ਼ੂਰੀ ਦੀ ਜ਼ਰੂਰਤ ਨਹੀਂ। ਇਸ ਸੋਧੇ ਹੋਏ ਬਿੱਲ ਨੂੰ ਜਿੰਨਾ ਸਮਰਥਨ ਮਿਲਿਆ ਹੈ, ਉਹ ਦੱਸਦਾ ਹੈ ਕਿ ਦੋਵਾਂ ਦਲਾਂ ਦੇ ਨੇਤਾ ਲਗਾਤਾਰ ਯੁੱਧ ਦੇ ਮਾਹੌਲ ਤੋਂ ਅੱਕ ਚੁੱਕੇ ਹਨ। ਬਹੁਤੇ ਨੇਤਾ ਇਸ ਸਮੇਂ ਹਾਲਾਤ ਨੂੰ ਨਾਰਮਲ ਰੱਖਣਾ ਚਾਹੁੰਦੇ ਹਨ। ਡੈਮੋਕ੍ਰੇਟ ਨੇਤਾ ਰੋ ਖਨਾ ਤੋਂ ਲੈ ਕੇ ਰਿਪਬਲੀਕਨ ਨੇਤਾ ਅਤੇ ਟਰੰਪ ਦੇ ਮੁੱਖ ਸਹਿਯੋਗੀ ਰਹੇ ਮੈਟ ਗੇਟਜ ਇਸਦੇ ਹੱਕ ਵਿੱਚ ਲਾਮਬੰਦ ਹਨ। ਖੰਨਾ ਨੇ ਕਿਹਾ ਕਿ ਇਸ ਬਿੱਲ ਦੇ ਪਾਸ ਹੋਣ ਦਾ ਅਰਥ ਹੈ ਕਿ ਦੋਵਾਂ ਪਾਸਿਉਂ ਨੇਤਾ ਮੰਨਦੇ ਹਨ ਕਿ ਜੰਗ ਦਾ ਅੰਤਹੀਣ ਸਿਲਸਿਲਾ ਖਤਮ ਹੋਣਾ ਚਾਹੀਦਾ ਹੈ। ਅਸੀਂ ਪੱਛਮੀ ਏਸ਼ੀਆ ਵਿੱਚ ਇੱਕ ਹੋਰ ਜੰਗ ਨਹੀਂ ਚਾਹੁੰਦੇ।

Honesty, Reliability, Commitment
Hira Randhawa
Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo
Immaculate 3 Bedroom Semi With 1 Br Fin Basement On A 30 Ft Lot. Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway, Concrete Work On Side And Backyard And Much More!

$739,913 — Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA, & TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

BEST TRUCK REPAIR & TIRE CENTRE
MICHELIN · Hankook · Continental · ROADLUX · BFGoodrich · AEOLUS · COMPASAL · Chevron Delo
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਸ਼ਿਆਂ ਬਾਰੇ ਅੰਤਰਰਾਜੀ ਮੀਟਿੰਗ ਲਈ ਸਹਿਮਤ

ਚੰਡੀਗੜ੍ਹ, 14 ਜੁਲਾਈ, (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੇ ਅੱਜ ਸ਼ੁੱਕਰਵਾਰ ਨੂੰ ਨਸ਼ਿਆਂ ਦੇ ਖਾਤਮੇ ਦੀ ਜੰਗ ਵਿੱਚ ਵਧੀਆ ਤਾਲਮੇਲ ਵਾਸਤੇ ਵਿਚਾਰ ਵਟਾਂਦਰਾ ਕੀਤਾ ਤੇ 25 ਜੁਲਾਈ ਨੂੰ ਸਾਰੇ ਉੱਤਰੀ ਰਾਜਾਂ ਦੀ ਅੰਤਰ-ਰਾਜੀ ਮੀਟਿੰਗ ਕਰਨ ਉੱਤੇ ਸਹਿਮਤੀ ਬਣਾਈ ਹੈ।



ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਅੱਜ ਉਨਾਂ ਦੇ ਦਫ਼ਤਰ ਵਿਚ ਕੀਤੀ ਮੀਟਿੰਗ ਤੋਂ ਬਾਅਦ ਕਿਹਾ ਕਿ ਉੱਤਰੀ ਰਾਜਾਂ ਦੀ ਇਸ ਮੀਟਿੰਗ ਦੀ ਮੇਜ਼ਬਾਨੀ ਪੰਜਾਬ ਵੱਲੋਂ ਕੀਤੀ ਜਾਵੇਗੀ। ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ ਹਰਿਆਣਾ ਤੇ ਪੰਜਾਬ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰਾਖੰਡ ਤੇ ਦਿੱਲੀ ਦੇ ਮੁੱਖ ਮੰਤਰੀ ਅਤੇ ਜੰਮੂ-ਕਸ਼ਮੀਰ ਦੇ ਗਵਰਨਰ, ਦਿੱਲੀ ਦੇ ਲੈਫਟੀਨੈਂਟ ਗਵਰਨਰ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੱਲੋਂ ਵੀ ਨਸ਼ਿਆਂ ਬਾਰੇ ਦੂਸਰੀ ਅੰਤਰ-ਰਾਜੀ ਮੀਟਿੰਗ ਵਿਚ ਹਿੱਸਾ ਲੈਣ ਦੀ ਆਸ ਹੈ।

ਵਰਨਣ ਯੋਗ ਹੈ ਕਿ ਇਸ ਤਰ੍ਹਾਂ ਦੀ ਪਹਿਲੀ ਮੀਟਿੰਗ ਮੌਕੇ ਪਿਛਲੇ ਸਾਲ ਅਪ੍ਰੈਲ ਵਿਚ ਉੱਤਰੀ ਰਾਜਾਂ ਨੇ ਪੰਚਕੂਲਾ (ਹਰਿਆਣਾ) ਵਿਖੇ ਕੇਂਦਰੀ ਸਕੱਤਰੇਤ ਬਣਾਉਣ ਦਾ ਫੈਸਲਾ ਲੈਣ ਤੇ ਖੁਫੀਆ ਜਾਣਕਾਰੀ ਤੇ ਸੂਚਨਾ ਦੇ ਲੈਣ-ਦੇਣ ਵਾਸਤੇ ਹਰ ਸੂਬੇ ਵੱਲੋਂ ਨੋਡਲ ਅਫ਼ਸਰ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਸੀ। ਉਸ ਮੀਟਿੰਗ ਵਿੱਚ ਇਨ੍ਹਾਂ ਰਾਜਾਂ ਨੇ ਸਾਂਝੇ ਤੌਰ ਉੱਤੇ ਨਸ਼ਿਆਂ ਵਿਰੁੱਧ ਸਰਗਰਮ ਮੁਹਿੰਮ ਚਲਾਉਣ ਦੀ ਸਹਿਮਤੀ ਪ੍ਰਗਟਾਈ ਅਤੇ ਨਸ਼ਿਆਂ ਦੇ ਰੁਝਾਨ, ਦਰਜ ਹੋਏ ਕੇਸਾਂ ਤੇ ਗ੍ਰਿਫ਼ਤਾਰ ਕੀਤੇ ਜਾਂ ਪਛਾਣੇ ਗਏ ਵਿਅਕਤੀਆਂ ਦੀ ਸੂਚਨਾ ਦੇ ਤੇਜ਼ੀ ਨਾਲ ਲੈਣ-ਦੇਣ ਉੱਤੇ ਜ਼ੋਰ ਦਿੱਤਾ ਸੀ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਅੱਜ ਹੋਈ ਮੀਟਿੰਗ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਰਹੱਦ ਪਾਰੋਂ ਭਾਰਤੀ ਪੰਜਾਬ ਵਿਚ ਭੇਜੇ ਜਾ ਰਹੇ ਨਸ਼ਿਆਂ ਦੇ ਖ਼ਾਤਮੇ ਲਈ ਉਨਾਂ ਦੀ ਸਰਕਾਰ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ ਇਹ ਨਾ ਕੇਵਲ ਸਿੱਧੇ ਪਾਕਿਸਤਾਨ ਵੱਲੋਂ, ਸਗੋਂ ਭਾਰਤ ਦੇ ਅੰਦਰੂਨੀ ਹਿੱਸਿਆਂ ਖ਼ਾਸਕਰ ਕਸ਼ਮੀਰ ਵੱਲੋਂ ਵੀ ਸਮਗਲ ਕੀਤੇ ਜਾ ਰਹੇ ਹਨ, ਪਰ ਪੰਜਾਬ ਸਰਕਾਰ ਨਸ਼ਿਆਂ ਵਿਰੁੱਧ ਰੱਤੀ ਭਰ ਵੀ ਢਿੱਲ ਸਹਿਣ ਨਹੀਂ ਕਰੇਗੀ।

# ਪਠਾਨਕੋਟ ਏਅਰਫੋਰਸ ਸਟੇਸ਼ਨ ਨੂੰ ਪੰਜ ਲੱਖ ਬੈਂਕ ਗਾਰੰਟੀ ਜਮ੍ਹਾਂ ਕਰਵਾਉਣ ਦੀ ਹਦਾਇਤ

*** ਪਰਦੂਸ਼ਣ ਕੰਟਰੋਲ ਦੇ ਪ੍ਰਬੰਧ ਨਾਕਾਰਾ ਨਿਕਲੇ**

ਜਲੰਧਰ, 14 ਜੁਲਾਈ (ਪੋਸਟ ਬਿਊਰੋ)- ਬਿਆਸ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਦੀ ਯੋਜਨਾ ਹੇਠ ਦੋ ਟਰੀਟਮੈਂਟ ਪਲਾਂਟਾਂ ਦੇ ਪਾਣੀ ਦੇ ਨਮੂਨੇ ਫੇਲ੍ਹ ਹੋਣ ਪਿੱਛੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਠਾਨਕੋਟ ਦੇ ਏਅਰਫੋਰਸ ਸਟੇਸ਼ਨ ਦੇ ਐੱਮ ਈ ਐੱਸ ਨੂੰ ਪੰਜ ਲੱਖ ਰੁਪਏ ਬੈਂਕ ਗਾਰੰਟੀ ਜਮ੍ਹਾਂ ਕਰਵਾਉਣ ਦੀ ਹਦਾਇਤ ਦਿੱਤੀ ਹੈ। ਬੋਰਡ ਨੇ ਇਸ ਦੇ ਨਾਲ ਹੀ ਹਦਾਇਤ ਦਿੱਤੀ ਹੈ ਕਿ ਦੋ ਮਹੀਨੇ 'ਚ ਟਰੀਟਮੈਂਟ ਪਲਾਂਟ ਦੀ ਕਾਰਗੁਜ਼ਾਰੀ 'ਚ ਸੁਧਾਰ ਨਾ ਕੀਤਾ ਤਾਂ ਪ੍ਰਦੂਸ਼ਣ ਕੰਟਰੋਲ ਬੋਰਡ ਇਸ ਬੈਂਕ ਗਾਰੰਟੀ ਨੂੰ ਜ਼ਬਤ ਕਰ ਸਕਦਾ ਹੈ।


ਬਿਆਸ ਦਰਿਆ ਐਕਸ਼ਨ ਪਲਾਨ ਹੇਠ ਬੋਰਡ ਦੇ ਚੇਅਰਮੈਨ ਐਸ ਐਸ ਮਰਵਾਹਾ ਦੀ ਹਦਾਇਤ ਉੱਤੇ ਬੋਰਡ ਦੇ ਚੀਫ ਇੰਜੀਨੀਅਰ ਜੀ ਐੱਸ ਮਜੀਠੀਆ ਨੇ ਇਨ੍ਹਾਂ ਕੇਸਾਂ ਦੀ ਸੁਣਵਾਈ ਕੀਤੀ ਤਾਂ ਏਅਰਫੋਰਸ ਦੇ ਅਫਸਰ ਸਮੇਤ ਹੋਰ ਲੋਕਾਂ ਨੂੰ ਵੀ ਸੁਣਵਾਈ ਲਈ ਸੱਦਿਆ ਸੀ। ਬੋਰਡ ਦੇ ਮੁਤਾਬਕ ਏਅਰਫੋਰਸ ਦੇ ਟਰੀਟਮੈਂਟ ਪਲਾਂਟ ਤੋਂ ਕੁਝ ਸਮੇਂ ਪਹਿਲਾਂ ਪਾਣੀ ਦੇ ਨਮੂਨੇ ਲਏ ਗਏ ਸਨ। ਇਸ ਬਾਰੇ ਬੋਰਡ ਦਾ ਕਹਿਣਾ ਸੀ ਕਿ ਬਿਆਸ ਦਰਿਆ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਬਣਾਈ ਯੋਜਨਾ ਹੇਠ ਸੁਣਵਾਈ ਕੀਤੀ ਗਈ ਸੀ। ਐੱਮ ਈ ਐੱਸ ਨੂੰ ਇਹ ਰਕਮ ਐਕਸੀਅਨ ਬਟਾਲਾ ਦੇ ਦਫਤਰ ਵਿੱਚ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ। ਇਸ ਸੁਣਵਾਈ 'ਚ ਪਠਾਨਕੋਟ ਨਗਰ ਨਿਗਮ ਖਿਲਾਫ ਕਾਨੂੰਨੀ ਕਾਰਵਾਈ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਬੋਰਡ ਮੁਤਾਬਕ ਨਿਗਮ ਨੇ ਆਪਣਾ ਟ੍ਰੀਟਮੈਂਟ ਪਲਾਂਟ ਤਿਆਰ ਕਰ ਲਿਆ ਹੈ, ਪਰ ਛੇ ਮਹੀਨੇ ਤੋਂ ਇਸ ਨੂੰ ਨਹੀਂ ਚਲਾਇਆ ਗਿਆ ਤੇ ਬਿਨਾਂ ਸਾਫ ਕੀਤੇ ਪਾਣੀ ਬਿਆਸ ਦਰਿਆ 'ਚ ਸੁੱਟਣ ਕਰ ਕੇ ਬੋਰਡ ਨੇ ਇਹ ਸਖਤ ਫੈਸਲਾ ਦਿੱਤਾ ਹੈ। ਹੋਰ ਸੁਣਵਾਈ ਵਿੱਚ ਜਿਹੜੀਆਂ ਪੇਸ਼ ਹੋਈਆਂ ਯੂਨਿਟਾਂ ਵਿੱਚੋਂ ਗੋਇੰਦਵਾਲ ਸਾਹਿਬ ਦੀ ਇੱਕ ਫੈਕਟਰੀ ਦੇ ਟਰੀਟਮੈਂਟ ਪਲਾਂਟ ਦੇ ਨਮੂਨੇ ਪਾਸ ਨਹੀਂ ਹੋ ਸਕੇ, ਜਿਸ ਕਰ ਕੇ ਉਸ ਨੂੰ ਆਪਣਾ ਟਰੀਟਮੈਂਟ ਪਲਾਂਟ ਅਪਗਰੇਡ ਕਰਨ ਨੂੰ ਕਿਹਾ ਗਿਆ ਹੈ। ਅੰਮ੍ਰਿਤਸਰ ਦੀ ਇੱਕ ਰਬੜ ਫੈਕਟਰੀ ਹਵਾ ਪ੍ਰਦੂਸ਼ਣ ਫੈਲਾ ਰਹੀ ਸੀ, ਉਸ ਨੂੰ 25000 ਰੁਪਏ ਜੁਰਮਾਨਾ ਲਾਇਆ ਅਤੇ ਹਵਾ ਪ੍ਰਦੂਸ਼ਣ ਦੂਰ ਕਰਨ ਲਈ ਜੰਤਰ ਲਾਉਣ ਨੂੰ ਕਿਹਾ ਗਿਆ ਹੈ।

# ਕੇਸ ਦਸਤਾਵੇਜ਼ ਚੋਰੀ ਕਰਨ ਦੇ ਦੋਸ਼ੀ ਦੋ ਮੁਨਸ਼ੀਆਂ ਨੂੰ ਤਿੰਨ-ਤਿੰਨ ਸਾਲ ਕੈਦ

ਮੋਗਾ, 14 ਜੁਲਾਈ (ਪੋਸਟ ਬਿਊਰੋ)- ਕਰੀਬ ਚਾਰ ਸਾਲ ਪਹਿਲਾਂ ਜ਼ਿਲ੍ਹਾ ਅਦਾਲਤ ਵਿੱਚ ਜੱਜ ਦੇ ਰਿਕਾਰਡ ਰੂਮ ਵਿੱਚੋਂ ਸੜਕ ਹਾਦਸੇ ਦੇ ਕੇਸ ਦੇ ਦਸਤਾਵੇਜ਼ ਚੋਰੀ ਕਰਨ ਦੇ ਦੋਸ਼ ਵਿੱਚ ਦੋ ਵਕੀਲਾਂ ਦੇ ਦੋ ਮੁਨਸ਼ੀਆਂ ਨੂੰ ਤਿੰਨ-ਤਿੰਨ ਸਾਲ ਕੈਦ ਅਤੇ ਇੱਕ-ਇੱਕ ਹਜ਼ਾਰ ਰੁਪਏ ਜੁਰਮਾਨਾ ਲਾਇਆ ਹੈ। ਇਸ ਪਿੱਛੋਂ ਦੋਸ਼ੀਆਂ ਨੂੰ ਜ਼ਮਾਨਤ ਵੀ ਮਿਲ ਗਈ। ਥਾਣਾ ਸਿਟੀ ਪੁਲਸ ਨੂੰ ਇੱਕ ਜੁਲਾਈ 2015 ਨੂੰ ਜੂਨੀਅਰ ਮੈਜਿਸਟਰੇਟ ਫਸਟ ਕਲਾਸ ਦੇ ਓਦੋਂ ਦੇ ਰਿਕਾਰਡ ਕੀਪਰ ਸਤਵਿੰਦਰ ਸਿੰਘ ਨੇ ਬਿਆਨ ਦਿੱਤਾ ਸੀ ਕਿ 2011 ਵਿੱਚ ਸੜਕ ਹਾਦਸੇ ਵਿੱਚ ਇੱਕ ਬੱਚਾ ਜ਼ਖਮੀ ਹੋਇਆ ਸੀ। ਅਜੀਤਵਾਲ ਥਾਣੇ ਦੇ ਪਿੰਡ ਦੌਧਰ ਦੇ ਗੁਰਪ੍ਰੀਤ ਸਿੰਘ 'ਤੇ ਇਸ ਬਾਰੇ ਕੇਸ ਦਰਜ ਕੀਤਾ ਗਿਆ ਸੀ। ਉਹ ਕੇਸ ਅਦਾਲਤ ਵਿੱਚ ਵਿਚਾਰ ਅਧੀਨ ਸੀ। ਦੋਸ਼ੀ ਧਿਰ ਨੇ ਅਦਾਲਤੀ ਕੰਪਲੈਕਸ ਵਿੱਚ ਮੌਜੂਦ ਵਕੀਲਾਂ ਦੇ ਮੁਨਸ਼ੀਆਂ ਨਾਲ ਅੱਠ ਹਜ਼ਾਰ ਰੁਪਏ ਵਿੱਚ ਸੌਦਾ ਕਰ ਲਿਆ ਸੀ। ਸੁਣਵਾਈ ਦੌਰਾਨ ਆਰ ਸੀ ਗਾਇਬ ਮਿਲੀ ਤਾਂ ਦੋਵਾਂ ਮੁਨਸ਼ੀਆਂ ਨੇ ਪੁੱਛਗਿੱਛ ਵਿੱਚ ਜੁਰਮ ਕਬੂਲ ਕਰ ਲਿਆ ਸੀ।

# ਹੰਸਰਾਜ ਹੰਸ ਨੇ ਆਪਣੇ ਖਿਲਾਫ ਚੋਣ ਪਟੀਸ਼ਨ ਨੂੰ ਕਾਂਗਰਸ ਦੀ ਬੌਖਲਾਹਟ ਕਿਹਾ

ਜਲੰਧਰ, 14 ਜੁਲਾਈ (ਪੋਸਟ ਬਿਊਰੋ)- ਦਿੱਲੀ ਦੇ ਉਤਰੀ-ਪੱਛਮੀ ਪਾਰਲੀਮੈਂਟਰੀ ਖੇਤਰ ਵਿੱਚੋਂ ਚੁਣੇ ਗਏ ਭਾਜਪਾ ਦੇ ਪਾਰਲੀਮੈਂਟ ਮੈਂਬਰ ਹੰਸ-ਰਾਜ ਹੰਸ ਨੇ ਆਪਣੇ ਵਿਰੁੱਧ ਦਾਇਰ ਹੋਈ ਪਟੀਸ਼ਨ ਨੂੰ ਕਾਂਗਰਸ ਦੀ ਬੌਖਲਾਹਟ ਦੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਨੂੰ ਮਿਲੀ ਦੇਸ਼ ਵਿਆਪੀ ਇਤਿਹਾਸਕ ਜਿੱਤ ਕਾਂਗਰਸ



ਤੋਂ ਬਰਦਾਸ਼ਤ ਨਹੀਂ ਹੋ ਰਹੀ। ਇਸ ਮੌਕੇ ਹੰਸਰਾਜ ਹੰਸ ਨੇ ਕਿਹਾ ਕਿ ਦੇਸ਼ ਵਾਸੀਆਂ ਨੇ ਕਾਂਗਰਸ ਮੁਕਤ ਸ਼ਾਸਨ ਨੂੰ ਪਹਿਲ ਦਿੱਤੀ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਿਛਲੇ ਪੰਜ ਸਾਲਾ ਰਾਜ ਤੋਂ ਲੋਕ ਖੁਸ਼ ਹਨ ਅਤੇ ਇਸ ਦਾ ਸਬੂਤ ਹੈ ਕਿ ਉਹ ਰਿਕਾਰਡ ਵੋਟਾਂ ਨਾਲ ਜਿੱਤੇ ਹਨ। ਹੰਸ ਨੇ ਕਿਹਾ ਕਿ ਮੇਰੇ ਤੋਂ ਹਾਰੇ ਕਾਂਗਰਸੀ ਉਮੀਦਵਾਰ ਰਾਜੇਸ਼ ਲਿਲੋਠੀਆ ਵੱਲੋਂ ਦਿੱਲੀ ਹਾਈ ਕੋਰਟ ਵਿੱਚ ਦਾਇਰ ਕੀਤੀ ਪਟੀਸ਼ਨ ਬਿਲਕੁਲ ਬੇਬੁਨਿਆਦ ਅਤੇ ਮਨਘੜਤ ਅਤੇ ਲੋਕਤੰਤਰ ਦਾ ਮਜ਼ਾਕ ਉਡਾਉਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇਤਾ ਦੀ ਇਸ ਪਟੀਸ਼ਨ ਦਾ ਮੇਰੇ ਵਕੀਲ ਜਵਾਬ ਦਾਇਰ ਕਰਨਗੇ।

ਵਰਣਨ ਯੋਗ ਹੈ ਕਿ ਦਿੱਲੀ ਹਾਈ ਕੋਰਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 18 ਸਤੰਬਰ ਨੂੰ ਮਿੱਥੀ ਹੈ, ਜਦ ਕਿ ਚੋਣ ਕਮਿਸ਼ਨ ਨੇ ਇਸ ਮਾਮਲੇ ਦਾ ਨੋਟਿਸ ਨਹੀਂ ਲਿਆ।


## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੁਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੌ ਬਰ ਨੌ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**


# 'ਆਪ' ਨੇ ਅਕਾਲੀ ਧਰਨੇ ਦੇ ਬਰਾਬਰ ਦਾ ਪ੍ਰੋਗਰਾਮ ਚਲਾਇਆ

ਮੋਗਾ, 14 ਜੁਲਾਈ (ਪੋਸਟ ਬਿਊਰੋ)- ਇਥੇ ਆਮ ਆਦਮੀ ਪਾਰਟੀ ਨੇ ਅਕਾਲੀ ਦਲ ਵੱਲੋਂ ਕਾਂਗਰਸ ਸਰਕਾਰ ਦੇ ਵਿਰੁੱਧ ਦਿੱਤੇ ਗਏ ਰੋਸ ਧਰਨੇ ਦੇ ਬਰਾਬਰ ਅਕਾਲੀਆਂ ਨੂੰ ਮਹਿੰਗੀ ਬਿਜਲੀ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਚੌਕ ਵਿੱਚ ਖੜ੍ਹੇ ਕੇ ਬਾਦਲਾਂ ਦੇ ਵਿਰੁੱਧ ਪਰਚੇ ਵੰਡਣ ਦਾ ਪ੍ਰੋਗਰਾਮ ਚਲਾਇਆ।

ਇਸ ਮੌਕੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ, ਵਿਧਾਇਕ ਮੀਤ ਹੇਅਰ, ਸਾਬਕਾ ਲੋਕ ਸਭਾ ਮੈਂਬਰ ਪ੍ਰੋਫੈਸਰ ਸਾਧੂ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਨਸੀਬ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ ਵੱਲੋਂ ਗਾਏ ਗਏ ਧਰਨੇ 'ਤੇ ਆਮ ਆਦਮੀ ਪਾਰਟੀ ਨੇ ਹੱਲਾ ਬੋਲਦਿਆਂ ਨਾ ਕੇਵਲ ਮਹਿੰਗੀ ਬਿਜਲੀ ਦੇ ਲਈ ਸਿੱਧਾ ਬਾਦਲਾਂ ਨੂੰ ਜ਼ਿੰਮੇਵਾਰ ਠਹਿਰਾਇਆ, ਸਗੋਂ ਚੌਕਾਂ ਵਿੱਚ ਖੜ੍ਹੋ ਕੇ ਬਾਦਲਾਂ ਤੇ ਕੈਪਟਨ ਸਰਕਾਰ ਵਿਰੁੱਧ ਪਰਚੇ ਵੰਡੇ। ਇਸ ਤੋਂ ਪਹਿਲਾਂ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੱਦੋਂ ਵੱਧ ਮਹਿੰਗੀ ਬਿਜਲੀ ਕਰਨ ਲਈ ਸੁਖਬੀਰ ਸਿੰਘ ਬਾਦਲ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਜਿਨ੍ਹਾਂ ਪ੍ਰਾਈਵੇਟ ਬਿਜਲੀ ਕੰਪਨੀਆਂ ਨਾਲ ਮਿਲੀਭੁਗਤ ਕਰ ਕੇ ਸਰਕਾਰੀ ਥਰਮਲ ਪਲਾਂਟ ਬੰਦ ਕਰ ਕੇ ਪੰਜਾਬ ਦੇ ਤਿੰਨ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਸਮਝੌਤੇ ਕਰ ਕੇ ਸੂਬੇ ਵਿੱਚ ਬਿਜਲੀ ਮਾਫੀਆ ਦਾ ਮੁੱਢ ਬੰਨ੍ਹਿਆ ਸੀ, ਜਿਸ ਕਾਰਨ 25 ਸਾਲਾਂ ਵਿੱਚ ਇਨ੍ਹਾਂ ਥਰਮਲ ਪਲਾਂਟਾਂ ਨੂੰ ਫਿਕਸਡ ਚਾਰਜ ਦੇ ਰੂਪ ਵਿੱਚ ਪੰਜਾਬ ਨੂੰ ਸੱਤਰ ਹਜ਼ਾਰ ਕਰੋੜ ਰੁਪਏ ਬਿਲਕੁਲ ਨਾਜਾਇਜ਼ ਅਦਾ ਕਰਨੇ ਪੈ ਰਹੇ ਹਨ।

ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਵਿਧਾਨ ਸਭਾ 'ਚ ਲਿਆਂਦੇ ਧਿਆਨ ਦਿਵਾਊ ਮਤੇ 'ਤੇ ਕਾਂਗਰਸੀ ਵਿਧਾਇਕ ਅਤੇ ਸਾਬਕਾ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਇਹ ਗੱਲ ਮੰਨ ਕੇ ਸਦਨ ਨੂੰ ਦੱਸਿਆ ਸੀ ਕਿ ਗਲਤ ਸਮਝੌਤਿਆਂ ਤੇ ਸ਼ਰਤਾਂ ਕਾਰਨ 25 ਸਾਲਾਂ ਵਿੱਚ ਪੰਜਾਬ ਨੂੰ 62500 ਕਰੋੜ ਰੁਪਏ ਇਨ੍ਹਾਂ ਤਿੰਨਾਂ ਨਿੱਜੀ ਥਰਮਲ ਪਲਾਂਟਾਂ ਨੂੰ ਦੇਣੇ ਪਏ ਹਨ।


## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ



Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

**647.898.4042/416.505.6857**

(Call from 9am to 6pm)





## Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

Saini Sikh ਲੜਕਾ, Age 25 ਸਾਲ, Hight 5ft 6 inch, Rang Gora, Parmanent in Italy, Back home Nawanshahr. ਲੜਕੇ ਦਾ ਚਾਚਾ ਤੇ ਭੂਆ Citizen in Canada, ਲੜਕਾ visitor in Canada. ਸੰਪਰਕ: 905-840-4516,647-657-9157

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2'', MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11 ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.

E -mail: matri.response2018@gmail. com 1 mnth

**Match needed for well settled 5'4'', 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4'', +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


## Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## Cell n Tell Distribution Inc.

1-401 Traders Blvd E, Mississauga, ON

Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

## STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092

www.STARLANEPAINTING.com

# ਪੰਜਾਬ ਸਰਕਾਰ ਵੱਲੋਂ ਚਨਾਲੋਂ ਸਨਅਤੀ ਫੋਕਲ ਪੁਆਇੰਟ ਲਈ 10 ਕਰੋੜ ਰੁਪਏ ਦੀ ਪੇਸ਼ਕਸ਼

ਚੰਡੀਗੜ੍ਹ/ਮੋਹਾਲੀ, 14 ਜੁਲਾਈ (ਗਿਆਨ ਸਿੰਘ): ਪੰਜਾਬ ਸਰਕਾਰ ਵੱਲੋਂ ਖਰੜ ਵਿਧਾਨ ਸਭਾ ਹਲਕੇ ਵਿੱਚ ਕੁਰਾਲੀ ਨੇੜੇ ਸਥਿਤ ਚਨਾਲੋਂ ਸਨਅਤੀ ਫੋਕਲ ਪੁਆਇੰਟ ਵਿਖੇ ਪਾਣੀ ਦੇ ਨਿਕਾਸ ਪ੍ਰਬੰਧਾਂ ਅਤੇ ਸੜਕਾਂ ਦੀ ਮੁਰੰਮਤ ਲਈ 10 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਹੈ।



ਇਸ ਬਾਰੇ ਜਾਣਕਾਰੀ ਦਿੰਦਿਆਂ, ਸਥਾਨਕ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਦੱਸਿਆ ਕਿ ਉਨ੍ਹਾਂ ਸਮੇਤ ਸੀਨੀਅਰ ਕਾਂਗਰਸ ਆਗੂ ਅਤੇ ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਦੀ ਅਗਵਾਈ ਵਿੱਚ ਉਦਯੋਗਪਤੀਆਂ ਦੇ ਵਫ਼ਦ ਨੇ ਸ਼ਨੀਵਾਰ ਨੂੰ ਉਦਯੋਗਿਕ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਦੇ ਵਧੀਕ ਮੁੱਖ ਸਕੱਤਰ ਵਿਨੀ ਮਹਾਜਨ ਨਾਲ ਮੁਲਾਕਾਤ ਕੀਤੀ।

ਤਿਵਾੜੀ ਨੇ ਦੱਸਿਆ ਕਿ ਉਨ੍ਹਾਂ ਨੇ ਚਨਾਲੋਂ ਸਨਅਤੀ ਪੁਆਇੰਟ ਦੀ ਖਸਤਾ ਹਾਲਤ ਬਾਰੇ ਵਧੀਕ ਮੁੱਖ ਸਕੱਤਰ ਨੂੰ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਉਕਤ ਫੋਕਲ ਪੁਆਇੰਟ ਵਿਖੇ ਸੜਕਾਂ ਅਤੇ ਪਾਣੀ ਦੇ ਨਿਕਾਸ ਪ੍ਰਬੰਧਾਂ ਦੀ ਹਾਲਤ ਕਾਫ਼ੀ ਤਰਸਯੋਗ ਹੈ।

ਉਨ੍ਹਾਂ ਦੱਸਿਆ ਕਿ ਵਧੀਕ ਮੁੱਖ ਸਕੱਤਰ ਨੇ ਪਾਣੀ ਦੇ ਨਿਕਾਸ ਪ੍ਰਬੰਧਾਂ ਅਤੇ ਖਸਤਾ ਹਾਲਤ ਸੜਕਾਂ ਦੀ ਮੁਰੰਮਤ ਲਈ 10 ਕਰੋੜ ਰੁਪਏ ਜਾਰੀ ਕਰਨ ਦੀ ਪੇਸ਼ਕਸ਼ ਕੀਤੀ ਹੈ। ਤਿਵਾੜੀ ਨੇ ਦੱਸਿਆ ਕਿ ਇਹ ਸਹਿਮਤੀ ਵੀ ਬਣੀ ਹੈ ਕਿ ਇੱਥੇ ਦਫ਼ਤਰ ਦੇ ਨਿਰਮਾਣ ਲਈ ਉਦਯੋਗਿਕ ਐਸੋਸੀਏਸ਼ਨ ਨੂੰ ਰਾਖਵੀਂ ਕੀਮਤ ’ਤੇ ਪਲਾਟ ਅਲਾਟ ਕੀਤਾ ਜਾਵੇਗਾ।

ਸਰਕਾਰ ਇਸ ਫੋਕਲ ਪੁਆਇੰਟ ਵਿਖੇ ਕੰਮ ਕਰਦੇ ਕਰਮਚਾਰੀਆਂ ਨੂੰ ਗਰੁੱਪ ਹਾਊਸਿੰਗ ਸਕੀਮ ਤਹਿਤ ਜ਼ਮੀਨ ਮੁਹੱਈਆ ਕਰਵਾਉਣ ਦੀ ਮੰਗ ’ਤੇ ਵੀ ਵਿਚਾਰ ਕਰੇਗੀ।

ਵਿਭਾਗ ਉਨ੍ਹਾਂ ਪਲਾਟ ਮਾਲਕਾਂ ਨੂੰ ਵੀ ਨੋਟਿਸ ਜਾਰੀ ਕਰੇਗਾ ਜਿਨ੍ਹਾਂ ਨੇ ਪਲਾਟ ਦੀ ਅਲਾਟਮੈਂਟ ਤੋਂ ਲੈ ਕੇ ਹੁਣ ਤੱਕ ਕੋਈ ਇੰਡਸਟਰੀ ਵਿਕਸਿਤ ਨਹੀਂ ਕੀਤੀ।

ਤਿਵਾੜੀ ਨੇ ਸਥਾਨਕ ਇੰਡਸਟਰੀ ਦੀਆਂ ਮੰਗਾਂ ਮੰਨਣ ਲਈ ਵਿਭਾਗ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਇਸ ਖੇਤਰ ਵਿੱਚ ਵੱਧ ਤੋਂ ਵੱਧ ਉੱਦਮਾਂ ਦੀ ਸੁਰਜੀਤੀ ਅਤੇ ਸੁਧਾਰ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਹੈ ਕਿਉਂਜੋ ਇਸ ਨਾਲ ਮਾਲੀਆ ਅਤੇ ਨੌਕਰੀਆਂ ਦੇ ਵਸੀਲੇ ਪੈਦਾ ਹੋਣਗੇ।

ਉਨ੍ਹਾਂ ਕਿਹਾ ਕਿ ਉਹ ਮੌਜੂਦਾ ਉਦਯੋਗਾਂ ਦੀ ਮਜ਼ਬੂਤੀ ਅਤੇ ਇਨ੍ਹਾਂ ਲਈ ਸਾਰੀਆਂ ਢੁਕਵੀਆਂ ਸਹੂਲਤਾਂ ਨੂੰ ਯਕੀਨੀ ਬਣਾਉਣ ਦੇ ਨਾਲ ਨਾਲ ਤਾਜ਼ਾ ਨਿਵੇਸ਼ ਨੂੰ ਵੀ ਉਤਸ਼ਾਹਿਤ ਕਰਨਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੂਬੇ ਵਿੱਚ ਉਦਯੋਗਾਂ ਦੀ ਸੁਰਜੀਤੀ ਲਈ ਕਾਫ਼ੀ ਉਤਸੁਕ ਹਨ ਅਤੇ ਇਸ ਉਦੇਸ਼ ਲਈ ਉਹ ਪੂਰਾ ਸਮਰਥਨ ਵੀ ਦੇ ਰਹੇ ਹਨ।

ਤਿਵਾੜੀ ਨਾਲ ਜਗਮੋਹਨ ਸਿੰਘ ਕੰਗ ਤੋਂ ਇਲਾਵਾ ਯੂਥ ਕਾਂਗਰਸ ਆਗੂ ਯਾਦਵਿੰਦਰ ਕੰਗ, ਯੋਗੇਸ਼ ਸਾਗਰ ਅਤੇ ਉਦਯੋਗਿਕ ਖੇਤਰ ਦੇ ਹੋਰ ਨੁਮਾਇੰਦੇ ਮੌਜੂਦ ਸਨ।

# ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸਮਰਪਿਤ ਕਵੀ ਦਰਬਾਰ






ਲੁਧਿਆਣਾ, 14 ਜੁਲਾਈ (ਗਿਆਨ ਸਿੰਘ): ਸ਼ਹੀਦ ਭਗਤ ਸਿੰਘ ਸਭਿਆਚਾਰ ਮੰਚ ਲੁਧਿਆਣਾ ਵੱਲੋਂ ਮੰਚ ਦੇ ਪ੍ਰਧਾਨ ਸੁਖਵਿੰਦਰ ਲੀਲ ਦੀ ਅਗਵਾਈ ਹੇਠ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਪੰਜਾਬੀ ਭਵਨ ਵਿੱਚ ਇਕ ਕਵੀ ਦਰਬਾਰ ਕਰਵਾਇਆ ਗਿਆ ,ਜਿਸ ਦੌਰਾਨ ਪੰਜਾਬ ਦੇ 15 ਦੇ ਕਰੀਬ ਨਾਮਵਰ ਨੌਜਵਾਨ ਕਵੀਆਂ ਨੇ ਜਿੱਥੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਉੱਥੇ ਉਨਾਂ ਵੱਖ ਵੱਖ ਸਮਾਜਿਕ ਕੁਰੀਤੀਆਂ,ਮੁੱਦਿਆਂ ਅਤੇ ਲੋਕ ਨੂੰ ਸੇਧ ਦੇਣ ਵਾਲੀਆਂ ਆਪਣੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਨੂੰ ਕੀਲ ਕੇ ਘੰਟਿਆਂ ਬੱਧੀ ਬਿਠਾਈ ਰੱਖਿਆ ਅਤੇ ਕਵਿਤਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ। ਕਵੀ ਦਰਬਾਰ ਦੀ ਪ੍ਰਧਾਨਗੀ ਮੰਡਲ ਵਿਚ ਸੁਖਵਿੰਦਰ ਲੀਲ੍ਹ ਕਮਲੇਸ਼ ਕੁਮਾਰੀ, ਰੁਪਿੰਦਰਪਾਲ ਸਿੰਘ ਗਿੱਲ, ਮਾ: ਤਰਲੋਚਨ ਸਿੰਘ ਸਮਰਾਲਾ, ਕਸਤੂਰੀ ਲਾਲ ਅਤੇ ਸੁਰਿੰਦਰ ਕੌਰ ਸ਼ਾਮਿਲ ਹੋਏ । ਇਸ ਮੌਕੇ ਪਾਲੀ ਖਾਦਿਮ, ਹਰਬੰਸ ਮਾਲਵਾ, ਜਸਵੰਤ ਕਾਫ਼ਰ, ਕੇ ਸਾਧੂ ਸਿੰਘ, ਅਮਰ ਸੂਫ਼ੀ, ਪੂਜਾ ਸ਼ਰਮਾ, ਸਾਧਨਾਂ ਗੁਪਤਾ, ਸੈਲੀ ਕਾਰਤਕ, ਬੱਗਾ ਚੀਮਾ, ਸਤਿਕਰਤਾਰ, ਮਨਜੀਤ ਸਿੰਘ,ਸੁਰਜੀਤ ਗੱਗ, ਰਾਜਵਿੰਦਰ ਮੀਰ, ਤਰਲੋਚਨ ਸਮਰਾਲਾ,ਰਾਜਦੀਪ ਤੂਰ, ਗੁਲਜਾਰ ਪੰਧੇਰ,ਸੁਖਵਿੰਦਰ ਲੀਲ੍ਹ, ਜਗਵਿੰਦਰ ਯੋਧਾ ਅਤੇ ਪ੍ਰਭਜੋਤ ਸ਼ੋਹੀ ਆਦਿ ਕਵੀਆਂ ਨੇ ਕਵਿਤਾਵਾਂ ਉਚਾਰਦਿਆਂ ਦਾਜ ਦੀ ਲਾਹਨਤ, ਧੀਆਂ ਦਾ ਸਤਿਕਾਰ, ਨਸ਼ਿਆਂ ਦੀ ਅਲਾਮਤ, ਲੱਚਰ ਸਭਿਆਚਾਰ, ਅੰਤਰ ਜਾਤੀ ਪਿਆਰ ਵਿਆਹ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਵਿੱਦਿਆ ਵਿਚਾਰੀ ਪਰਉਪਕਾਰੀ, ਵਾਤਾਵਰਣ ਬਚਾਓ ਸਮੇਤ ਹੋਰ ਅਹਿਮ ਆਰਥਿਕ ਸਾਰਥਿਕ ਤੇ ਸਮਾਜਿਕ ਮੁੱਦਿਆਂ ਨੂੰ ਗੰਭੀਰਤਾ ਨਾਲ ਛੂਹਿਆ । ਮੰਚ ਦੇ ਆਗੂ ਰਪਿੰਦਰਪਾਲ ਸਿੰਘ ਗਿੱਲ ਨੇ ਸ਼ਹੀਦ ਭਗਤ ਸਭਿਆਚਾਰ ਮੰਚ ਦੇ ਕੰਮਕਾਜ ਵਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਮੰਚ ਦੇ ਪ੍ਰਧਾਨ ਸੁਖਵਿੰਦਰ ਲੀਲ੍ਹ ਵੱਲੋਂ ਮੰਚ ਦੀ ਮੁਖ ਸਹਿਯੋਗੀ ਕਮਲੇਸ਼ ਕੁਮਾਰੀ ਦੀ ਸ਼ਲਾਘਾ ਕਰਦੇ ਦੱਸਿਆ ਕਿ ਬਹੁਤ ਘੱਟ ਲੋਕ ਹੁੰਦੇ ਹਨ ਜੋ ਸਰਕਾਰੀ ਸੇਵਾ ਤੋਂ ਮੁਕਤ ਹੋ ਕੇ ਸਮਾਜ ਸੇਵਾ ਲਈ ਅੱਗੇ ਆਉਂਦੇ ਹਨ।ਇਸ ਮੌਕੇ ਹਾਜਰ ਕਵੀਆਂ ਨੂੰ ਅਗਾਂਹਵਧੂ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ। ਮੰਚ ਵੱਲੋਂ ਸ੍ਰੀਮਤੀ ਕਮਲੇਸ਼ ਅਤੇ ਕੁਮਾਰੀ,ਸੁਰਿੰਦਰ ਕੌਰ ਸਮੇਤ ਹੋਰ ਕਲਮ ਦੇ ਧਨੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰੀਸ਼ ਪੱਖੋਵਾਲ, ਰਮਨਜੀਤ ਸੰਧੂ, ਪ੍ਰੋ. ਜਗਮੋਹਣ ਸਿੰਘ , ਅਮਰੀਕ ਪੱਖੋਵਾਲ, ਹਰਪ੍ਰੀਤ ਜੀਰਖ, ਸਵਰਨਜੀਤ ਕੌਰ, ਪ੍ਰਭਾ ਰਾਣੀ, ਪ੍ਰਵੀਨ ਕੁਮਾਰੀ,ਜਸਵੰਤ ਜੀਰਖ,ਅਰੁਣ ਕੁਮਾਰ, ਆਤਮਾ ਸਿੰਘ,ਇੰਦਰਜੀਤ ਪੱਖੋਵਾਲ, ਸਤੀਸ਼ ਸਚਦੇਵਾ, ਦਲਵੀਰ ਕਟਾਣੀ, ਸਮੇਤ ਕੁਝ ਹੋਰ ਨਾਮਵਰ ਸ਼ਖਸ਼ੀਅਤਾਂ ਸਮੇਤ ਵੱਡੀ ਗਿਣਤੀ ਵਿਚ ਸਰੋਤਿਆਂ ਕਵੀ ਦਰਬਾਰ ਦਾ ਆਨੰਦ ਮਾਣਿਆ।

# ਪਟਿਆਲਾ ਧਰਨੇ ਸਬੰਧੀ ਨਰੋਆ ਪੰਜਾਬ ਮੰਚ ਮੋਗਾ ਦੀ ਮੀਟਿੰਗ

ਮੋਗਾ, 14 ਜੁਲਾਈ (ਗਿਆਨ ਸਿੰਘ): ਫੈਕਟਰੀਆਂ ਦੇ ਜਹਿਰੀਲੇ ਅਤੇ ਕੈਮੀਕਲ ਯੁਕਤ ਪਾਣੀ ਕਾਰਨ ਪ੍ਰਦੂਸਿਤ ਹੋ ਰਹੇ ਦਰਿਆਈ ਪਾਣੀਆਂ ਅਤੇ ਮੁੱਕਣ ਦੀ ਕਗਾਰ ਤੇ ਪਹੁੰਚ ਚੁੱਕੇ ਧਰਤੀ ਹੇਠਲੇ ਪਾਣੀਆਂ ਨੂੰ ਬਚਾਉਣ ਲਈ ਹੋਂਦ ਵਿੱਚ ਆਏ ਨਰੋਆ ਪੰਜਾਬ ਮੰਚ ਵੱਲੋਂ ਬੀਤੀ 14 ਜੂਨ ਨੂੰ ਸੂਬਾ ਕਨਵੀਨਰ ਗੁਰਪ੍ਰੀਤ ਚੰਦਬਾਜਾ ਦੀ ਅਗਵਾਈ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਐਸ.ਐਸ. ਮਰਵਾਹ ਨੂੰ ਮੰਗ ਪੱਤਰ ਸੌਂਪ ਕੇ ਅਗਲੇ 40 ਦਿਨਾਂ ਵਿੱਚ ਜਲੰਧਰ ਅਤੇ ਲੁਧਿਆਣਾ ਸ਼ਹਿਰ ਦੇ ਸੀਵਰੇਜ਼ ਅਤੇ ਫੈਕਟਰੀਆਂ ਦਾ ਜਹਿਰੀਲਾ ਪਾਣੀ ਸਤਲੁਜ਼ ਦਰਿਆ ਵਿੱਚ ਸਿੱਧਾ ਪੈਣ ਤੋਂ ਰੋਕਣ ਦੀ ਮੰਗ ਕੀਤੀ ਸੀ ਅਤੇ ਅਸਫਲ ਰਹਿਣ ਦੀ ਸੂਰਤ ਵਿੱਚ 22 ਜੁਲਾਈ ਨੂੰ ਚੇਅਰਮੈਨ ਖਿਲਾਫ ਪੰਜਾਬ ਪੱਧਰੀ ਧਰਨਾ ਲਗਾਉਣ ਦੀ ਚੇਤਾਵਨੀ ਦਿੱਤੀ ਸੀ ।



ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਇਹਨਾਂ 40 ਦਿਨਾਂ ਵਿੱਚ ਕੋਈ ਵੀ ਸਖਤ ਕਦਮ ਚੁੱਕਣ ਵਿੱਚ ਅਸਮਰੱਥ ਰਹੇ ਹਨ, ਇਸ ਲਈ ਨਰੋਆ ਪੰਜਾਬ ਮੰਚ 22 ਜੁਲਾਈ ਨੂੰ ਪਟਿਆਲਾ ਵਿਖੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਫਤਰ ਅੱਗੇ ਇੱਕ ਦਿਨਾ ਧਰਨਾ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਮੋਗਾ ਜਿਲ੍ਹੇ ਤੋਂ ਵੱਡੀ ਗਿਣਤੀ ਵਿੱਚ ਮੰਚ ਦੇ ਮੈਂਬਰ ਸ਼ਮੂਲੀਅਤ ਕਰਨਗੇ । ਇਹ ਜਾਣਕਾਰੀ ਨਰੋਆ ਪੰਜਾਬ ਮੰਚ ਜਿਲ੍ਹਾ ਮੋਗਾ ਦੇ ਕਨਵੀਨਰ ਮਹਿੰਦਰ ਪਾਲ ਲੂੰਬਾ ਨੇ ਅੱਜ ਰੂਰਲ ਐਨ.ਜੀ.ਓ. ਦਫਤਰ ਮੋਗਾ ਵਿਖੇ ਮੰਚ ਦੀ ਮੀਟਿੰਗ ਉਪਰੰਤ ਪ੍ਰੈਸ ਨੂੰ ਜਾਰੀ ਕੀਤੀ । ਇਸ ਮੌਕੇ ਹਾਜਰ ਸੰਸਥਾਵਾਂ ਨੇ ਪ੍ਰਤੀ ਸੰਸਥਾ 500 ਰੁਪਏ ਦਾ ਫੰਡ ਵੀ ਇਕੱਤਰ ਕੀਤਾ । ਮੀਟਿੰਗ ਵਿੱਚ ਹਾਜਰ ਡਾ. ਹਰਨੇਕ ਸਿੰਘ ਰੋਡੇ, ਹਰਪਾਲ ਸਿੰਘ ਬਰਾੜ, ਗਿਆਨ ਸਿੰਘ, ਗੋਕਲ ਚੰਦ, ਰਣਜੀਤ ਸਿੰਘ ਟੱਕਰ, ਹੰਸ ਰਾਜ ਸੀਵਾਨ, ਨੀਰਜ ਬਠਲਾ, ਹਰਭਜਨ ਸਿੰਘ ਬਹੋਨਾ, ਅਮਰੀਕ ਸਿੰਘ ਆਰਸਨ, ਮਹਿੰਦਰ ਪਾਲ ਲੂੰਬਾ ਅਤੇ ਬਲਜੀਤ ਸਿੰਘ ਚਾਨੀ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਭੂਮਿਕਾ ਤੇ ਸਵਾਲੀਆ ਨਿਸ਼ਾਨ ਲਗਾਉਂਦਿਆਂ ਕਿਹਾ ਕਿ ਬੋਰਡ ਗਹਿਰੀ ਨੀਂਦ ਸੌਂ ਰਿਹਾ ਹੈ ਤੇ ਆਮ ਲੋਕ ਇਸ ਦੁਆਰਾ ਕੀਤੇ ਜਾ ਸਕਣ ਵਾਲੇ ਕੰਮਾਂ ਪ੍ਰਤੀ ਜਾਗਰੂਕ ਨਹੀਂ ਹਨ, ਜਿਸ ਕਾਰਨ ਕੂੜੇ ਕਰਕਟ ਦੇ ਨਿਪਟਾਰੇ, ਬਾਇਓ ਵੇਸਟ ਮੈਨਜਮੈਂਟ, ਰੇਨ ਵਾਟਰ ਹਾਰਵੈਸਟਿੰਗ ਅਤੇ ਦਰਿਆਈ ਪਾਣੀਆਂ ਵਿੱਚ ਰਲ ਰਹੇ ਜਹਿਰ ਸਬੰਧੀ ਬੋਰਡ ਵੱਲੋਂ ਕੁੱਝ ਵੀ ਨਹੀਂ ਕੀਤਾ ਜਾ ਰਿਹਾ ਤੇ ਇਹ ਸਾਰੇ ਕਾਰਨ ਰਲ ਕੇ ਆਮ ਲੋਕਾਂ ਨੂੰ ਬਿਮਾਰ ਕਰਨ ਅਤੇ ਖਤਰਨਾਕ ਬਿਮਾਰੀਆਂ ਦੇ ਵਾਧੇ ਵਿੱਚ ਵੱਡੀ ਭੂਮਿਕਾ ਨਿਭਾ ਰਹੇ ਹਨ । ਉਹਨਾਂ ਸਰਕਾਰ ਤੋਂ ਨਹਿਰੀ ਸਿਸਟਮ ਨੂੰ ਜਲਦ ਤੋਂ ਜਲਦ ਮੁੜ ਬਹਾਲ ਕਰਨ ਅਤੇ ਮਨਰੇਗਾ ਅਧੀਨ ਨਹਿਰੀ ਖਾਲਾਂ ਦੇ ਮੁੜ ਨਿਰਮਾਣ ਦੀ ਮੰਗ ਕੀਤੀ ਤਾਂ ਜੋ ਕਿਸਾਨਾਂ ਨੂੰ ਜਮੀਨ ਹੇਠੋਂ ਪਾਣੀ ਕੱਢਣ ਦੀ ਨੌਬਤ ਨਾ ਆਵੇ ਅਤੇ ਪੰਜਾਬ ਦੇ ਪਾਣੀਆਂ ਦਾ ਸਦਉਪਯੋਗ ਹੋ ਸਕੇ। ਉਹਨਾਂ ਕੁਰਸੀਆਂ ਤੇ ਕਾਬਜ਼ ਸਰਕਾਰੀ ਨੁਮਾਇੰਦਿਆਂ ਦੀ ਸੋਚ ਤੇ ਤਰਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਕਾਰ ਇਹਨਾਂ ਮਸਲਿਆਂ ਦੇ ਹੱਲ ਸਬੰਧੀ ਬਿਲਕੁਲ ਵੀ ਗੰਭੀਰ ਨਹੀਂ ਦਿਖ ਰਹੀ, ਜਿਸ ਕਾਰਨ ਆਮ ਲੋਕਾਂ ਵਿੱਚ ਡਰ ਅਤੇ ਸਹਿਮ ਦਾ ਮਹੌਲ ਬਣਿਆ ਹੋਇਆ ਹੈ। ਉਹਨਾਂ ਕਿਹਾ ਕਿ ਆਮ ਲੋਕ ਪਾਣੀ ਬਚਾਉਣ ਲਈ ਅੱਗੇ ਆ ਰਹੇ ਹਨ ਪਰ ਸਬੰਧਿਤ ਮਹਿਕਮੇ ਹਾਲੇ ਤੱਕ ਸੁੱਤੇ ਪਏ ਹਨ, ਇਸ ਲਈ ਸਰਕਾਰ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਨੀਂਦ ਖੋਲ੍ਹਣ ਲਈ ਇਹ ਧਰਨਾ ਅਤਿ ਜਰੂਰੀ ਹੈ । ਉਹਨਾਂ ਹਰ ਆਮ ਸ਼ਹਿਰੀ ਨੂੰ ਇਸ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ ਅਤੇ ਨਾ ਪਹੁੰਚ ਸਕਣ ਵਾਲੇ ਲੋਕਾਂ ਨੂੰ ਮਾਇਕ ਸਹਾਇਤਾ ਕਰਨ ਦੀ ਅਪੀਲ ਕੀਤੀ । ।

## ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੋਂਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ ’ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level’s of First Aid & CPR Training
• Emergency First Aid & CPR Level’s A.B.C
• Standard First Aid & CPR Level’s A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ


AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright’s
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕੁਮੈਂਟਰੀ ਦਾ ਬਾਬਾ ਬੋਹੜ ਸੀ ਜਸਦੇਵ ਸਿੰਘ



-ਪ੍ਰਿੰ. ਸਰਵਣ ਸਿੰਘ-

ਜਸਦੇਵ ਸਿੰਘ ਜਿਹੇ ਬੁਲਾਰੇ ਨਿੱਤ-ਨਿੱਤ ਨਹੀਂ ਜੰਮਦੇ। ਉਹ ਵਿਸ਼ਵਦਾ ਮੰਨਿਆ ਦੰਨਿਆ ਕੁਮੈਂਟੇਟਰ ਸੀ। ਉਸ ਨੂੰ ਇੰਟਰਨੈਸ਼ਨਲ ਉਲੰਪਿਕ ਕਮੇਟੀ ਵੱਲੋਂ ਉਲੰਪਿਕ ਆਰਡਰ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ ਪਦਮ ਸ੍ਰੀ ਤੇ ਪਸਮ ਭੂਸ਼ਨ ਪੁਰਸਕਾਰਾਂ ਨਾਲ ਸਨਮਾਨਿਆ। ਉਸ ਨੇ ਲਗਾਤਾਰ 49 ਸਾਲ ਭਾਰਤ ਦੇ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ’ਤੇ ਰੇਡੀਓ/ਟੀਵੀ ਤੋਂ ਕੁਮੈਂਟਰੀ ਕੀਤੀ। ਨਾਲੋ-ਨਾਲ 9 ਉਲੰਪਿਕ ਖੇਡਾਂ, 8 ਵਿਸ਼ਵ ਹਾਕੀ ਕੱਪਾਂ ਤੇ 6 ਏਸ਼ਿਆਈ ਖੇਡਾਂ ਦੀ ਕੁਮੈਂਟਰੀ ਕਰਨ ਲਈ ਦੇਸ ਪਰਦੇਸ ਜਾਂਦਾ ਰਿਹਾ। ਇੰਟਰਨੈਸ਼ਨਲ ਹਾਕੀ ਮੈਚਾਂ ਦੀ ਕੁਮੈਟਰੀ ਕਰਨ ’ਚ ਉਹਦਾ ਕੋਈ ਸਾਨੀ ਨਹੀਂ ਸੀ। ਜਦ ਉਹ ਰੇਡੀਓ/ਟੀਵੀ ਤੋਂ ਹਾਕੀ ਮੈਚਾਂ ਦੀ ਲੱਛੇਦਾਰ ਕੁਮੈਂਟਰੀ ਕਰ ਰਿਹਾ ਹੁੰਦਾ ਤਾਂ ਲੱਖਾਂ ਕਰੋੜਾਂ ਕੰਨ ਉਹਦੀਰਸੀਲੀ ਆਵਾਜ਼ ਸੁਣ ਰਹੇ ਹੁੰਦੇ। ਉਹਦੀ ਆਵਾਜ਼ ਗੇਂਦ ਦੇ ਨਾਲ-ਨਾਲ ਦੌੜਦੀ ਅਤੇ ਮੈਦਾਨ ’ਚ ਮੁੜ੍ਹਕੋ-ਮੁੜ੍ਹਕੀ ਹੁੰਦੇਖਿਡਾਰੀਆਂ ਨਾਲ ਸਾਹੋ-ਸਾਹ ਹੁੰਦੀ। ਉਹਦੇ ਬੋਲਾਂ ਨਾਲ ਸਰੋਤਿਆਂ ਦੀਆਂ ਨਬਜ਼ਾਂ ਤੇਜ਼ ਤੇ ਮੱਠੀਆਂ ਹੁੰਦੀਆਂ ਰਹਿੰਦੀਆਂ। ਕੁਆਲਾਲੰਪੁਰ ਤੋਂਹਾਕੀ ਵਿਸ਼ਵ ਕੱਪ ਜਿੱਤ ਕੇ ਮੁੜੀ ਭਾਰਤੀ ਹਾਕੀ ਟੀਮ ਨਾਲ ਜਸਦੇਵ ਸਿੰਘ ਨੂੰ ਵੇਖ ਕੇ ਇੰਦਰਾ ਗਾਂਧੀ ਨੇ ਕਿਹਾ ਸੀ, “ਸਰਦਾਰ ਸਾਹਿਬ, ਆਪ ਨੇ ਤੋਂ ਹਮਾਰੇ ਦਿਲੋਂ ਕੀ ਧੜਕਣੇਂ ਬੜ੍ਹਾਅ ਦੀ ਥੀਂ।”

ਮੇਰੇ ਖੇਡ ਲੇਖਕ ਬਣਨ ਵਿਚ ਜਸਦੇਵ ਸਿੰਘ ਦੀ ਕੁਮੈਟਰੀ ਦਾ ਵੀਹੱਥ ਹੈ। ਉਹਦੀ ਕੁਮੈਂਟਰੀ ਕਲਾ ਤੋਂ ਮੈਂ ਕਾਫੀ ਕੁਝ ਸਿੱਖਿਆ। ਉਹ ਮੈਥੋਂ ਨੌਂ ਸਾਲ ਵੱਡਾ ਸੀ। ਮੈਂ ਪਹਿਲੀ ਵਾਰ ਉਸ ਨੂੰ 1963 ਵਿਚ ਮਿਲਿਆ ਤੇ ਉਹਦੇ ਮੂੰਹੋਂ ਲਾਲ ਕਿਲੇ ਤੋਂ ਆਜ਼ਾਦੀ ਦਿਵਸ ਦੀ ਕੁਮੈਂਟਰੀ ਸੁਣੀ। ਉਦੋਂ ਮੈਂ ਦਿੱਲੀ ਪੜ੍ਹਦਾ ਸਾਂ ਤੇ ਖੇਡਾਂ ਖਿਡਾਰੀਆਂ ਬਾਰੇ ਲਿਖਣ ਲਈ ਪਰ ਤੋਲ ਰਿਹਾ ਸਾਂ। ਉਸ ਨੇ ਚਾਂਦਨੀ ਚੌਕ ਵੱਲ ਸ਼ੋਭਦੇ ਗੁਰਦ-ਵਾਰਾ ਸੀਸ ਗੰਜ ਸਾਹਿਬ,ਨੇੜਲੇ ਮੰਦਰ ਤੇ ਜਾਮਾ ਮਸਜਿਦ ਸਭਨਾਂ ਦਾ ਜ਼ਿਕਰ ਕੀਤਾ ਸੀ। ਪੰਛੀਆਂ ਦਾ ਉਡਣਾ,ਰੁੱਖਾਂ ਦਾ ਝੂੰਮਣਾ, ਬੱਦਲਾਂ ਦਾ ਤੈਰਨਾ ਤੇ ਤਿਰੰਗੇ ਦਾ ਲਹਿਰਾਉਣਾ ਸਾਰੇ ਦ੍ਰਿਸ਼ ਕੁਮੈਂਟਰੀ ਕਰਦਿਆਂ ਵਿਖਾਏ ਸਨ। ਉਹਦੀ ਜ਼ਬਾਨ ਉਤੇ ਹਿੰਦੀਆਪਣੀ ਮਾਤ ਭਾਸ਼ਾ ਪੰਜਾਬੀ ਵਾਂਗ ਹੀ ਚੜ੍ਹੀ ਹੋਈ ਸੀ। ਸ਼ਬਦ ਆਮੁਹਾਰੇ ਫੁੱਟ-ਫੁੱਟ ਨਿਕਲਦੇ ਸਨ।

ਉਹਦਾ ਜਨਮ ਇੰਜਨੀਅਰਾਂ ਦੇ ਸਿੱਖ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਸ. ਭਗਵੰਤ ਸਿੰਘ ਤੇ ਮਾਤਾ ਸ੍ਰੀਮਤੀ ਰਜਵੰਤ ਕੌਰ ਸਨ। ਉਦੋਂ ਉਹ ਰਾਜਸਥਾਨ ਵਿਚ ਜੈਪੁਰ ਨੇੜੇ ਪਿੰਡ ਬੌਲੀ ਵਿਚ ਰਹਿੰਦੇ ਸਨ। 18 ਮਈ 1931 ਨੂੰ ਜਸਦੇਵ ਸਿੰਘ ਦਾ ਜਨਮ ਹੋਇਆ। ਮੁੱਢਲੀ ਸਿੱਖਿਆ ਉਸ ਨੇ ਚਾਕਸੂ ਦੇ ਸਕੂਲ ਵਿਚੋਂ ਹਾਸਲ ਕੀਤੀ ਤੇ ਉਚੇਰੀ ਪੜ੍ਹਾਈ ਲਈ ਮਹਾਰਾਜਾ ਕਾਲਜ ਜੈਪੁਰ ਵਿਚ ਦਾਖਲ ਹੋਇਆ।ਉਹਦੀ ਪੜ੍ਹਾਈ ਦਾ ਵਿਸ਼ਾ ਬੇਸ਼ਕ ਉਰਦੂ ਸੀ ਪਰ ਆਲਾ ਦੁਆਲਾ ਜੈਪੁਰੀ ਹਿੰਦੀ ਨਾਲ ਲਬਰੇਜ਼ ਸੀ।ਉਸ ਨੇ 1948 ਵਿਚ ਮਹਾਤਮਾ ਗਾਂਧੀ ਦੇ ਅੰਤਮ ਸਸਕਾਰ ਵੇਲੇ ਮੈਲਵਿਲ ਡੀਮੈਲੋ ਦੀ ਰੇਡੀਓ ਕੁਮੈਂਟਰੀਸੁਣੀ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਦੋਂ ਤੋਂ ਹੀ ਉਹਦੇ ਮਨ ਵਿਚ ਰੇਡੀਓਕੁਮੈਂਟੇਟਰ ਬਣਨ ਦੀ ਤਮੰਨਾ ਜਾਗ ਪਈ। ਜਦ ਇਹ ਗੱਲ ਉਸ ਨੇ ਆਪਣੇ ਪਰਿਵਾਰ ਨਾਲ ਸਾਂਝੀ ਕੀਤੀ ਤਾਂ ਇੰਜਨੀਅਰ ਬਾਪ ਹੈਰਾਨ ਹੋਇਆ ਕਿ ਕੁਮੈਂਟਰੀ ਕਿਹੜੇ ਕੰਮਾਂ ’ਚੋਂ ਕੰਮ ਹੋਇਆ! ਉਹਦੀ ਮਾਂ ਬੇਸ਼ਕ ਹਿੰਦੀ ਬੋਲ ਲੈਂਦੀ ਸੀ ਪਰ ਉਸ ਨੇ ਕਿਹਾ ਕਿ ਤੈਨੂੰ ਹਿੰਦੀ ਚੰਗੀ ਤਰ੍ਹਾਂ ਨਹੀਂ ਬੋਲਣੀ ਆਉਣੀ।

ਕਾਲਜ ਦੀ ਪੜ੍ਹਾਈ ਕਰ ਕੇ ਜਸਦੇਵ ਸਿੰਘ ਆਲ ਇੰਡੀਆ ਰੇਡੀਓ ਜੈਪੁਰ ਦੀ ਨੌਕਰੀ ਲਈ ਇੰਟਰਵਿਊ ਦੇਣ ਗਿਆ ਤਾਂ ਪਹਿਲੀ ਵਾਰ ਜੁਆਬ ਮਿਲ ਗਿਆ। 1955 ਵਿਚ ਦੂਜੀ ਵਾਰ ਗਿਆ ਤਾਂ ਰੱਖ ਲਿਆ ਗਿਆ ਪਰ ਰੇਡੀਓ ਤੋਂ ਕੁਮੈਂਟਰੀ ਕਰਨ ਦਾ ਕੋਈ ਮੌਕਾ ਨਾ ਮਿਲਿਆ। ਉਹ ਜੈਪੁਰ ਦੇ ਕਾਲਜਾਂ ਤੇ ਹੋਰ ਖੇਡ ਸਮਾਗਮਾਂ ਉਤੇ ਸ਼ੌਕੀਆ ਕੁਮੈਂਟਰੀ ਕਰਨ ਦਾ ਸ਼ੌਕ ਪਾਲਦਾ ਰਿਹਾ। 1960 ਵਿਚ ਉਸ ਨੂੰ ਜੈਪੁਰ ਦੇ ਇਕ ਫੁੱਟਬਾਲ ਮੈਚ ਦੀ ਕੁਮੈਂਟਰੀ ਕਰਨ ਲਈ ਉਚੇਚਾ ਬੁਲਾਇਆ ਗਿਆ ਜਿਸ ਪਿੱਛੋਂ ਚੱਲ ਸੋ ਚੱਲ ਹੋ ਗਈ। ਉਹਦੀ ਆਵਾਜ਼ ਤੱਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਕੰਨੀਂ ਪਈ ਤਾਂ ਉਸ ਨੇ ਜਸਦੇਵ ਸਿੰਘ ਦੀ ਬਦਲੀ ਦਿੱਲੀ ਕਰਵਾ ਲਈ। 1962-63 ਤੋਂ ਉਹ ਆਲ ਇੰਡੀਆ ਰੇਡੀਓ ਤੋਂ ਆਜ਼ਾਦੀ ਤੇ ਗਣਤੰਤਰ ਦਿਵਸ ਦੀ ਕੁਮੈਂਟਰੀ ਕਰਨ ਵਾਲਾ ਪੱਕਾ ਕੁਮੈਂਟੇਟਰ ਬਣ ਗਿਆ। ਜਿਵੇਂ 1948 ਵਿਚ ਮਹਾਤਮਾਂ ਗਾਂਧੀ ਦੇ ਸਸਕਾਰ ਸਮੇਂ ਮੈਲਵਿਲ ਡੀਮੈਲੋ ਨੇ ਕੁਮੈਂਟਰੀ ਕੀਤੀ ਸੀ ਉਵੇਂ 1964 ਵਿਚ ਪੰਡਤ ਨਹਿਰੂ ਦੇ ਸਸਕਾਰ ਸਮੇਂ ਜਸਦੇਵ ਸਿੰਘ ਨੇ ਕੁਮੈਂਟਰੀ ਕੀਤੀ। ਉਸ ਦੀ ਦਰਦ ਭਰੀ ਜਜ਼ਬਾਤੀ ਆਵਾਜ਼ ਨੇ ਲੱਖਾਂ ਕਰੋੜਾਂ ਲੋਕਾਂ ਦੀਆਂ ਅੱਖਾਂ ’ਚ ਹੰਝੂ ਲਿਆ ਦਿੱਤੇ। ਫਿਰ ਉਸ ਨੂੰ 1964 ਦੀਆਂ ਓਲੰਪਿਕ ਖੇਡਾਂ, 1966 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਹਾਕੀ ਵਰਲਡ ਕੱਪ ਤੋਂ ਲੈ ਕੇ ਵਿਸ਼ਵ ਭਰ ਦੇ ਵੱਡੇ ਖੇਡ ਈਵੈਂਟ ਕਵਰ ਕਰਨ ਦੇ ਮੌਕੇ ਮਿਲਣ ਲੱਗ ਪਏ। ਚਾਰ ਚੁਫੇਰੇ ਜਸਦੇਵ-ਜਸਦੇਵ ਹੋਣ ਲੱਗੀ।

ਮੈਨੂੰ ਡਾ. ਹਰਿਭਜਨ ਸਿੰਘ ਦੀਗੱਲ ਯਾਦ ਆ ਗਈ ਹੈ। ਉਦੋਂ ਮੈਂ ਦਿੱਲੀ ਦੇ ਖ਼ਾਲਸਾ ਕਾਲਜ ਵਿਚ ਲੈਕਚਰਾਰ ਸਾਂ। ਪੰਜਾਬੀ ਦਾ ਕਵੀ ਹਰਿਭਜਨ ਸਿੰਘ ਉਥੇ ਹਿੰਦੀ ਵਿਭਾਗ ਦਾ ਮੁਖੀ ਸੀ। ਉਹ ਮੈਨੂੰ ‘ਜੱਟਾ’ ਕਹਿ ਕੇ ਬੁਲਾਉਂਦਾ ਸੀ। ‘ਆਰਸੀ’ ਵਿਚ ਮੇਰੇ ਖਿਡਾਰੀਆਂ ਬਾਰੇ ਛਪਦੇ ਲੇਖ ਪੜ੍ਹ ਕੇ ਤੇ ਕਾਲਜ ਦੀ ਅਥਲੈਟਿਕ ਮੀਟ ਉਤੇ ਕੁਮੈਂਟਰੀ ਸੁਣ ਕੇ ਇਕ ਦਿਨ ਕਹਿਣ ਲੱਗਾ, “ਜੱਟਾ, ਤੈਨੂੰ ਖੇਡਾਂ ਖਿਡਾਰੀਆਂ ਬਾਰੇ ਗੱਲ ਕਰਨੀ ਆਉਂਦੀ ਐ। ਜੇ ਤੂੰ ਇਹੋ ਕੁਝ ਹਿੰਦੀ ’ਚ ਲਿਖੇ/ਬੋਲੇਂ ਤਾਂ ਜਸਦੇਵ ਸਿੰਘ ਵਾਂਗ ਹਵਾਈ ਜਹਾਜ਼ਾਂ ’ਤੇ ਚੜ੍ਹ ਸਕਦੈਂ। ਬੱਲੇ-ਬੱਲੇ ਕਰਵਾ ਸਕਦੈਂ। ਹੁਣ ਤੇਰੇ ਕੋਲ ਸਾਈਕਲ ਐ, ਫਿਰ ਕਾਰ ਸਵਾਰ ਬਣ ਸਕਦੈਂ।”

ਸਲਾਹ ਸਿਆਣੀ ਸੀ ਪਰ ਮੈਂ ਮੰਨੀ ਨਹੀਂ ਸੀ। ਮੈਂ ਆਪਣਾ ਘੋੜਾ ਪੰਜਾਬੀ ਵਿਚ ਹੀ ਦਬੱਲੀ ਰੱਖਿਆ। ਤਿੰਨ ਦਰਜਨ ਕਿਤਾਬਾਂ ਲਿਖੀਆਂ ਗਈਆਂ ਤੇ ਦੇਸ ਪਰਦੇਸ ਦੇ ਕਬੱਡੀ ਮੇਲਿਆਂ ਤੇ ਕੁਮੈਂਟਰੀ ਕਰਨ ਦੇ ਮੌਕੇ ਮਿਲਦੇ ਗਏ। ਹਿੰਦੀ ਦੀ ਥਾਂ ਪੰਜਾਬੀ ਵਿਚ ਹੀ ਲਿਖਦਿਆਂ/ਬੋਲਦਿਆਂ ਮੈਨੂੰ ਪੰਜਾਬੀ ਪਿਆਰਿਆਂ ਨੇ ਕਾਰਾਂ ਤੇ ਹਵਾਈ ਜਹਾਜ਼ਾਂ ’ਤੇ ਚੜ੍ਹਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਿਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ। ਕਬੱਡੀ ਦੀ ਕੁਮੈਂਟਰੀ ਦਾ ਗੁਰਦਾਸ ਮਾਨ ਕਿਹਾ ਜਾਂਦਾ ਪ੍ਰੋ.ਮੱਖਣ ਸਿੰਘ ਖ਼ੁਦ ਜਸਦੇਵ ਸਿੰਘ ਦੀ ਕੁਮੈਂਟਰੀ ਤੋਂ ਪ੍ਰਭਾਵਤ ਹੋ ਕੇ ਕੁਮੈਂਟਰੀ ਕਰਨ ਲੱਗਾ ਸੀ ਜਿਸ ਦੀ ਰੀਸ ਫਿਰ ਦਰਜਨਾਂ ਕਬੱਡੀ ਕੁਮੈਂਟੇਟਰਾਂ ਨੇ ਕੀਤੀ। ਜਸਦੇਵ ਸਿੰਘ ਕੇਵਲ ਮੈਚ ਹੀ ਨਹੀਂ ਸੀ ਵਿਖਾਉਂਦਾ, ਉਹ ਖੇਡ ਮੈਦਾਨ ਦਾ ਆਲਾ ਦੁਆਲਾ,ਖੇਡ ਦੇ ਨਿਯਮ, ਸਟੇਡੀਅਮ ਦੀਆਂ ਬਾਹੀਆਂ ’ਤੇ ਲਹਿਰਾਉਂਦੇ ਪਰਚਮ, ਖਿੜੀ ਹੋਈ ਧੁੱਪ, ਨੀਲਾ ਅੰਬਰ, ਖੇਡ ਮੈਦਾਨ ਦਾ ਹਰਾ ਭਰਾ ਘਾਹ, ਸਭ ਕੁਝ ਵਿਖਾਉਂਦਾ ਸੀ। ਉਹ ਆਪਣੀ ਕੁਮੈਂਟਰੀ ਵਿਚ ਦਰਸ਼ਕਾਂ ਦੀ ਰੌਣਕ, ਪੰਛੀਆਂ ਦੀ ਚਹਿਚਹਾਟ, ਤਾੜੀਆਂ ਦਾ ਸ਼ੋਰ ਤੇ ਟੀਮਾਂ ਦੇ ਹਮਾਇਤੀਆਂ ਦੀ ਹੱਲਾਸ਼ੇਰੀ ਵੀ ਭਰ ਦਿੰਦਾ ਸੀ। ਆਵਾਜ਼ ਦਾ ਉਤਰਾਅ, ਚੜ੍ਹਾਅ ਤੇ ਠਹਿਰਾਅ, ਗੋਲ ਹੋਣ ਉਤੇ ਆਵਾਜ਼ ਦੀ ਬੁਲੰਦੀ, ਮੈਚ ਜਿੱਤਣ ਵੇਲੇ ਦਾ ਜਲੌਅ ਤੇ ਹਾਰਨ ਵੇਲੇ ਦੀ ਨਮੋਸ਼ੀ ਨੂੰ ਬਿਆਨ ਕਰਨ ਅਤੇ ‘ਲੇਕਿਨ’ ਕਹਿਣ ਦਾ ਜਸਦੇਵ ਸਿੰਘੀ ਅੰਦਾਜ਼, ਅਜਿਹਾ ਕਲਾਤਮਿਕ ਸੀ ਜੋ ਬਿਆਨੋ ਬਾਹਰ ਹੈ। ਕੁਮੈਂਟਰੀ ਦਾ ਉਹ ਬਾਦਸ਼ਾਹ ਹੀ ਨਹੀਂ, ਸ਼ਹਿਨਸ਼ਾਹ ਸੀ।



ਮੈਨੂੰ ਨਵੀਂ ਦਿੱਲੀ-1982 ਦੀਆਂ ਏਸ਼ਿਆਈ ਖੇਡਾਂ ਯਾਦ ਆ ਰਹੀਆਂ ਹਨ। ਜਿੱਦਣ ਭਾਰਤ ਤੇ ਪਾਕਿਸਤਾਨ ਵਿਚਾਲੇ ਹਾਕੀ ਦਾ ਫਾਈਨਲ ਮੈਚ ਹੋਇਆ ਸਾਰੀ ਦਿੱਲੀ ਥਾਏਂ ਖੜ੍ਹ ਗਈ ਸੀ। ਲੋਕ ਟੀਵੀਆਂ ਮੂਹਰੇ ਬੈਠੇ ਸਨ ਜਾਂ ਰੇਡੀਓਤੇ ਟਰਾਂਜ਼ੀਸਟਰਾਂ ਸਿਰ੍ਹਾਣੇ। ਭਾਰਤੀ ਟੀਮ ਦਾ ਕੋਚ-ਮੈਨੇਜਰ ਬਲਬੀਰ ਸਿੰਘ ਹਿੱਕ ਥਾਪੜ ਕੇ ਕਹਿ ਚੁੱਕਾ ਸੀ, ਐਤਕੀਂ ਗੋਲਡ ਮੈਡਲ ਸਾਡਾ ਹੈ। ਦੂਜੇ ਪਾਸੇ ਪਾਕਿਸਤਾਨੀ ਵੀ ਉਡਣੇ ਬਾਜ਼ ਸਨ। ਮੈਚ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਹੀ ਨੈਸ਼ਨਲ ਸਟੇਡੀਅਮ ਕੰਢਿਆਂ ਤਕ ਭਰ ਗਿਆ ਸੀ। ਫਿਲਮੀ ਹੀਰੋ ਅਮਿਤਾਭ ਬੱਚਨ ਦਰਸ਼ਕਾਂ ਦਾ ਧਿਆਨ ਬਦੋਬਦੀ ਖਿੱਚ ਰਿਹਾ ਸੀ। ਪ੍ਰੈੱਸ ਬਾਕਸ ਵਿਚ ਮੇਰੀ ਸੀਟ ਕੁਮੈਂਟੇਟਰ ਜਸਦੇਵ ਸਿੰਘ ਦੇ ਪਿੱਛੇ ਸੀ। ਜਸਦੇਵ ਸਿੰਘ ਪਾਣੀ ਦਾ ਗਿਲਾਸ ਮੰਗ ਰਿਹਾ ਸੀ ਪਰ ਏਨੀ ਭੀੜ ’ਚ ਪਾਣੀ ਕਿਤੋਂ ਮਿਲ ਨਹੀਂ ਸੀ ਰਿਹਾ। ਪੌਣੇ ਤਿੰਨ ਵਜੇ ਸਭ ਗੇਟ ਬੰਦ ਹੋ ਗਏ ਸਨ। ਅੰਦਰ ਦੇ ਅੰਦਰ ਤੇ ਬਾਹਰ ਦੇ ਬਾਹਰ ਰੋਕ ਦਿੱਤੇ ਗਏ। ਜਸਦੇਵ ਸਿੰਘ ਨੂੰ ਹਾਲਾਂ ਤਕ ਖਿਡਾਰੀਆਂ ਦੇ ਨਾਵਾਂ ਦੀ ਸੂਚੀ ਨਹੀਂ ਸੀ ਮਿਲੀ ਤੇ ਉਹ ਪ੍ਰਬੰਧਕਾਂ ਨੂੰ ਕੋਸ ਰਿਹਾ ਸੀ। ਫਿਰ ਉਹ ਪਾਕਿਸਤਾਨ ਦੇ ਕੁਮੈਂਟੇਟਰ ਇਸਲਾਹੁਦੀਨ ਕੋਲ ਗਿਆ ਤੇ ਉਹਦੇ ਕੋਲੋਂ ਖਿਡਾਰੀਆਂ ਦੀ ਸੂਚੀ ਲੈ ਕੇ ਆਇਆ। ਇਸਲਾਹੁਦੀਨ ਅੱਡ ਖ਼ਫ਼ਾ ਹੋਇਆ ਬੈਠਾ ਸੀ। ਉਹਦੀ ‘ਹੈਲੋ-ਹੈਲੋ’ ਦਾ ਰੇਡੀਓ ਪਾਕਿਸਤਾਨ ਵੱਲੋਂ ਕੋਈ ਜਵਾਬ ਨਹੀਂ ਸੀ ਆ ਰਿਹਾ ਤੇ ਉਹ ਮੱਥੇ ’ਤੇ ਹੱਥ ਮਾਰਦਾ ਭਾਰਤੀ ਟੈਕਨੀਸ਼ਨਾਂ ਵੱਲ ਲਾਲ-ਪੀਲੀਆਂ ਅੱਖਾਂ ਕੱਢ ਰਿਹਾ ਸੀ। ਉਧਰ ਸਟੈਂਡਾਂ ਉਤੇ ਦਰਸ਼ਕਾਂ ਦੀ ਹਾਤ-ਹੂਤ ਦਾ ਏਨਾ ਸ਼ੋਰ ਸੀ ਜਿਵੇਂ ਸਟੇਡੀਅਮ ’ਚ ਭੁਚਾਲ ਆ ਗਿਆ ਹੋਵੇ। ਜਸਦੇਵ ਸਿੰਘ ਨਾਲ ਦੀ ਨਾਲ ਦਰਸ਼ਕਾਂ ਦੇ ਰਉਂ ਦਾ ਨਜ਼ਾਰਾ ਪੇਸ਼ ਕਰੀ ਜਾ ਰਿਹਾ ਸੀ।ਉਧਰ ਸੰਚਾਲਣ ਕਮੇਟੀ ਦੇ ਪ੍ਰਧਾਨ ਬੂਟਾ ਸਿੰਘ ਨੇ ਦਰਸ਼ਕਾਂ ਨੂੰ ਤਿਰੰਗੀਆਂ ਝੰਡੀਆਂ ਨਾਲ ਲੈਸ ਕਰਵਾ ਦਿੱਤਾ ਸੀ।

ਮੈਚ ਸ਼ੁਰੂ ਹੋਇਆ ਤਾਂ ਸਾਰਾ ਸਟੇਡੀਅਮ ਤਿਰੰਗੇ ਰੰਗ ਵਿਚ ਰੰਗਿਆ ਗਿਆ। ਜਦੋਂ ਭਾਰਤ ਦੇ ਖਿਡਾਰੀ ਗੇਂਦ ਲੈ ਕੇ ਅੱਗੇ ਵਧਦੇ ਤਾਂ ਸ਼ੋਰ ਦੀਆਂ ਲਹਿਰਾਂ ਅਕਾਸ਼ੀਂ ਜਾ ਚੜ੍ਹਦੀਆਂ। ਚੌਥੇ ਮਿੰਟ ’ਚ ਹੀ ਭਾਰਤੀ ਟੀਮ ਦੇ ਕਪਤਾਨ ਜ਼ਫਰ ਇਕਬਾਲ ਨੇ ਗੋਲ ਕੀਤਾ ਤਾਂ ਹਜ਼ਾਰਾਂ ਕਿਲਕਾਰੀਆਂ ਵੱਜੀਆਂ। ਪਰ 17ਵੇਂ ਮਿੰਟ ’ਚ ਜਦੋਂਕਲੀਮਉੱਲਾ ਨੇ ਡਾਜ ਮਾਰ ਕੇ ਗੋਲ ਲਾਹਿਆ ਤਾਂ ਪੌੜੀਆਂ ਉਤਲਾ ਸ਼ੋਰਗੁਲ ਵੀ ਸੌਂ ਗਿਆ ਤੇ ਭਾਰਤੀ ਟੀਮ ਦੀ ਵੀ ਜਿਵੇਂ ਫੂਕ ਨਿਕਲ ਗਈ। 19ਵੇਂ ਮਿੰਟ ’ਚ ਪਾਕਿਸਤਾਨੀ ਟੀਮ ਨੇ ਇਕ ਹੋਰ ਗੋਲ ਕੀਤਾ ਤਾਂ ਜਾਣੋ ਦਰਸ਼ਕਾਂ ਦੇ ਮਾਪੇ ਹੀ ਮਰ ਗਏ ਤੇ ਤਿਰੰਗੀਆਂ ਝੰਡੀਆਂ ਬੁੱਕਲਾਂ ’ਚ ਲੁਕੋ ਲਈਆਂ ਗਈਆਂ। ਜਸਦੇਵ ਸਿੰਘ ਨੇ ਧੌਣਪਿੱਛੇ ਘੁਮਾ ਕੇ ਸਾਨੂੰ ਕਿਹਾ, “ਮੈਂ ਸਰਦਾਰ ਬੂਟਾ ਸਿੰਘ ਨੂੰ ਪਹਿਲਾਂ ਈ ਆਖਿਆ ਸੀ ਕਿ ਆਪਾਂ ਹੋਸਟ ਆਂ ਤੇ ਆਪਾਂ ਨੂੰ ਝੰਡੀਆਂ ਵੰਡਣਾ ਸ਼ੋਭਾ ਨਹੀਂ ਦਿੰਦਾ।”ਉਸ ਨੇ ਇਹ ਵੀ ਕਿਹਾ, “ਆਮ ਵੇਖਿਆ ਗਿਐ ਕਿ ਜਦੋਂ ਭਾਰਤ ਪਾਕਿਸਤਾਨ ਸਿਰ ਪਹਿਲਾ ਗੋਲ ਕਰੇ ਤਾਂ ਅਕਸਰ ਹਾਰਦੈ।”

ਜਿਵੇਂ-ਜਿਵੇਂ ਮੈਚ ਅੱਗੇ ਵਧਿਆ ਪਾਕਿਸਤਾਨੀ ਖਿਡਾਰੀ ਹੋਰ ਚੜ੍ਹਦੇ ਗਏ। ਉਨ੍ਹਾਂ ਨੇ ਉਪਰੋਥਲੀ ਸੱਤ ਗੋਲ ਕੀਤੇ ਤੇ ਭਾਰਤੀ ਟੀਮ ਨੂੰ ਉਹਦੇ ਹੀ ਘਰ ਉਹਦੇ ਹਮਾਇਤੀਆਂ ਸਾਹਮਣੇ ਏਨੀ ਸ਼ਰਮਨਾਕ ਹਾਰ ਦਿੱਤੀ ਜਿਸ ਨੂੰ ਭਾਰਤੀ ਖਿਡਾਰੀ ਡਰਾਉਣੇ ਸੁਫ਼ਨੇ ਵਾਂਗ ਕਦੇ ਵੀ ਨਹੀਂ ਭੁੱਲ ਸਕਣਗੇ। ਉੱਦਣ ਜਸਦੇਵ ਸਿੰਘ ਨੂੰ ਮੈਂ ਡਾਢਾ ਉਦਾਸ ਵੇਖਿਆ। ਮੇਰੀ ਬਦਕਿਸਮਤੀ ਹੈ ਕਿ ਉਸ ਤੋਂ ਬਾਅਦ ਮੈਂ ਜਸਦੇਵ ਸਿੰਘ ਦੇ ਦਰਸ਼ਨ ਨਹੀਂ ਕਰ ਸਕਿਆ। ਉਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਭਾਰਤ ਦੇ ਰਾਸ਼ਟਰਪਤੀ ਨੇ 1985 ਵਿਚ ਪਦਮ ਸ੍ਰੀ ਤੇ 2008 ਵਿਚ ਪਦਮ ਭੂਸ਼ਨ ਦੇ ਪੁਰਸਕਾਰ ਦਿੱਤੇ। 1988 ਵਿਚ ਸਿਓਲ ਉਲੰਪਿਕਸ ਉਤੇ ਇੰਟਰਨੈਸ਼ਨਲ ਉਲੰਪਿਕ ਕਮੇਟੀ ਦੇ ਪ੍ਰਧਾਨ ਜੁਆਂ ਐਨਟਾਰੀਓ ਸਮਾਰੰਚ ਨੇ ਉਲੰਪਿਕ ਆਰਡਰ ਨਾਲ ਜਸਦੇਵ ਸਿੰਘ ਨੂੰ ਸਨਮਾਨਿਤ ਕੀਤਾ।

ਪਿਛਲੇ ਕੁਝ ਸਮੇਂ ਤੋਂ ਉਹ ਭੁੱਲਣਰੋਗ ਦਾ ਸ਼ਿਕਾਰ ਹੋ ਗਿਆ ਸੀ ਤੇ ਪਰਕਿਨਸਨ ਦਾ ਮਰੀਜ਼ ਵੀ। ਉਹਦੇ ਹੱਥ ਕੰਬਣ ਲੱਗ ਪਏ ਸਨ। ਉਸ ਨੇ ਚੁਰਾਸੀ ਕੱਟ ਲਈ ਸੀ ਤੇ 87ਵੇਂ ਸਾਲ ਵਿਚ ਵਿਚਰ ਰਿਹਾ ਸੀ। ਉਹ ‘ਲਿਵਿੰਗ ਲੀਜ਼ਿੰਡ’ ਸੀ। 25 ਸਤੰਬਰ 2018 ਨੂੰ ਦਿੱਲੀ ਵਿਚ ਉਸ ਨੇ ਜੀਵਨ ਦਾ ਆਖ਼ਰੀ ਸਾਹ ਲਿਆ ਅਤੇ ਪਤਨੀ, ਪੁੱਤਰ, ਧੀ ਦੇ ਭਰੇ ਪਰਿਵਾਰ ਅਤੇ ਆਪਣੇ ਲੱਖਾਂ ਕਰੋੜਾਂ ਪਰਸੰਸਕਾਂ ਨੂੰ ਅਲਵਿਦਾ ਕਹਿ ਗਿਆ। ਉਹਦੀਆਂ ਗੱਲਾਂ ਦੇਰ ਤਕ ਹੁੰਦੀਆਂ ਰਹਿਣਗੀਆਂ। ਅਜਿਹੇ ਵਿਅਕਤੀ ਨਿੱਤ-ਨਿੱਤ ਨਹੀਂ ਜੰਮਦੇ।

# ਪੰਜਾਬੀ ਗਾਇਕੀ ਦੇ ਬਨੇਰੇ ਦੀ ਬੱਤੀ

-ਦਰਦੀ ਸਰਬਜੀਤ-

ਸ਼ਮਸ਼ਾਦ ਬੇਗਮ ਉਹ ਗਾਇਕਾ ਹੈ, ਜਿਸ ਨੇ ਆਪਣੇ ਗੀਤਾਂ ਨਾਲ ਪੰਜਾਬੀਅਤ ਦੀ ਖੁਸ਼ਬੋ ਦੂਰ ਤੱਕ ਪੁਚਾਈ। ਅੱਜ ਵੀ ਉਨ੍ਹਾਂ ਵੱਲੋਂ ਗਾਏ ਗੀਤਾਂ ਨੂੰ ਪਹਿਲਾਂ ਵਾਂਗ ਸੁਣਿਆ ਜਾਂਦਾ ਹੈ। ਭਾਵੇਂ ਅੱਜ ਉਹ ਸਾਡੇ ਵਿਚਕਾਰ ਨਹੀਂ, ਪਰ ਉਨ੍ਹਾਂ ਦੀ ਸੁਰੀਲੀ ਆਵਾਜ਼ ਹਮੇਸ਼ਾ ਆਪਣੀ ਮੌਜੂਦਗੀ ਦਾ ਅਹਿਸਾਸ ਕਰਾਉਂਦੀ ਰਹਿੰਦੀ ਹੈ। ਸ਼ਮਸ਼ਾਦ ਬੇਗਮ ਨੇ 14 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਖੇ ਪਹਿਲੀ ਕਿਲਕਾਰੀ ਮਾਰੀ। ਜਨਮ ਤੋਂ 18 ਸਾਲ ਬਾਅਦ ਉਨ੍ਹਾਂ ਨੇ ਆਪਣੀ ਗਾਇਕੀ ਦਾ ਆਗਾਜ਼ 16 ਦਸੰਬਰ 1937 ਨੂੰ ਆਲ ਇੰਡੀਆ ਰੇਡੀਓ ਲਾਹੌਰ ਤੋਂ ਸ਼ੁਰੂ ਕੀਤਾ। ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਗਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਸ਼ਮਸ਼ਾਦ ਬੇਗਮ ਨੇ ਆਪਣੇ ਪਿਤਾ ਨੂੰ ਇਹ ਬਚਨ ਦਿੱਤਾ ਕਿ ਉਹ ਕੈਮਰੇ ਦੀਆਂ ਨਜ਼ਰਾਂ ਤੋਂ ਦੂਰ ਰਹੇਗੀ। 1970 ਤੱਕ ਇਹ ਗਾਇਕਾ ਵੱਡੇ ਪਰਦੇ ਜਾਂ ਕੈਮਰੇ ਦੇ ਸਾਹਮਣੇ ਨਹੀਂ ਆਈ। ਉਨ੍ਹਾਂ ਨੇ ਜਿਉਂਦੇ ਜੀਅ ਕਿਸੇ ਅਖਬਾਰ ਜਾਂ ਮੈਗਜ਼ੀਨ ਵਿੱਚ ਕਦੇ ਆਪਣੀ ਤਸਵੀਰ ਨਾ ਛਪਵਾਈ। ਉਨ੍ਹਾਂ ਨੇ ਆਪਣੀ ਪਛਾਣ ਚਿਹਰੇ ਨਹੀਂ, ਆਪਣੀ ਸੁਰੀਲੀ ਆਵਾਜ਼ ਨਾਲ ਬਣਾਈ, ਜੋ ਸੰਗੀਤ ਪ੍ਰੇਮੀਆਂ ਦੇ ਧੁਰ ਤੱਕ ਉਤਰ ਗਈ। ਉਨ੍ਹਾਂ ਨੇ ਆਪਣੇ ਪੂਰੇ ਜੀਵਨ ਵਿੱਚ ਸਿਰਫ ਦੋ ਇੰਟਰਵਿਊ ਦਿੱਤੇ। ਪਹਿਲੀ 1980 ਤੇ ਦੂਜੀ 2012 ਵਿੱਚ। ਹੌਲੀ-ਹੌਲੀ ਗਾਇਕੀ ਦੇ ਖੇਤਰ ਵਿੱਚ ਅੱਗੇ ਵਧਦੀ ਇਸ ਗਾਇਕਾ ਦੀ ਕਸਕ ਤੇ ਜਾਦੂਭਰੀ ਆਵਾਜ਼ ਦਾ ਪ੍ਰਭਾਵ ਉਘੇ ਸੰਗੀਤਕਾਰ ਮਾਸਟਰ ਗੁਲਾਮ ਹੈਦਰ 'ਤੇ ਪਿਆ। ਇਸ ਸੰਗੀਤਕਾਰ ਨੇ ਉਸ ਨੂੰ ਸਹਾਇਕ ਗਾਇਕਾ ਵੱਜੋਂ ਫਿਲਮ ‘ਜੱਟ' ਵਿੱਚ ਗੀਤ ਗਾਉਣ ਦਾ ਮੌਕਾ ਦੇ ਦਿੱਤਾ। ‘ਪੰਚੋਲੀ ਆਰਟ ਬੈਨਰ' ਦੀ ਰਹਿਨੁਮਾਈ ਵਿੱਚ ਤਿਆਰ ਹੋਈ ਫਿਲਮ ‘ਹੀਰੋ' ਦੇ ਵਲੀ ਸਾਹਿਬ ਵੱਲੋਂ ਲਿਖੇ ਗੀਤ ‘ਕਣਕਾਂ ਦੀਆਂ ਫਸਲਾਂ ਪੱਕੀਆਂ ਨੇ', ‘ਸੁਪਨੇ ਵਿੱਚ ਸੁਪਨਾ ਤੱਕਿਆ', ‘ਆ ਦੁੱਖੜੇ ਫੋਲ', ‘ਤੁਸੀਂ ਅੱਖੀਆਂ ਦਾ ਮੇਲ ਕਰਲੋ' ਆਦਿ ਬਹੁਤ ਪਸੰਦ ਕੀਤੇ ਗਏ। ਜਦੋਂ ਉਨ੍ਹਾਂ ਦੀ ਗਾਇਕੀ ਤਰੱਕੀ ਦੇ ਰਾਹ ਸਵਾਰ ਹੋਈ ਤਾਂ ਉਨ੍ਹਾਂ ਦਾ ਸੰਗੀਤਕਾਰ ਗੁਲਾਮ ਹੈਦਰ ਦੇ ਸੰਗੀਤ ਨਾਲ ਨਹੁੰ ਮਾਸ ਦਾ ਰਿਸ਼ਤਾ ਬਣਿਆ। ਸਾਲ 1941 ਵਿੱਚ ਸ਼ਮਸ਼ਾਦ ਬੇਗਮ ਨੇ ‘ਚੌਧਰੀ' ਫਿਲਮ ਵਿੱਚ ਉਨ੍ਹਾਂ ਵੱਲੋਂ ਤਿਆਰ ਕੀਤੇ ਸੰਗੀਤ 'ਚ ਗੀਤਕਾਰ ਐਫ ਡੀ ਸਰਫ ਦੇ ਲਿਖੇ ਦੋ ਖੂਬਸੂਰਤ ਨਗਮੇ ਗਏ, ਜੋ ਬੇਹੱਦ ਪਸੰਦ ਕੀਤੇ ਗਏ। ਉਨ੍ਹਾਂ ਨੇ ਫਿਰ ਇਸੇ ਸੰਗੀਤਕਾਰ ਦੇ ਸੰਗੀਤ 'ਚ ਵਲੀ ਸਾਹਿਬ ਦੇ ਸਿਰਜੇ ਗੀਤ ‘ਮੋਹੇ ਭਾਬੀ ਲਾ ਦੋ ਭਈਆ', ‘ਸਾਵਨ ਕੇ ਨਜ਼ਾਰੇ ਹੈ', ‘ਤੇਰੀ ਆਂਖੇ ਹੈਂ ਮਦ ਕੀ ਪਿਆਲੀ', ‘ਏਕ ਕਲੀ ਨਾਜ਼ੋ ਸੇ ਪਲੀ', ‘ਨੈਨੋ ਕੇ ਬਾਨ ਕੀ ਪ੍ਰੀਤ ਅਨੋਖੀ' ਆਦਿ ਨਗਮੇ ਗਏ ਜੋ ਸਰੋਤਿਆਂ ਵੱਲੋਂ ਬਹੁਤ ਪਸੰਦ ਕੀਤੇ ਗਏ।

1942 ਅਤੇ 1943 ਵਿੱਚ ਪੰਜਾਬ ਦੀ ਇਸ ਧੀ ਨੇ ‘ਦੁਨੀਆਂ ਮੇਂ ਗਰੀਬੋਂ ਕੋ ਅਰਾਮ ਨਹੀਂ ਮਿਲਤਾ' (ਫਿਲਮ ਜ਼ਿਮੀਂਦਾਰ), ‘ਮੇਰੀ ਹਾਲ ਪਰ ਬੇਬਸੀ ਹੋ ਰਹੀ ਹੈ' (ਪੂੰਜੀ), ‘ਗਾੜੀ ਵਾਲੇ ਦੁਪੱਟਾ ਉੜਾ ਜਾਏ ਰੇ' ਗੀਤਾਂ ਨਾਲ ਵੀ ਸਰੋਤਿਆਂ ਦੇ ਦਿਲਾਂ 'ਤੇ ਰਾਜ ਕੀਤਾ। ਮਾਸਟਰ ਗੁਲਾਮ ਹੈਦਰ ਦੇ ਸੰਗੀਤ ਤੋਂ ਬਿਨਾ ਸ਼ਮਸ਼ਾਦ ਬੇਗਮ ਨੇ ਆਪਣੀ ਆਵਾਜ਼ ਦਾ ਜਾਦੂ ਸੰਗੀਤਕਾਰਾਂ ਸ਼ਿਆਮ ਸੁੰਦਰ, ਨੌਸ਼ਾਦ ਅਲੀ, ਐਸ ਡੀ ਬਰਮਨ, ਵਿਨੋਦ ਹੰਸ ਰਾਜ ਬਹਿਲ, ਸਜਾਦ ਹੁਸੈਨ, ਗੁਲਾਮ ਮੁਹੰਮਦ, ਸ੍ਰੀ ਰਾਮ ਚੰਦਰ, ਭਗਤ ਰਾਮ, ਓ ਪੀ ਨਈਅਰ, ਪੰਡਿਤ ਹੁਸਨ ਲਾਲ, ਪੰਡਿਤ ਖੇਮ ਚੰਦ ਪ੍ਰਕਾਸ਼, ਅਨਿਲ ਬਿਸਵਾਸ, ਸਰਦੂਲ ਕਵਾਤੜਾ, ਐਸ ਮੋਹਿੰਦਰ, ਅੱਲਾ ਰੱਖਾ ਕੁਰੈਸ਼ੀ ਆਦਿ ਦੇ ਸੰਗੀਤ ਵਿੱਚ ਵੀ ਭਰਿਆ ਹੈ।

ਸਰੋਤਿਆਂ ਅੱਗੇ ਸਦਾ ਚੰਗੇ ਗੀਤ ਪੇਸ਼ ਕਰਨ ਵਾਲੀ ਅਤੇ ਤਾਮਿਲ, ਰਾਜਸਥਾਨੀ, ਭੋਜਪੁਰੀ, ਹਿੰਦੀ, ਪੰਜਾਬੀ ਅਤੇ ਹੋਰ ਵੀ ਭਾਸ਼ਾਵਾਂ ਵਿੱਚ ਗੀਤ ਗਾਉਣ ਵਾਲੀ ਸ਼ਮਸ਼ਾਦ ਬੇਗਮ 1955 ਵਿੱਚ ਆਪਣੇ ਜੀਵਨ ਸਾਥੀ ਦੇ ਗੁਜ਼ਰ ਜਾਣ 'ਤੇ ਕਾਫੀ ਉਦਾਸ ਰਹਿਣ ਲੱਗੀ। ਇਸ ਨਾਲ ਉਸ ਦੀ ਜ਼ਿੰਦਗੀ 'ਚ ਕਾਫੀ ਉਤਰਾਅ ਚੜ੍ਹਾਅ ਆਏ। ਅਜਿਹੇ ਵਿੱਚ ਉਨ੍ਹਾਂ ਗੀਤ ਗਾਉਣੇ ਘੱਟ ਕਰ ਦਿੱਤੇ। 1960 ਦੇ ਆਸ ਪਾਸ ਉਨ੍ਹਾਂ ਨੇ ਸੰਗੀਤਕ ਖੇਤਰ ਤੋਂ ਕਿਨਾਰਾ ਕਰ ਲਿਆ ਸੀ, ਪਰ ਸੰਗੀਤਕਾਰ ਓ ਪੀ ਨਈਅਰ ਨੇ 1966 ਵਿੱਚ ਸ਼ਮਸ਼ਾਦ ਬੇਗਮ ਨੂੰ ਫਿਲਮ ‘ਕਿਸਮਤ' ਵਿੱਚ ਆਸ਼ਾ ਭੋਸਲੇ ਨਾਲ ‘ਕਜ਼ਰਾ ਮੁਹੱਬਤ ਵਾਲਾ' ਗੀਤ ਗਾਉਣ ਲਈ ਜ਼ੋਰ ਪਾ ਕੇ ਹਾਂ ਕਰਵਾਈ। ਇਹ ਗੀਤ ਐਨਾ ਹਿੱਟ ਹੋਇਆ ਕਿ ਇਹ ਸਭ ਸੰਗੀਤ ਪ੍ਰੇਮੀਆਂ ਤੇ ਕਲਾ ਪ੍ਰੇਮੀਆਂ ਦੀ ਜ਼ੁਬਾਨ ਦਾ ਸ਼ਿੰਗਾਰ ਬਣਿਆ। ਇਸ ਨੇ ਸ਼ਮਸ਼ਾਦ ਬੇਗਮ ਦੀ ਸੁੰਨੀ ਜ਼ਿੰਦਗੀ ਵਿੱਚ ਰੌਣਕ ਭਰ ਦਿੱਤੀ।

ਉਨ੍ਹਾਂ ਵੱਲੋਂ ਗਾਇਕੀ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ 26 ਜਨਵਰੀ 2009 ਨੂੰ ਰਾਸ਼ਟਰਪਤੀ ਭਵਨ ਵਿਖੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ‘ਪਦਮ ਭੂਸ਼ਨ' ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। 1998 ਵਿੱਚ ਉਨ੍ਹਾਂ ਦਾ ਦੇਹਾਂਤ ਹੋਣ ਦੀ ਖਬਰ ਜੰਗਲ 'ਚ ਲੱਗੀ ਅੱਗ ਵਾਂਗ ਫੈਲ ਗਈ, ਜਦੋਂ ਕਿ ਉਹ ਬਿਲਕੁਲ ਤੰਦਰੁਸਤ ਸਨ। ਅਖਬਾਰਾਂ ਵਿੱਚ ਉਨ੍ਹਾਂ ਦੀ ਮੌਤ ਦੀਆਂ ਖਬਰਾਂ ਛਪ ਗਈਆਂ। ਉਦੋਂ ਮੌਤ ਅਦਾਕਾਰਾ ਸ਼ਾਇਰਾ ਬਾਨੋ ਦੀ ਨਾਨੀ ਦੀ ਹੋਈ ਸੀ, ਜਿਸ ਦਾ ਨਾਂ ‘ਸ਼ਮਸ਼ਾਦ ਵਾਹਿਦ ਖਾਨ' ਸੀ। ਮਿਲਦੇ ਜੁਲਦੇ ਨਾਂ ਹੋਣ ਕਾਰਨ ਵੱਡਾ ਭੁਲੇਖਾ ਪੈ ਗਿਆ ਸੀ। ਪੁਸ਼ਟੀ ਹੋਣ 'ਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਨੇ ਸੁੱਖ ਦਾ ਸਾਹ ਲਿਆ। ਪੂਰੀ ਜ਼ਿੰਦਗੀ ਸੰਗੀਤ ਸੇਵਾ ਕਰਨ ਬਦਲੇ ਉਨ੍ਹਾਂ ਨੂੰ ਓ ਪੀ ਨਈਅਰ ਫਾਊਂਡੇਸ਼ਨ ਨੇ ਐਵਾਰਡ ਨਾਲ ਸਨਮਾਨਤ ਕੀਤਾ ਤਾਂ ਉਨ੍ਹਾਂ ਨੇ ਇਸ ਪੁਰਸਕਾਰ ਨੂੰ ਸਵੀਕਾਰ ਕਰ ਲਿਆ, ਪਰ ਇਸ ਨਾਲ ਮਿਲੀ ਰਕਮ ਲੈਣ ਤੋਂ ਇਨਕਾਰ ਕਰਦਿਆਂ ਇਹ ਰਾਸ਼ੀ ਲੋੜਵੰਦਾਂ ਅਤੇ ਗਰੀਬਾਂ ਨੂੰ ਦਾਨ ਕਰਨ ਲਈ ਦੇ ਦਿੱਤੀ।

ਸ਼ਮਸ਼ਾਦ ਬੇਗਮ ਵੱਲੋਂ ਗਾਏ ਹਰ ਗੀਤ ਨੂੰ ਸਰੋਤਿਆਂ ਨੇ ਰੱਜਵਾਂ ਪਿਆਰ ਦਿੱਤਾ। ਉਨ੍ਹਾਂ ਵੱਲੋਂ ਗਾਏ ਪੰਜਾਬੀ ਦੇ ਪ੍ਰਸਿੱਧ ਗੀਤਾਂ ਵਿੱਚ ਸ਼ਾਮਲ ਹਨ:

ਤੁਣਕਾ-ਤੁਣਕਾ ਮਾਰ ਕੇ
ਦੋ ਨੈਣਾਂ ਦਾ ਤੀਰ ਸਾਡਾ ਕਲੇਜਾ ਗਿਆ ਚੀਰ

...........

ਬੱਤੀ ਬਾਲ ਕੇ ਬਨੇਰੇ ਉਤੇ ਰੱਖਦੀ ਆਂ

............

ਛੱਡ ਦੇ ਤੂੰ ਮੇਰਾ ਦੁਪੱਟਾ ਸੁਣ ਮਾਝੇ ਦਿਆ ਜੱਟਾ

............

ਮੈਂ ਤੇ ਸਾਂ ਮਲੂਕ ਜਿਹੀ ਜੱਟ ਪੱਲੇ ਪੈ ਗਿਆ

............

ਨੀ ਟੁੱਟ ਜਾਏ ਰੇਲ ਗੱਡੀਏ

.............

ਆਇਆ ਨਾ ਚੰਨ ਬੀਤੀ ਏ ਬਹਾਰ

..............

ਕੱਚੀ ਟੁੱਟੀ ਗਈ ਜਿਨ੍ਹਾਂ ਦੀ ਯਾਰੀ

.................

ਗੁੜ ਖਾਂਦੀ ਤੇ ਨਾਲੇ ਗੰਨੇ ਚੂਪਦੀ

..............

ਰੁੱਤ ਭੰਗੜਾ ਪਾਉਣ ਦੀ ਆਈ

...............

ਚਿੱਟੇ-ਚਿੱਟੇ ਬੱਦਲਾਂ ਦੀ ਛਾਂ ਡੋਲਦੀ

..............

ਮੈਂ ਜੱਟੀ ਪੰਜਾਬ ਦੀ ਮੇਰਾ ਰੇਸ਼ਮ ਵਰਗਾ ਲੱਕ

ਸ਼ਮਸ਼ਾਦ ਬੇਗਮ ਨੇ ਪੰਜਾਬੀ ਗੀਤਾਂ ਤੋਂ ਇਲਾਵਾ ਕਈ ਹਿੰਦੀ ਫਿਲਮਾਂ ਵਿੱਚ ਵੀ ਅਨੇਕਾਂ ਗੀਤ ਗਾਏ, ਜੋ ਬਹੁਤ ਮਕਬੂਲ ਹੋਏ। ਉਨ੍ਹਾਂ ਵਿੱਚ ਹਨ:

ਆਨਾ ਮੇਰੀ ਜਾਨ ਸੰਡੇ ਕੇ ਸੰਡੇ (ਸ਼ਹਿਨਾਈ)
ਮੇਰੇ ਪੀਆ ਗਏ ਰੰਗੂਨ (ਪਤੰਗਾ)
ਸਈਆਂ ਦਿਲ ਮੇਂ ਆਨਾ ਰੇ (ਬਹਾਰ)
ਕਭੀ ਆਰ ਕਭੀ ਪਾਰ ਲਾਗਾ ਤੀਰ-ਏ-ਨਜ਼ਰ (ਆਰ ਪਾਰ)
ਬੂਝ ਮੇਰਾ ਕਿਆ ਨਾਓ ਰੇ (ਸੀ ਆਈ ਡੀ)
ਗਾੜੀ ਵਾਲੇ ਗਾੜੀ ਧੀਰੇ ਹਾਂਕ ਰੇ (ਮਦਰ ਇੰਡੀਆ)
ਕਜ਼ਰਾ ਮੁਹੱਬਤ ਵਾਲਾ (ਕਿਸਮਤ)

ਆਪਣੇ ਗੀਤਾਂ ਨਾਲ ਅਮਰ ਹੋਣ ਵਾਲੀ ਇਸ ਗਾਇਕਾ ਨੇ 23 ਅਪ੍ਰੈਲ 2013 ਨੂੰ ਭੌਤਿਕ ਸੰਸਾਰ ਨੂੰ ਤਿਆਗ ਦਿੱਤਾ। ਪਰ ਉਨ੍ਹਾਂ ਦੀ ਆਵਾਜ਼ ਦਾ ਜਾਦੂ ਰਹਿੰਦੀ ਦੁਨੀਆ ਤੱਕ ਚੱਲਦਾ ਰਹੇਗਾ।

# ਏਨਾ ਹੁਸਨ ਪੇ ਗ਼ਰੂਰ ਨਾ ਹਜ਼ੂਰ ਕੀਜੀਏ

ਰਮੇਸ਼ ਕੁਮਾਰ

ਸੋਹਣੀ ਇਸਤਰੀ ਜੰਗਲ ਦੀ ਅੱਗ ਵਾਂਗ ਹੁੰਦੀ ਹੈ, ਜੋ ਸਭ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਕਈ ਔਰਤਾਂ ਨੂੰ ਆਪਣੇ ਹੁਸਨ ਤੇ ਏਨਾ ਗ਼ਰੂਰ ਤੇ ਆਕੜ ਹੁੰਦੀ ਹੈ ਕਿ ਉਹ ਆਪਣੇ ਪਤੀ ਤੋਂ ਬਿਨਾਂ ਕਿਸੇ ਗੈਰ ਮਰਦ ਨਾਲ ਬੋਲਣ ਸਮੇਂ ਬੜੇ ਨਾਜ਼ ਨਖਰੇ ਨਾਲ ਬੜਾ ਥੋੜ੍ਹਾ ਜਿਹਾ ਮੂੰਹ ਖੋਲ੍ਹਣਗੀਆਂ, ਜਿਵੇਂ ਸਾਹਮਣੇ ਵਾਲਾ ਉਨ੍ਹਾਂ ਦਾ ਕੁਝ ਲਾਹ ਲਵੇਗਾ। ਅਜਿਹੀ ਇੱਕ ਹਸੀਨਾ ਮੇਰੇ ਨਾਲ ਦੇ ਕੁਆਰਟਰ ਵਿੱਚ ਆਪਣੇ ਪਤੀ ਤੇ ਇੱਕ ਤਿੰਨ ਸਾਲਾ ਬੱਚੇ ਨਾਲ ਰਹਿੰਦੀ ਸੀ। ਬੱਸ ਉਸ ਦੀ ਆਪਣੀ ਹੀ ਦੁਨੀਆ ਸੀ। ਮੈਂ, ਮੇਰਾ ਪਤੀ ਤੇ ਮੇਰਾ ਬੱਚਾ। ਉਸ ਦਾ ਪਤੀ ਵੀ ਆਪਣੇ ਆਪ ਨੂੰ ਤਾਜ ਮਹਿਲ ਦਾ ਚੌਕੀਦਾਰ ਸਮਝਦਾ ਸੀ। ਸਾਰਾ ਦਿਨ ਉਸੇ ਦੇ ਪਿੱਛੇ ਘੁੰਮਦਾ ਰਹਿੰਦਾ ਸੀ। ਉਹ ਪਠਾਨਕੋਟ ਨੇੜੇ ਕਿਸੇ ਸਕੂਲ ਦਾ ਅਧਿਆਪਕ ਸੀ। ਸਾਡਾ ਦਫਤਰ ਜੰਮੂ-ਪਠਾਨਕੋਟ ਰੋਡ ਉੱਤੇ ਸੀ। ਉਹ ਲੜਕੀ ਵੀ ਸਾਡੇ ਦਫਤਰ ਵਿੱਚ ਨੌਕਰੀ ਕਰਦੀ ਸੀ। ਮੇਰੇ ਨਾਲ ਕੁਆਰਟਰ ਵਿੱਚ ਮੇਰਾ ਇੱਕ ਦੋਸਤ ਰਹਿੰਦਾ ਸੀ। ਮੇਰੇ ਦੋਸਤ ਦੀਆਂ ਅੱਖਾਂ ਵਿੱਚ ਕੁਦਰਤ ਵੱਲੋਂ ਹਰ ਸਮੇਂ ਥੋੜ੍ਹੀ-ਥੋੜ੍ਹੀ ਜਿਹੀ ਲਾਲੀ ਰਹਿੰਦੀ ਸੀ, ਜਿਸ ਕਰ ਕੇ ਕਈਆਂ ਨੂੰ ਲੱਗਦਾ ਸੀ ਕਿ ਸ਼ਾਇਦ ਕੋਈ ਨਸ਼ਾ ਕਰਦਾ ਹੋਵੇ। ਮੇਰੇ ਬਾਰੇ ਤਾਂ ਪਤਾ ਨਹੀਂ ਉਹ ਕੀ ਸੋਚਦੀ ਹੋਵੇ, ਪ੍ਰੰਤੂ ਉਸ ਬਾਰੇ ਉਸ ਦੀ ਧਾਰਨਾ ਸੀ ਕਿ ਸ਼ਾਇਦ ਕੋਈ ਨਸ਼ੇੜੀ ਜਿਹਾ ਵਿਗੜਿਆ ਲੜਕਾ ਹੈ, ਜਦੋਂ ਕਿ ਉਹ ਬਹੁਤ ਹੀ ਵਧੀਆ ਤੇ ਮਿਲਣਸਾਰ ਇਨਸਾਨ ਸੀ।

ਜਵਾਨੀ ਆਦਮੀ ਕੀ ਮਾਯਾ ਏ
ਇਲਜ਼ਾਮ ਹੋਤੀ ਹੈ,
ਨਿਗਾਹੇਂ ਨੇਕ ਭੀ ਇਸ ਉਮਰ ਮੇਂ
ਬਦਨਾਮ ਹੋਤੀ ਹੈਂ।

ਸੁਣਿਆ ਹੈ, ਜਿਨ੍ਹਾਂ ਕੁੜੀਆਂ ਨੂੰ ਜ਼ਿਆਦਾ ਸੁਹੱਪਣ ਮਿਲਦਾ ਹੈ, ਉਨ੍ਹਾਂ ਨੂੰ ਪ੍ਰਮਾਤਮਾ ਤੋਂ ਜ਼ਿਆਦਾ ਸਿਆਣਪ ਦੀ ਦਾਤ ਨਹੀਂ ਮਿਲਦੀ। ਵੈਸੇ ਉਹ ਸਾਡੇ ਮੱਥੇ ਲੱਗਣਾ ਪਸੰਦ ਨਹੀਂ ਕਰਦੀ ਸੀ, ਫਿਰ ਵੀ ਗੁਆਂਢੀ ਹੋਣ ਨਾਤੇ ਵਿਹੜੇ ਵਿੱਚ ਖੜੀ ਨੂੰ ਨਮਸਤੇ ਕਰ ਦਿੰਦੇ ਤਾਂ ਉਹ ਮੂੰਹ ਦੂਜੇ ਪਾਸੇ ਕਰ ਲੈਂਦੀ ਸੀ।

ਇੱਕ ਦਿਨ ਉਹ ਸਟੂਲ ਉਤੇ ਖੜੋ ਕੇ ਖਿੜਕੀ ਦਾ ਸ਼ੀਸ਼ਾ ਸਾਫ ਕਰ ਰਹੀ ਸੀ ਕਿ ਅਚਾਨਕ ਸ਼ੀਸ਼ਾ ਟੁੱਟਣ ਨਾਲ ਉਸ ਦੀ ਬਾਂਹ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਉਸ ਨੇ ਚੀਕ ਮਾਰੀ। ਮੈਂ ਆਪਣੇ ਦੋਸਤ ਨੂੰ ਕਿਹਾ, ‘‘ਲੱਗਦੈ ਕੋਈ ਹਾਦਸਾ ਹੋਇਐ।’’ ਅਸੀਂ ਦੋਵਾਂ ਨੇ ਘੰਟੀ ਵਜਾਈ, ਉਸ ਦੀ ਕੰਮ ਵਾਲੀ ਨੇ ਬੂਹਾ ਖੋਲ੍ਹਿਆ। ਅਸੀਂ ਵੇਖਿਆ ਕਿ ਉਹ ਦਰਦ ਨਾਲ ਕਰਾਹ ਰਹੀ ਸੀ। ਅਸੀਂ ਉਸ ਨੂੰ ਡਾਕਟਰ ਕੋਲ ਚੱਲਣ ਲਈ ਕਿਹਾ, ਪਰ ਉਹ ਸਾਡੇ ਨਾਲ ਜਾਣ ਲਈ ਤਿਆਰ ਨਹੀਂ ਸੀ। ਅਸੀਂ ਉਸ ਨੂੰ ਕਿਹਾ ਸਾਡੇ ਪ੍ਰਤੀ ਜੋ ਤੁਹਾਡੇ ਮਨ ਦਾ ਗੁੱਸਾ ਗਿਲਾ ਹੈ, ਉਹ ਬਾਅਦ ਵਿੱਚ ਸਮਝ ਲੈਣਾ। ਉਨ੍ਹਾਂ ਦਿਨਾਂ ਵਿੱਚ ਸਕੂਟਰ ਬਹੁਤ ਘੱਟ ਲੋਕਾਂ ਕੋਲ ਹੁੰਦੇ ਸਨ। ਸਾਰੀ ਕਲੋਨੀ ਵਿੱਚ ਸਿਰਫ ਚਾਰ ਸਕੂਟਰ ਸਨ। ਅਸੀਂ ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਸਕੂਟਰ ਉਤੇ ਬਿਠਾਇਆ, ਮੈਂ ਪਿੱਛੇ ਬੈਠ ਕੇ ਉਸ ਦੀ ਬਾਂਹ ਨੂੰ ਸਹਾਰਾ ਦਿੱਤਾ। ਅਸੀਂ ਉਸ ਨੂੰ ਸੁਜਾਨਪੁਰ ਇੱਕ ਡਾਕਟਰ ਕੋਲ ਲੈ ਗਏ। ਓਦੋਂ ਤੱਕ ਖ਼ੂਨ ਬਹੁਤ ਨਿਕਲ ਚੁੱਕਾ ਸੀ। ਬਾਂਹ ਦੀ ਨਸ ਵੱਢੀ ਗਈ ਸੀ। ਡਾਕਟਰ ਨੇ ਟਾਂਕੇ ਲਾਏ ਤੇ ਖ਼ੂਨ ਦੇਣ ਲਈ ਕਿਹਾ। ਅਸੀਂ ਦੋਵਾਂ ਨੇ ਆਪਣਾ ਖ਼ੂਨ ਦਿੱਤਾ। ਕੁਝ ਦਿਨਾਂ ਵਿੱਚ ਉਸ ਦੇ ਜ਼ਖਮ ਭਰ ਗਏ।

ਇਸ ਹਾਦਸੇ ਨਾਲ ਵੀ ਉਸ ਦੇ ਸੁਭਾਅ ਵਿੱਚ ਕੋਈ ਤਬਦੀਲੀ ਨਾ ਆਈ। ਆਕੜ ਤੇ ਹੰਕਾਰ ਉਸੇ ਤਰ੍ਹਾਂ ਕਾਇਮ ਰਿਹਾ, ਸਗੋਂ ਉਸ ਨੇ ਆਪਣੀ ਇੱਕ ਸਹੇਲੀ ਨੂੰ ਕਿਹਾ, ‘‘ਜਿਨ੍ਹਾਂ ਦਾ ਮੈਂ ਮੂੰਹ ਵੇਖਣਾ ਪਸੰਦ ਨਹੀਂ ਸੀ ਕਰਦੀ, ਮੈਨੂੰ ਉਨ੍ਹਾਂ ਵਿਚਕਾਰ ਬੈਠਣਾ ਪਿਆ। ਪਤਾ ਨਹੀਂ ਉਨ੍ਹਾਂ ਦਾ ਖ਼ੂਨ ਵੀ ਕਿਵੇਂ ਦਾ ਹੋਵੇਗਾ?’’

ਪ੍ਰਮਾਤਮਾ ਸ਼ਾਇਦ ਉਸ ਦਾ ਹੰਕਾਰ ਤੋੜਨਾ ਚਾਹੁੰਦਾ ਸੀ। ਇੱਕ ਦਿਨ ਉਸ ਦੀ ਕੰਮ ਵਾਲੀ ਨੇ ਸਾਨੂੰ ਦੱਸਿਆ ਕਿ ‘‘ਮੇਰੀ ਮਾਲਕਣ ਦੇ ਬੱਚੇ ਨੂੰ ਤੇਜ਼ ਬੁਖ਼ਾਰ ਹੋ ਗਿਐ।’’ ਅਸੀਂ ਇੱਕ ਵਾਰ ਫਿਰ ਉਸ ਦੀ ਮਦਦ ਦਾ ਮਨ ਬਣਾ ਲਿਆ। ਮੈਂ ਤਾਂ ਸ਼ਾਇਦ ਢਿੱਲ ਕਰ ਦਿੰਦਾ, ਪਰ ਮੇਰੇ ਦੋਸਤ ਨੇ ਕਿਹਾ, ‘‘ਫਿਰ ਆਪਣੇ ਅਤੇ ਉਸ ਵਿੱਚ ਕੀ ਫਰਕ ਰਹਿ ਜਾਵੇਗਾ।’’

ਬੱਚਾ ਬੁਖ਼ਾਰ ਨਾਲ ਤਪ ਰਿਹਾ ਸੀ। ਅਸੀਂ ਉਸ ਨੂੰ ਨਾਲ ਜਾਣ ਲਈ ਕਿਹਾ, ਪਰ ਉਹ ਨਾ ਮੰਨੀ। ਕਲੋਨੀ ਸ਼ਹਿਰ ਤੋਂ ਦੂਰ ਸੀ। ਸਾਥੋਂ ਬੱਚੇ ਦੀ ਹਾਲਤ ਵੇਖੀ ਨਾ ਗਈ। ਅਸੀਂ ਉਸ ਦੇ ਕੰਮ ਵਾਲੀ ਨੂੰ ਬੱਚਾ ਫੜ ਕੇ ਸਕੂਟਰ ਉੱਤੇ ਬੈਠਣ ਲਈ ਕਿਹਾ, ਉਹ ਮੰਨ ਗਈ। ਅਸੀਂ ਬੱਚੇ ਨੂੰ ਸੁਜਾਨਪੁਰ ਦੇ ਇੱਕ ਡਾਕਟਰ ਦੇ ਘਰ ਲੈ ਗਏ। ਉਸ ਨੇ ਬੱਚੇ ਨੂੰ ਲਿਟਾ ਕੇ ਉਸ ਦੇ ਸਿਰ ਉਤੇ ਠੰਢੇ ਪਾਣੀ ਦੀਆਂ ਪੱਟੀਆਂ ਧਰਨੀਆਂ ਸ਼ੁਰੂ ਕਰ ਦਿੱਤੀਆਂ। ਬੱਚਾ ਆਪਣੀਆਂ ਅੱਖਾਂ ਖੋਲ੍ਹ-ਖੋਲ੍ਹ ਕੇ ਵੇਖ ਰਿਹਾ ਸੀ। ਅਸੀਂ ਸਾਰੇ ਘਬਰਾਏ ਖੜੇ ਸਾਂ ਕਿਉਂਕਿ ਬੱਚੇ ਕੋਲ ਘਰ ਦਾ ਕੋਈ ਮੈਂਬਰ ਜ਼ਰੂਰ ਹੋਣਾ ਚਾਹੀਦਾ ਸੀ। ਅਸੀਂ ਉਸ ਦੀ ਸਲਾਮਤੀ ਦੀ ਦੁਆ ਕਰ ਰਹੇ ਸਾਂ। ਏਨੇ ਨੂੰ ਬੱਚੇ ਦੇ ਮਾਤਾ-ਪਿਤਾ (ਮਾਸਟਰ ਅਤੇ ਮੈਡਮ) ਵੀ ਆ ਗਏ। ਬੱਚੇ ਦਾ ਬੁਖ਼ਾਰ ਥੋੜ੍ਹਾ ਘਟਣ ਤੇ ਡਾਕਟਰ ਨੇ ਉਸ ਨੂੰ ਇੰਜੈਕਸ਼ਨ ਦਿੱਤਾ।

ਅਸੀਂ ਡਾਕਟਰ ਨੂੰ ਦੱਸਿਆ ਕਿ ‘‘ਇਹ ਬੱਚੇ ਦੇ ਮਾਤਾ ਪਿਤਾ ਨੇ।'' ਡਾਕਟਰ ਨੇ ਕਿਹਾ, ‘‘ਕਿਸ ਤਰ੍ਹਾਂ ਦੇ ਮਾਂ-ਬਾਪ ਹੋ ਤੁਸੀਂ? ਬੱਚੇ ਦੇ ਮਾਮਲੇ ਵਿੱਚ ਏਨੀ ਲਾਪਰਵਾਹੀ? ਧੰਨਵਾਦ ਇਨ੍ਹਾਂ ਮੁੰਡਿਆਂ ਦਾ, ਜਿਨ੍ਹਾਂ ਨੇ ਸਮੇਂ ਸਿਰ ਬੱਚੇ ਨੂੰ ਏਥੇ ਲਿਆਂਦਾ, ਨਹੀਂ ਤਾਂ ਕੁਝ ਵੀ ਅਣਹੋਣੀ ਹੋ ਸਕਦੀ ਸੀ। ਬੱਚੇ ਨੂੰ 106 ਡਿਗਰੀ ਬੁਖ਼ਾਰ ਸੀ।’’

ਮੈਡਮ ਨੇ ਕਿਹਾ, ‘‘ਭਰਾ ਜੀ, ਮੁਆਫ ਕਰਨਾ ਮੈਂ ਬਹੁਤ ਸ਼ਰਮਿੰਦਾ ਹਾਂ, ਮੈਂ ਪਤਾ ਨਹੀਂ ਤੁਹਾਡੇ ਬਾਰੇ ਕੀ ਗਲਤ ਸੋਚਦੀ ਰਹੀ, ਤੁਸੀਂ ਤਾਂ ਸਾਡੇ ਲਈ ਫਰਿਸ਼ਤੇ ਬਣੇ ਆਏ ਹੋ। ਸਾਡਾ ਬੱਚਾ ਤੁਹਾਡੀ ਮਿਹਰਬਾਨੀ ਸਦਕਾ ਠੀਕ ਹੋਇਆ ਹੈ, ਸਾਨੂੰ ਦੋਵਾਂ ਨੂੰ ਮੁਆਫ ਕਰ ਦਿਓ।'' ਉਹ ਦੋਵੇਂ ਸਾਡੇ ਪੈਰਾਂ ਨੂੰ ਹੱਥ ਲਾਉਣ ਲੱਗੇ, ਪਰ ਮੇਰੇ ਦੋਸਤ ਨੇ ਫੜ ਲਿਆ। ਮੈਂ ਕਿਹਾ, ‘‘ਮੈਡਮ ਜੀ, ਤੁਸੀਂ ਸਾਥੋਂ ਮੁਆਫੀ ਮੰਗ ਕੇ ਸ਼ਰਮਿੰਦਾ ਨਾ ਕਰੋ। ਅਸੀਂ ਤਾਂ ਬੱਸ ਚੰਗੇ ਗੁਆਂਢੀ ਹੋਣ ਦਾ ਫਰਜ਼ ਨਿਭਾਇਆ ਹੈ। ਬੱਚੇ ਤਾਂ ਰੱਬ ਦਾ ਰੂਪ ਹੁੰਦੇ ਹਨ।’’

ਉਸ ਦਿਨ ਤੋਂ ਬਾਅਦ ਸਾਡੇ ਅਜਿਹੇ ਪਰਵਾਰਕ ਸੰਬੰਧ ਬਣੇ, ਜੋ ਸਾਡੇ ਸੇਵਾਮੁਕਤ ਹੋਣ ਉੱਤੇ ਵੀ ਕਾਇਮ ਹਨ। ਜੇ ਦਿਲ ਵਿੱਚ ਸ਼ਰਧਾ ਅਤੇ ਭਾਵਨਾ ਹੋਵੇ ਤਾਂ ਤੁਸੀਂ ਕਿਸੇ ਦਾ ਵੀ ਹਿਰਦਾ ਪਰਿਵਰਤਨ ਕਰ ਸਕਦੇ ਹੋ।


ROYAL CANADIAN Family CIRCUS
UNDER THE BIG TOP
Run Away to the Circus for a Day!
BRING THIS AD TO THE BIG TOP BOX OFFICE BUY 2 FOR THE PRICE OF 1
ALL NEW SHOW
MISSISSAUGA - Sheridan Centre
AUGUST 1 – 5
ETOBICOKE • JULY 18 – 21
SCARBOROUGH • JULY 25 – 28
BURLINGTON • AUGUST 9 – 11
MILTON • AUGUST 15 – 18
Spectac! 2019
BUY 2 FOR THE PRICE OF 1
www.royalcanadiancircus.ca
PROMO CODE: punjabi
"DISCOUNT AVAILABLE ON GENERAL ADMISSION TICKETS ONLY"
Tickets: Sheridan Centre "Rush For Men"
• Woodbine Mall - Guest Services Info Desk
• Bridlewood Mall Management Office
OR: On-site Circus Box Office (on day of performance) - Cash Sales Only
NOTICE – DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*
*ACTS SUBJECT TO CHANGE.


African Lion Safari®
Canada's Original Safari Adventure™
GET CLOSER
Celebrating 50 WILD years!
OPEN DAILY MAY 4 - SEPTEMBER 29, 2019
Save up to $18.00*
*Valid for $3.00 off any regular admission. Offer valid to a maximum of six (6) persons per vehicle. Only one coupon or discount per family vehicle accepted. Cannot be used in conjunction with any other offer. Coupon must be presented at time of ticket purchase. Discounts of any kind will not be accepted after payment has been finalized. No cash value. Not valid for groups. Valid until September 29, 2019.
C0022
Located One Hour West of Toronto. 1386 Cooper Road, Hamilton, Ontario
VISIT LIONSAFARI.COM AND PLAN YOUR TRIP TODAY!


afc
ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com
#1 Top Ranked Broker
**2016,2015,2014,2013 **(2009,2008) 2012,2011,2010) **RE/MAX International (2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਵੈਨ ਕ੍ਰਕ/ਵੇਨਲੈਸ/ਮੇਅਫਿਲਡ
ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡੀਟੈਚਡ ਘਰ। ਫਿਨੀਸ਼ਡ ਬੇਸਮੈਂਟ ਲਈ ਸੇਪਰੇਟ ਏਨਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਲਗਭਗ ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ, ਬਹੁਤ ਹੀ ਪਿਆਰੀ ਇਟ ਇਨ ਕਿਚਨ ਵਿੱਚ ਗਰੇਨਾਈਟ ਕਾਊਂਟਰ ਟਾਪ। ਘਰ ਤਾਜਾ ਪੈਂਟ ਕੀਤਾ ਹੈ

BRAMPTON
410/ ਵਿਲਿਅਮ ਪਾਰਕਵੇ
ਬਹੁਤ ਹੀ ਸੋਹਣਾ 5 ਲੇਵਲ ਬੈਕਸਪਲਿਟ, 4+2 ਬੈਡਰੂਮ ਅਤੇ 3 ਵਾਸ਼ਰੂਮ ਦਾ ਸੇਮੀ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਏਨਟਰੈਂਸ, ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਹਾਈਵੇ 410, ਸਕੂਲ, ਪਾਰਕ, ਪਲਾਜ਼ਾ ਆਦਿ ਦੇ ਨੇੜੇ, ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ।

BRAMPTON
ਬੋਵੇਰਡ/ਚਿੰਗੂਜੀ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON
ਸੈਂਟ ਏਡਰੀਉ/ ਹਾਈਵੇ 24
ਕੇਲਡਨ ਵਿੱਚ ਲਗਭਗ 2.52 ਏਕੜ ਵਿੱਚ ਬਹੁਤ ਹੀ ਸੋਹਣਾ 4+2 ਬੈਡਰੂਮ + 5 ਵਾਸ਼ਰੂਮ+3 ਕਾਰ ਗਰਾਜ + 14 ਕਾਰ ਪਾਰਕਿੰਗ ਦੇ ਨਾਲ ਹੀ ਬਹੁਤ ਹੀ ਸੋਹਣੀ ਲੈਂਡਸਕੇਪਿੰਗ ਕੀਤੀ ਹੈ। ਫਿਨੀਸ਼ਡ ਬੇਸਮੈਂਟ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। 24x36 L shaped ਦਾ ਹੀਟਿਡ ਪੂਲ ।

BRAMPTON
ਡਿਕਸੀ/ ਕੰਟਰੀਸਾਈਡ
ਵਧੀਆ ਤੇ ਸਾਫ ਸੁਥਰਾ ਸੇਮੀ ਡੀਟੈਚਡ ਘਰ, 2014 ਵਿੱਚ ਬਣਿਆ 3 ਬੈਡਰੂਮ ,3 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੂਡ ਅਤੇ ਲੈਮੀਨੇਟ ਫਲੋਰ, ਮਾਸਟਰ ਬੈਡਰੂਮ 4 ਪੀਸ ਈਨਸੂਟ, ਬਹੁਤ ਸੋਹਣੀ ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ ।

BRAMPTON
ਏਅਰਪੋਰਟ ਰੋਡ/ਸੈਂਡਲਵੂਡ
SOLD AT 99% OF ASKING PRICE



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ
KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ
Free Estimate
100% Satisfaction
We Specialize in granite, quartz & marble countertops
KITCHEN CABINET
WASHROOM
- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931



REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife
Signature.ca
tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat sunwing AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



UPPAL LAW
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677